Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-6, ਅੰਕ-4, ਅਪ੍ਰੈਲ 2016
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਭਾਰਤੀ ਯੂਨੀਵਰਸਿਟੀਆਂ 'ਤੇ ਭਗਵੇਂ ਫਾਸ਼ੀਵਾਦ ਦਾ ਹਮਲਾ



**ਹਰਬੰਸ ਸਿੰਘ**

22 ਮਾਰਚ ਨੂੰ ਹੈਦਰਾਬਾਦ ਯੂਨੀਵਰਸਿਟੀ ਵਿੱਚ ਸੰਘ ਪਰਿਵਾਰ ਅਤੇ ਭਾਜਪਾ ਸਰਕਾਰ ਦੁਆਰਾ ਦਲਿਤ ਆਗੂ ਰੋਹਿਤ ਵੈਮੁਲਾ ਲਈ ਇਨਸਾਫ ਮੰਗ ਰਹੇ ਵਿਦਿਆਰਥੀਆਂ ਅਧਿਆਪਕਾਂ ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਇਨਸਾਫ ਦੀ ਮੰਗ ਕਰ ਰਹੇ ਵਿਦਿਆਰਥੀਆਂ ਉਪਰ ਕੇਂਦਰੀ ਅਤੇ ਸੂਬਾ ਸਰਕਾਰ ਦੇ ਨਿਰਦੇਸ਼ਾਂ ਤੇ ਪੁਲਿਸ, ਰੈਪਿਡ ਐਕਸ਼ਨ ਫੋਰਸ, ਕੇਂਦਰੀ ਸੁਰੱਖਿਆ ਪੁਲਿਸ ਫੋਰਸ ਅਤੇ ਹੋਰ ਸੁਰੱਖਿਆ ਦਸਤਿਆਂ ਵੱਲੋਂ ਲਾਠੀਚਾਰਜ ਦੇ ਨਾਲ-ਨਾਲ ਪੁਰਸ਼ ਕਰਮਚਾਰੀਆਂ ਵੱਲੋਂ ਲੜਕੀਆਂ ਨਾਲ ਮੰਦਭਾਵਨਾ ਨਾਲ ਖਿੱਚ ਧੂਹ ਕੀਤੀ ਗਈ। ਗਾਲੀ ਗਲੋਚ ਵਾਲੀ ਸ਼ਬਦਾਵਲੀ ਵਰਤਦੇ ਹੋਏ ਵਿਦਿਆਰਥੀਆਂ ਨੂੰ ਦੇਸ਼ਧ੍ਰੋਹੀ ਤੱਕ ਕਿਹਾ ਗਿਆ। ਕੈਂਪਸ ਵਿੱਚ ਹਾਜ਼ਰ ਬਾਕੀ ਵਿਦਿਆਰਥੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਅਤੇ ਮੋਬਾਇਲ ਫੋਨ ਵੀ ਨਸ਼ਟ ਕੀਤੇ ਗਏ। ਜ਼ਬਰੀ ਕੈਂਪਸ ਖਾਲੀ ਕਰਵਾ ਕੇ ਵਿਦਿਆਰਥੀਆਂ ਨੂੰ 2-2 ਕਿਲੋਮੀਟਰਾਂ ਤੱਕ ਦੌੜਾਕੇ ਫੜਿਆ ਅਤੇ ਗ੍ਰਿਫਤਾਰ ਕੀਤਾ ਗਿਆ। ਹੋਸਟਲਾਂ ਦੇ ਕਮਰਿਆਂ ਦੀ ਜ਼ਬਰੀ ਤਲਾਸ਼ੀ ਦੌਰਾਨ ਅੰਬੇਦਕਰ, ਮਾਰਕਸ, ਲੈਨਿਨ, ਸ਼ਹੀਦ ਭਗਤ ਸਿੰਘ ਦੀਆਂ ਕਿਤਾਬਾਂ ਰੱਖਣ ਵਾਲੇ ਵਿਦਿਆਰਥੀਆਂ ਨੂੰ ਖਾਸ ਨਿਸ਼ਾਨਾ ਬਣਾਇਆ ਗਿਆ। 36 ਵਿਦਿਆਰਥੀ, 3 ਪ੍ਰੋਫੈਸਰਾਂ ਨੂੰ ਗੈਰ-ਕਾਨੂੰਨੀ ਅਗਵਾ ਕਰਕੇ ਕੁੱਟਮਾਰ ਕੀਤੀ ਗਈ। ਕੈਂਪਸ ਅਤੇ ਹੋਸਟਲ ਦਾ ਬਿਜਲੀ ਪਾਣੀ ਬੰਦ, ਇੰਟਰਨੈਟ ਵੀ ਬੰਦ, ਕੈਨਟੀਨ, ਖਾਣਾ ਮੈਸ ਵੀ ਜਬਰੀ ਬੰਦ ਕਰ ਦਿੱਤੀਆਂ ਗਈਆਂ ਹਨ। ਸੰਘ ਪਰਿਵਾਰ ਨਾਲ ਸਬੰਧਤ ਲੋਕਾਂ ਵੱਲੋਂ ਮਹਿਲਾ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਨੂੰ ਬਲਾਤਕਾਰ ਦੀਆਂ ਧਮਕੀਆਂ ਵੀ ਮਿਲ ਰਹੀਆਂ ਹਨ। ਰੋਹਿਤ ਵੈਮੁਲਾ ਕੇਸ ਵਿੱਚ ਦੋਸ਼ੀ ਸਮਝੇ ਜਾਂਦੇ ਸਰਕਾਰ ਦੀ ਕਠਪੁਤਲੀ ਵਾਇਸ ਚਾਂਸਲਰ ਪੀ ਅੱਪਾਰਾਓ ਦੇ ਦੁਬਾਰਾ ਡਿਊਟੀ ਆਉਣ ਬਾਅਦ ਹੀ ਯੂਨੀਵਰਸਿਟੀ ਦੇ ਹਾਲਾਤ ਫਿਰ ਖਰਾਬ ਹੋਏ ਹਨ ਜਿਸ ਨੂੰ ਕਿ ਰੋਹਿਤ ਦੀ ਮੌਤ ਬਾਅਦ ਛੁੱਟੀ ਭੇਜ ਦਿੱਤਾ ਗਿਆ ਸੀ। ਇਸ ਖਿਲਾਫ ਰੋਹਿਤ ਮੌਤ ਦੀ ਇਨਕੁਆਰੀ ਚਲ ਰਹੀ ਹੈ ਅਤੇ ਚਲਦੀ ਇਨਕੁਆਰੀ ਇਸਦਾ ਵੀ ਸੀ ਦਾ ਚਾਰਜ਼ ਲੈਣਾ ਗੈਰ-ਕਾਨੂੰਨੀ ਹੈ ਕਿਉਂਕਿ ਪਹਿਲਾਂ ਹੀ ਇਸ ਉਪਰ ਕੇਸ ਨਾਲ ਸਬੰਧਤ ਦਸਤਾਵੇਜ਼ਾਂ ਨਾਲ ਛੇੜ-ਛਾੜ ਕਰਨ ਉਤੇ ਕੁਝ ਕਾਗਜ਼ ਗਾਇਬ ਕਰਨ ਦਾ ਦੋਸ਼ ਹੈ। ਕੇਸ ਨੂੰ ਪ੍ਰਭਾਵਿਤ ਕਰਨ ਲਈ ਵਾਇਸ ਚਾਂਸਲਰ ਅੱਪਾਰਾਓ ਤੇ ਵਿਦਿਆਰਥੀਆਂ ਨੂੰ ਡਰਾਉਣ ਧਮਕਾਉਣ ਦਾ ਵੀ ਦੋਸ਼ ਹੈ। ਵਿਦਿਆਰਥੀਆਂ, ਪ੍ਰੋਫੈਸਰਾਂ ਅਤੇ ਯੂਨੀਵਰਸਿਟੀ ਦੇ ਮੁਲਾਜ਼ਮਾਂ ਦੀ ਰੋਹਿਤ ਵੈਮੁਲਾ ਲਈ ਇਨਸਾਫ ਪ੍ਰਾਪਤੀ ਲਈ ਬਣੀ ਸਾਂਝੀ ਐਕਸ਼ਨ ਕਮੇਟੀ ਵਾਇਸ ਚਾਂਸਲਰ ਅੱਪਾਰਾਓ ਦੀ ਮੁੜ ਬਹਾਲੀ ਦਾ ਵਿਰੋਧ ਕਰ ਰਹੀ ਹੈ।

ਯਾਦ ਰਹੇ ਕਿ ਪਿਛਲੇ ਸਮੇਂ ਤੋਂ ਸੰਘ ਪਰਿਵਾਰ ਅਤੇ ਭਾਜਪਾ ਸਰਕਾਰ ਵੱਲੋਂ ਵਿਦਿਆ ਦੇ ਖੇਤਰ ਦਾ ਭਗਵਾਂਕਰਨ ਕਰਨ ਲਈ ਦੇਸ਼ ਦੇ ਇਤਿਹਾਸ ਨਾਲ ਤੋੜ-ਮਰੋੜ ਕਰਨ ਦੇ ਨਾਲ ਨਾਲ ਸਿਲੇਬਸਾਂ ਨੂੰ ਬਦਲਿਆ ਜਾ ਰਿਹਾ ਹੈ। ਇਸ ਤੱਥਾਂ ਤੋਂ ਕੋਰੇ ਬਦਲਾਅ ਦਾ ਪ੍ਰਤੀਕਰਮ ਕਰਨ ਵਾਲੇ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਨੂੰ ਫਾਸ਼ੀਵਾਦੀ ਤਰੀਕੇ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਰੇ ਵਰਗਾਂ ਖਿਲਾਫ ਦਮਨ ਅਤੇ ਅਸਹਿਨਸ਼ੀਲਤਾ ਵਾਲੀ ਇਸ ਰਾਜਨੀਤੀ ਖਿਲਾਫ ਬਹੁਤ ਸਾਰੇ ਬੁੱਧੀਜੀਵੀਆਂ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਆਪਣੇ ਐਵਾਰਡ ਵਾਪਸ ਕਰਕੇ ਵਿਰੋਧ ਦਾ ਪ੍ਰਗਟਾਵਾ ਕੀਤਾ ਹੈ। ਹੁਣ ਦੇਸ਼ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਤੇ ਆਪਣੀ ਭਗਵਾਂ ਫਾਸ਼ੀਵਾਦੀ ਏਜੰਡਾ ਲਾਗੂ ਕਰਨ ਅਤੇ ਆਪਣੀ ਵਿਦਿਆਰਥੀ ਪ੍ਰੀਸ਼ਦ ਜੱਥੇਬੰਦੀ ਦਾ ਗਲਬਾ ਕਾਇਮ ਕਰਨ ਲਈ ਹੱਲਾ ਬੋਲ ਦਿੱਤਾ ਹੈ। ਹੈਦਰਾਬਾਦ ਯੂਨੀਵਰਸਿਟੀ ਵਿੱਚ ਇਸ ਦੇ ਦਮਨ ਚੱਕਰ ਦਾ ਸ਼ਿਕਾਰ ਅੰਬੇਦਕਰ ਜੱਥੇਬੰਦੀ ਦੇ ਦਲਿਤ ਕਾਰਜਕਰਤਾ ਰੋਹਿਤ ਵਾਮੁਲਾ ਬਣਿਆ ਜਿਸ ਨੂੰ ਗੈਰ-ਜਮਹੂਰੀ ਤਰੀਕੇ ਨਾਲ ਯੂਨੀਵਰਸਿਟੀ ਵਿੱਚੋਂ ਬੇਦਖਲ ਕਰਕੇ ਝੂਠੇ ਕੇਸਾਂ ਵਿੱਚ ਉਲਝਾਇਆ ਗਿਆ। ਇਸ ਦਮਨ ਦੇ ਖਿਲਾਫ ਰੋਸ ਵੱਜੋਂ ਉਸਨੂੰ ਖੁਦਕੁਸ਼ੀ ਵਾਲਾ ਰਸਤਾ ਅਪਨਾਉਣਾ ਪਿਆ। ਰੋਹਿਤ ਵੈਮੁਲਾ ਖਿਲਾਫ ਫੁੱਟੇ ਵਿਦਿਆਰਥੀ ਰੋਸ ਲਹਿਰ ਨੂੰ ਦਬਾਉਣ ਲਈ ਦਮਨ ਚੱਕਰ ਜਾਰੀ ਹੈ। ਇਹ ਗੱਲ ਅਜੇ ਠੰਡੀ ਨਹੀਂ ਸੀ ਹੋਈ ਕਿ ਦਿੱਲੀ ਦੀ 'ਜਵਾਹਰ ਲਾਲ ਯੂਨੀਵਰਸਿਟੀ' ਇਸ ਦਾ ਨਿਸ਼ਾਨਾ ਬਣੀ ਜਿਥੇ ਇੱਕ ਝੂਠੇ ਵੀਡੀਓ ਕਲਿਪ ਦਾ ਸਹਾਰਾ

(ਬਾਕੀ ਸਫ਼ਾ 11 'ਤੇ)



5

ਵੋਟ ਸਿਆਸਤਦਾਨਾਂ ਦੇ ਕੁਰਸੀ ਭੇੜ ਨੇ ਝੁਲਾਇਆ ਝੱਖੜ


12

ਭਾਜਪਾ ਦੀ ਸਰਕਾਰ, ਮਜ਼ਦੂਰਾਂ ਦੇ ਹੱਕ ਦਰਕਿਨਾਰ


19

ਮੱਧ ਪੂਰਬ ਦਾ ਸੰਕਟ, ਸਾਮਰਾਜੀ ਸ਼ਾਜਿਸ਼ਾਂ ਤੇ ਸਾਡਾ ਵਰਤਮਾਨ ਸਮਾਂ


26

ਜੁਝਾਰਵਾਦੀ ਕਵਿਤਾ ਦੇ ਵਿਭਿੰਨ ਪਾਸਾਰ

SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP

Sherjang Singh Rana
416.910.9000

Ravinder Singh Basra
416.845.6232
www.punjabinsurance.ca

ਡਾ: ਹਰਦੀਪ ਸਿੰਘ,
ਗੁਐਲ.ਫ, ਓਨਟਾਰੀਓ

# ਸ਼ਹੀਦ ਸੁਖਦੇਵ ਦਾ ਜਨਮ ਸਥਾਨ, ਪਰਿਵਾਰ ਤੇ ਮੌਜੂਦਾ ਵੰਸ਼ਜ

23 ਮਾਰਚ ਦੇ ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਦੇ ਨਾਲ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਜਾਨ ਵਾਰ ਦੇਣ ਵਾਲੇ ਸ਼ਹੀਦ ਸੁਖਦੇਵ, ਪੰਜਾਬ ਦੇ ਲੁਧਿਆਣਾ ਮੁਹੱਲਾ ਨੌਘਰਾ ਦੇ ਨਿਵਾਸੀ ਸਨ। ਮੁਹੱਲਾ ਨੌਘਰਾ ਸਥਿਤ ਮਕਾਨ ਬੀ-4/1848 ਵਿਖੇ ਪਿਤਾ ਰਾਮ ਲਾਲ ਥਾਪਰ ਦੇ ਘਰ, 15 ਮਈ 1907 ਨੂੰ ਮਾਤਾ ਰਲੀ ਦੇਈ ਨੇ ਇਸ ਮਹਾਨ ਕੌਮੀ ਨਾਇਕ ਨੂੰ ਜਨਮ ਦਿੱਤਾ। ਪਿਤਾ ਸ੍ਰੀ ਰਾਮਲਾਲ ਥਾਪਰ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਵਿਖੇ ਵੱਡੇ ਭਰਾ ਲਾਲਾ ਅਚਿੰਤ ਰਾਮ ਥਾਪਰ ਨਾਲ ਸਾਂਝਾ ਕਾਰੋਬਾਰ ਕਰ ਰਹਿ ਰਹੇ ਸਨ। ਸੁਖਦੇਵ ਅਜੇ ਤਿੰਨ ਸਾਲਾਂ ਦੇ ਹੀ ਸਨ ਜਦੋਂ ਪਿਤਾ ਸਾਰੇ ਪਰਿਵਾਰ ਨੂੰ ਲਾਇਲਪੁਰ ਹੀ ਲੈ ਗਏ। ਸੁਖਦੇਵ ਤੋਂ ਤਿੰਨ ਕੁ ਵਰ੍ਹੇ ਬਾਅਦ, ਭਰਾ ਮਥਰਾ ਦਾਸ ਥਾਪਰ ਦਾ ਜਨਮ ਹੋਇਆ। 1910 ਵਿਚ ਪਿਤਾ ਅਕਾਲ ਚਲਾਣਾ ਕਰ ਗਏ। ਤਾਇਆ ਲਾਲ ਅਚਿੰਤ ਰਾਮ ਥਾਪਰ ਨੇ ਸੁਖਦੇਵ ਨੂੰ ਬਚਪਨ ਤੋਂ ਲੈ ਕੇ ਫਾਂਸੀ ਤੱਕ ਪਿਤਾ ਦਾ ਅਥਾਹ ਪਿਆਰ ਦਿੱਤਾ। ਲਾਲਾ ਅਚਿੰਤ ਰਾਮ ਆਪ ਵੀ, ਸਿਰਕੱਢ ਆਜ਼ਾਦੀ ਘੁਲਾਟੀਏ ਅਤੇ ਸ਼ਹੀਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੇ ਸਾਥੀ ਸਨ। ਲਾਇਲਪੁਰ ਵਿਖੇ ਇਕ ਦੂਜੇ ਘਰ ਆਵਾਜਾਈ ਕਾਰਨ ਬਾਲ ਸੁਖਦੇਵ ਅਤੇ ਭਗਤ ਸਿੰਘ ਬਚਪਨ ਵਿਚ ਹੀ ਦੋਸਤ ਬਣ ਗਏ ਹਨ।

ਲਾਲਾ ਅਚਿੰਤ ਰਾਮ ਦੀ ਵੱਡੀ ਬੇਟੀ ਗੋਰਾਂ ਦੇਵੀ, ਜਿਸਨੇ ਸੁਖਦੇਵ ਨੂੰ ਗੋਦੀ ਖਿਡਾਇਆ, ਸੁਖਦੇਵ ਤੋਂ ਸੱਤ ਸਾਲ ਵੱਡੀ ਸੀ। ਜਦੋਂ ਸੁਖਦੇਵ ਵੀ ਲਾਹੌਰ ਹੀ ਪੜ੍ਹਦੇ ਸਨ, ਭੈਣ ਗੋਰਾਂ ਦੇਵੀ ਦੇ ਲਾਹੌਰ ਵਿਖੇ ਸਹੁਰੇ ਘਰ ਸੁਖਦੇਵ ਦੀ ਕਾਫ਼ੀ ਆਉਣੀ ਜਾਣੀ ਰਹੀ ਅਤੇ 1947 ਦੀ ਵੰਡ ਤੋਂ ਬਾਅਦ ਇਹ ਪਰਿਵਾਰ ਰੋਹਤਕ ਵਸ ਗਿਆ। 100 ਵਰ੍ਹੇ ਦੀ ਜ਼ਿੰਦਗੀ ਦੌਰਾਨ ਲਾਡਲੇ ਭਰਾ ਦੀਆਂ ਯਾਦਾਂ ਦਿਲ ਵਿਚ ਸਮੋਈ, ਸੰਨ 2000 ਵਿਚ ਸੰਸਾਰ ਨੂੰ ਅਲਵਿਦਾ ਕਹਿ ਗਏ। ਭੈਣ ਕ੍ਰਿਸ਼ਨਾ ਦੇਵੀ ਸੁਖਦੇਵ ਦੀ ਸ਼ਹਾਦਤ ਸਮੇਂ, ਦਸ ਕੁ ਸਾਲ ਦੇ ਸਨ ਅਤੇ ਸਾਰੀ ਉਮਰ 'ਸਮਾਜ ਭਲਾਈ ਵਿਭਾਗ, ਪੰਜਾਬ' ਦੀ ਸੇਵਾ ਕਰਕੇ ਰਿਟਾਇਰ ਹੋਏ। 1998 ਵਿਚ ਇਸ ਲੇਖਕ ਨੂੰ ਮਿਲਣ ਵੇਲੇ, ਇਹ ਭੈਣ, ਜੇਲ੍ਹ-ਮਿਲਣੀ ਦੀਆਂ ਧੁੰਦਲੀਆਂ ਯਾਦਾਂ ਸਾਂਝੀਆਂ ਕਰਦੀ ਰਹੀ। ਸੰਨ 1999 ਵਿਚ ਇਹ ਵੀ ਸਾਡੇ ਤੋਂ ਸਦਾ ਲਈ ਵਿਛੜ ਗਏ। ਸੁਖਦੇਵ ਵਾਸਤੇ ਤਾਇਆ ਜੀ ਦੇ ਬੇਟੇ ਸ੍ਰੀ ਪ੍ਰਕਾਸ਼, ਜਗਦੀਸ਼ ਅਤੇ ਭੈਣਾਂ ਕ੍ਰਿਸ਼ਨਾ ਦੇਵੀ, ਸ਼ਾਂਤਾ ਦੇਵੀ ਕਿਸੇ ਗੱਲੋਂ ਵੀ ਮਾਂ ਜਾਏ ਭਰਾ ਮਥਰਾ ਦਾਸ ਨਾਲੋਂ ਘੱਟ ਨਹੀਂ ਸਨ। ਚਚੇਰੀ ਭੈਣ ਸ਼ਾਂਤਾ ਦੇਵੀ, ਜੋ ਸੁਖਦੇਵ ਦੀ ਸ਼ਹਾਦਤ ਵੇਲੇ ਸੱਤ ਕੁ ਸਾਲ ਦੀ ਸੀ, ਲੁਧਿਆਣਾ ਦੇ ਪ੍ਰਸਿੱਧ ਐਡਵੋਕੇਟ ਸ੍ਰੀ ਮੋਹਣ ਲਾਲ ਝਾਂਜੀ ਨਾਲ ਵਿਆਹੀ ਗਈ। ਪਰਿਵਾਰਕ ਯਾਦਾਂ ਕਲਮਬੰਦ ਕਰਨ ਵਿਚ ਇਨ੍ਹਾਂ ਵਲੋਂ ਵੀ ਲੇਖਕ ਨੂੰ ਕਾਫ਼ੀ ਪ੍ਰੇਰਣਾ ਪ੍ਰਾਪਤ ਹੋਈ ਅਤੇ 2000 ਸੰਨ ਵਿਚ ਅਕਾਲ ਚਲਾਣਾ ਕਰ ਗਈ।

ਸਿਰਫ਼ ਤਿੰਨ ਸਾਲ ਛੋਟੇ, ਸਕੇ ਭਰਾ ਸ੍ਰੀ ਮਥਰਾ ਦਾਸ ਨੂੰ ਸੁਖਦੇਵ ਦੇ ਜੀਵਨ ਕਾਲ ਦਾ ਕਾਫ਼ੀ ਸਮਾਂ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। 1925 ਵਿਚ ਸੁਖਦੇਵ ਨੈਸ਼ਨਲ ਕਾਲਜ ਲਾਹੌਰ ਦੇ ਬੀ. ਏ. ਫਾਇਨਲ ਦੇ ਵਿਦਿਆਰਥੀ ਸਨ, ਉਨ੍ਹਾਂ ਨੌਵੀਂ ਪੜ੍ਹਦੇ ਇਸ ਛੋਟੇ ਭਰਾ ਨੂੰ ਲਾਹੌਰ ਬੁਲਾ ਕੇ 'ਡਾਇਮੰਡ ਜੁਬਲੀ ਟੈਕਨੀਕਲ ਇੰਸਟੀਚਿਊਟ' ਵਿਚ ਦਾਖਲ ਕਰਵਾ ਦਿੱਤਾ। ਆਪ ਹੋਸਟਲ ਛੱਡਕੇ, ਬਾਹਰ ਮਕਾਨ ਲੈ ਕੇ ਭਰਾ ਨੂੰ ਨਾਲ ਹੀ ਰੱਖਿਆ। ਇਥੇ ਰਹਿ ਕੇ ਮਥਰਾ ਦਾਸ ਜੀ ਨੂੰ ਭਗਤ ਸਿੰਘ, ਚੰਦਰ ਸ਼ੇਖ਼ਰ ਆਜ਼ਾਦ, ਭਗਵਤੀਚਰਨ ਵੋਹਰਾ ਤੇ ਹੋਰ ਇਨਕਲਾਬੀਆਂ ਦੇ ਸਾਥ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦੀਆਂ ਰੋਜ਼ ਹੁੰਦੀਆਂ ਸਿਆਸੀ ਬਹਿਸਾਂ ਵਿਚ ਵੀ ਮਥਰਾ ਦਾਸ ਜੀ ਨੂੰ ਵੀ ਰੋਚਕ ਲੱਗਣ ਲੱਗੀਆਂ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਉਹ ਸਿਰਫ਼ ਪਰਿਵਾਰਕ ਹੀ ਨਹੀਂ ਸਗੋਂ ਸੁਖਦੇਵ ਦੇ ਵਿਦਿਆਰਥੀ, ਇਨਕਲਾਬੀ ਸਿਆਸੀ ਜੀਵਨਕਾਲ ਦੇ ਨੇੜਲੇ ਇਤਿਹਾਸਕ ਗਵਾਹ ਸਨ।

ਪੜ੍ਹਾਈ ਤੋਂ ਬਾਅਦ, ਮਥਰਾ ਦਾਸ ਜੀ ਨੇ ਪੰਜਾਬ ਸਰਕਾਰ ਦੇ ਸੈਨੇਟਰੀ ਵਿਭਾਗ ਵਿਚ ਇੰਜੀਨੀਅਰ ਦੀ ਨੌਕਰੀ ਕਰ ਲਈ।



ਘਰੇਲੂ ਜ਼ਿੰਮੇਵਾਰੀ ਦੇ ਨਾਲ ਨਾਲ ਵੀ ਉਹ ਹਮੇਸ਼ਾ ਸੁਖਦੇਵ ਦੀਆਂ ਇਨਕਲਾਬੀ ਸਰਗਰਮੀਆਂ ਦੇ ਸਾਥੀ ਰਹੇ। ਸਾਂਝੇ ਪਰਿਵਾਰ ਦੀ ਆਮਦਨ ਦਾ ਸਰੋਤ, ਲਾਇਲਪੁਰ ਦੀ ਆਟਾ ਮਿੱਲ ਨੂੰ ਅੰਗਰੇਜ਼ ਹਕੂਮਤ ਨੇ ਬਰਬਾਦ ਕਰਕੇ ਬੇਦਖਲ ਕਰ ਦਿੱਤਾ। ਉਨ੍ਹਾਂ ਨੂੰ ਸਰਕਾਰੀ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ ਅਤੇ 2 ਮਾਰਚ 1930 ਦੇ ਬੰਬ ਧਮਾਕੇ ਦੇ ਸਿਲਸਿਲੇ ਵਿਚ ਜੇਲ੍ਹ ਵੀ ਜਾਣਾ ਪਿਆ। ਸੁਖਦੇਵ, ਭਗਤ ਸਿੰਘ, ਰਾਜਗੁਰੂ ਨੂੰ ਵੀ ਇਹ ਲਾਹੌਰ ਜੇਲ੍ਹ ਵਿਚ ਮਿਲਦੇ ਰਹੇ। 1931 ਵਿਚ ਤਿੰਨਾਂ ਦੀ ਫਾਂਸੀ ਤੋਂ ਬਾਅਦ ਵੀ ਪੁਲਿਸ ਮਥਰਾ ਦਾਸ ਤੇ ਪਰਿਵਾਰ ਨੂੰ ਤੰਗ ਕਰਦੀ ਰਹੀ। ਆਖਿਰ ਉਨ੍ਹਾਂ ਨੇ ਸਹਾਰਨਪੁਰ ਅਤੇ ਹਾਪੁੜ ਵਿਖੇ ਇੰਜੀਨੀਅਰ ਦੀ ਪ੍ਰਾਈਵੇਟ ਨੌਕਰੀ ਕਰਕੇ ਗੁਜ਼ਾਰਾ ਕਰਨਾ ਪਿਆ। ਪ੍ਰਾਈਵੇਟ ਫੈਕਟਰੀਆਂ ਦੀ ਨੌਕਰੀ ਦੌਰਾਨ ਵੀ ਪੁਲਿਸ ਤੰਗ ਪ੍ਰੇਸ਼ਾਨ ਕਰਨ ਪਹੁੰਚਦੀ ਰਹੀ। ਉਥੇ ਨੌਕਰੀ ਕਰਦੇ, ਉਹ ਆਪਣੀ ਧਰਮ-ਪਤਨੀ ਸ੍ਰੀਮਤੀ ਸੰਤੋਸ਼ ਥਾਪਰ ਨਾਲ ਹਾਪੁੜ ਵਿਖੇ ਹੀ ਵਸ ਗਏ। ਇਨਕਲਾਬੀਆਂ ਪ੍ਰਤੀ ਲੋਕਾਂ ਦੀ ਬੇਰੁਖੀ ਉਨ੍ਹਾਂ ਨੂੰ ਹਮੇਸ਼ਾ ਖਟਕਦੀ ਸੀ, ਇਸੇ ਲਈ ਉਨ੍ਹਾਂ ਨੇ ਲੇਖਾਂ ਰਾਹੀਂ ਅਤੇ ਪ੍ਰਕਾਸ਼ਨਾ ਰਾਹੀਂ, ਇਨਕਲਾਬੀਆਂ ਪ੍ਰਤੀ ਇਤਿਹਾਸਕ ਗਵਾਹੀ ਕਲਮਬੰਦ ਕਰਨ ਦੀ ਸੇਵਾ ਨਿਭਾਈ। ਮੁਹੱਲਾ ਨੌਘਰਾ (ਲੁਧਿਆਣਾ) ਸਥਿਤ, ਸ਼ਹੀਦ ਸੁਖਦੇਵ ਦੇ ਜਨਮ ਸਥਾਨ ਨੂੰ ਕੌਮੀ ਯਾਦਗਾਰ ਵਜੋਂ ਸੰਭਾਲਣ ਲਈ, ਉਹ ਇਸ ਘਰ ਦੇ ਸਾਹਮਣੇ ਇਕ ਸ਼ਿਲਾਲੇਖ ਰਾਹੀਂ ਜ਼ਿੰਮੇਵਾਰੀ ਦੇਸ਼-ਵਾਸੀਆਂ ਸਿਰ ਧਰ ਗਏ। ਸੰਨ 1995 ਵਿਚ ਉਹ ਸੰਸਾਰ ਨੂੰ ਅਲਵਿਦਾ ਕਹਿ ਗਏ।

**ਜਨਮ ਸਮਾਰਕ ਸ਼ਹੀਦ ਸੁਖਦੇਵ ਜਨਮ ਸਥਾਨ-ਮੁਹੱਲਾ ਨੌਘਰਾ (ਲੁਧਿਆਣਾ)**

ਸੰਨ 2004 ਪੰਜਾਬ ਦੇ ਲੁਧਿਆਣਾ ਮੁਹੱਲਾ ਨੌਘਰਾ ਸਥਿਤ ਮਕਾਨ ਬੀ-4 1848 ਦੀ ਯਾਦਗਾਰ ਤਬਦੀਲੀ ਲਈ ਇਨਕਲਾਬੀ ਲਹਿਰ ਦੇ ਦੇਸ਼-ਭਗਤ ਸ਼ਹਿਰੀਆਂ ਵੱਲੋਂ 'ਸ਼ਹੀਦ ਸੁਖਦੇਵ ਯਾਦਗਾਰ ਕਮੇਟੀ, ਲੁਧਿਆਣਾ' ਦੀ ਸਥਾਪਨਾ ਕੀਤੀ ਗਈ। ਦੇਸ਼ ਭਗਤ ਸ਼ਹਿਰੀਆਂ ਵਲੋਂ, 'ਸ਼ਹੀਦ ਸੁਖਦੇਵ ਯਾਦਗਾਰ ਕਮੇਟੀ, ਲੁਧਿਆਣਾ' ਦੀ ਸਥਾਪਨਾ ਕੀਤੀ ਗਈ। ਇਸ ਕਮੇਟੀ ਵਲੋਂ ਇਸ ਇਤਿਹਾਸਕ ਸਥਾਨ ਵਿਖੇ ਯਾਦਗਾਰ ਅਤੇ ਸ਼ਹੀਦ ਦੇ ਬੁੱਤ ਸਥਾਪਤ ਕੀਤੇ ਗਏ। ਕਮੇਟੀ ਵੱਲੋਂ ਸ਼ਹੀਦਾਂ ਦਾ ਸੁਨੇਹਾ ਘਰ-ਘਰ ਪਹੁੰਚਾਉਣ ਲਈ ਇਸ ਸਤਰਾਂ ਦੇ ਲੇਖਕ ਦੁਆਰਾ ਲਿਖਤ ਪੰਜਾਬੀ ਕਿਤਾਬ "ਸ਼ਹੀਦ ਸੁਖਦੇਵ-ਨੌਘਰੇ ਤੋਂ ਫਾਂਸੀ ਤੱਕ" ਜਾਰੀ ਕੀਤੀ ਗਈ । ਇਨਕਲਾਬੀ ਲਹਿਰ ਦੀ ਲਗਾਤਾਰ ਮੰਗ ਨੂੰ ਦੇਖਦੇ ਹੋਏ, ਸੰਨ 2007 ਵਿਚ ਪੰਜਾਬ ਸਰਕਾਰ ਵਲੋਂ, ਲੁਧਿਆਣਾ ਵਿਖੇ ਗੁਰੂ ਨਾਨਕ ਭਵਨ ਵਿਖੇ ਰਾਜ ਪੱਧਰੀ ਪ੍ਰੋਗਰਾਮ ਕੀਤਾ ਗਿਆ ਅਤੇ ਸ਼ਹੀਦ ਸੁਖਦੇਵ ਦੇ ਜਨਮ ਸਥਾਨ ਨੂੰ ਸਰਕਾਰੀ ਮਾਨਤਾ ਪ੍ਰਾਪਤ ਹੋਈ। ਅਗਲੇ ਸਾਲ ਹੀ ਸ਼ਹਿਰ ਦੇ ਨਵੇਂ ਉਸਰੇ ਅੰਤਰ-ਰਾਜੀ ਬੱਸ ਅੱਡੇ ਦਾ ਨਾਮ 'ਸ਼ਹੀਦ ਸੁਖਦੇਵ ਅੰਤਰਰਾਜ਼ੀ ਬੱਸ ਅੱਡਾ' ਰੱਖਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਮਈ 2008, ਪੰਜਾਬ ਸਰਕਾਰ ਵਲੋਂ, ਮੁਹੱਲਾ ਨੌਘਰਾ (ਲੁਧਿਆਣਾ) ਸਥਿਤ ਸ਼ਹੀਦ ਸੁਖਦੇਵ ਦੇ ਘਰ ਨੂੰ, ਵਿਚ 'ਪੰਜਾਬ ਪ੍ਰਾਚੀਨ ਇਤਿਹਾਸਕ ਅਤੇ ਪੁਰਾਤੱਤਵ ਸਾਇਟਸ ਅਤੇ ਅਵਸ਼ੇਸ਼ ਐਕਟ ਦੀ ਧਾਰਾ 4 ਦੀ ਉਪ-ਧਾਰਾ (1) ਅਧੀਨ ਨੋਟੀਫਿਕੇਸ਼ਨ ਜਾਰੀ ਕਰਕੇ 'ਸੁਰੱਖਿਅਤ ਕੌਮੀ ਵਿਰਾਸਤ' ਦਾ ਦਰਜਾ ਦੇ ਦਿੱਤਾ ਗਿਆ ਅਤੇ ਅੱਜ ਇਹ ਸਥਾਨ ਸਰਕਾਰੀ ਸਾਂਭ ਸੰਭਾਲ ਅਧੀਨ ਹੈ।

**ਸ਼ਹੀਦ ਸੁਖਦੇਵ ਦੇ ਮੌਜੂਦਾ ਵੰਸ਼ਜ**

ਦੇਸ਼ ਦੀ 1947 ਦੀ ਵੰਡ ਵੇਲੇ, ਸਾਰਾ ਪਰਿਵਾਰ ਮੈਂਬਰ ਲਾਇਲਪੁਰ ਨੂੰ ਅਲਵਿਦਾ ਕਹਿ ਆਏ ਅਤੇ ਪੁਰਾਣੇ ਨੌਘਰਾ ਵਾਲੇ ਘਰ ਦੀ ਬਜਾਏ ਲੁਧਿਆਣਾ ਦੇ ਕੈਲਾਸ਼ ਸਿਨੇਮਾ ਚੌਕ ਨੇੜੇ ਆਪਣੇ ਨਵੇਂ ਘਰ ਵਿਚ ਨਿਵਾਸ ਕੀਤਾ। ਲਾਲਾ ਅਚਿੰਤ ਰਾਮ ਨੇ ਪਰਿਵਾਰ ਦੇ ਪਾਲਣ ਪੋਸ਼ਣ ਵਾਸਤੇ, ਤੂੜੀ-ਲੱਕੜਾਂ ਦਾ ਕਾਰੋਬਾਰ ਸ਼ੁਰੂ ਕੀਤਾ ਜੋਕਿ ਉਨ੍ਹਾਂ ਦੇ ਸਪੁੱਤਰ ਸ੍ਰੀ ਪ੍ਰਕਾਸ਼ ਚੰਦ ਥਾਪਰ ਨੇ, ਉਨ੍ਹਾਂ ਦੇ ਅਕਾਲ ਚਲਾਣਾ ਤੋਂ ਬਾਅਦ ਤੱਕ ਵੀ ਜਾਰੀ ਰੱਖਿਆ। ਲਾਲਾ ਅਚਿੰਤ ਰਾਮ ਦੇ ਵਸ਼ੰਜ ਅੱਜ ਵੀ ਆਪਣੇ ਪਰਿਵਾਰ ਸਮੇਤ ਇਥੇ ਰਹਿ ਰਹੇ ਹਨ।

**(ਲੇਖਕ, ਸ਼ਹੀਦ ਸੁਖਦੇਵ ਯਾਦਗਾਰ ਕਮੇਟੀ, ਲੁਧਿਆਣਾ ਦਾ ਕਨਵੀਨਰ ਹੈ)**






**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Guelph,
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Brampton, Ontario)**
647-924-9087

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਛੱਤੀਸਗੜ੍ਹ ( ਭਾਰਤ) ਦੇ ਜਮਹੂਰੀ ਕਾਰਕੁੰਨ ਅਤੇ ਪੱਤਰਕਾਰ ਸਰਕਾਰੀ ਦਹਿਸ਼ਤ ਦੀ ਮਾਰ ਹੇਠ



**ਬੂਟਾ ਸਿੰਘ**


'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਕਿਹੋ ਜਹੀ ਜਮਹੂਰੀ ਹੈ, ਅਤੇ ਇਹ ਆਜ਼ਾਦੀ ਨਾਲ ਆਪਣੀ ਗੱਲ ਕਹਿਣ ਲਈ ਜਾਗਰੂਕ ਨਾਗਰਿਕਾਂ ਨੂੰ ਕਿਹੋ ਜਹੀ ਜਮਹੂਰੀ ਖੁੱਲ੍ਹ ਦਿੰਦੀ ਹੈ ਇਸ ਦੀ ਇਕ ਤਾਜ਼ਾ ਮਿਸਾਲ ਛੱਤੀਸਗੜ੍ਹ ਵਿਚ ਸਾਹਮਣੇ ਆਈ ਹੈ। ਉਥੇ ਬਸਤਰ ਜ਼ਿਲ੍ਹੇ ਦੇ ਜ਼ਿਲ੍ਹਾ ਸਦਰ-ਮੁਕਾਮ ਜਗਦਲਪੁਰ ਵਿਖੇ ਕੰਮ ਕਰ ਰਹੇ ਲੋਕਪੱਖੀ ਵਕੀਲਾਂ, ਪੱਤਰਕਾਰਾਂ ਅਤੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਕੇ ਉੱਥੋਂ ਦੇ ਅਸਲ ਹਾਲਾਤ ਨੂੰ ਜੱਗ ਜ਼ਾਹਰ ਹੋਣ ਤੋਂ ਰੋਕਣ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਅਤੇ ਉਨ੍ਹਾਂ ਦੇ ਕਾਨੂੰਨੀ ਤੇ ਗ਼ੈਰਕਾਨੂੰਨੀ ਤੰਤਰ ਨੇ ਪੂਰੀ ਤਾਕਤ ਝੋਕੀ ਹੋਈ ਹੈ। ਰਾਜਤੰਤਰ ਇਹ ਯਕੀਨੀ ਬਣਾ ਰਿਹਾ ਹੈ ਕਿ ਸਰਕਾਰੀ ਲਸ਼ਕਰਾਂ ਵਲੋਂ ਕੀਤੀ ਜਾ ਰਹੀ ਕਤਲੋਗ਼ਾਰਤ ਬਾਰੇ ਦੁਨੀਆ ਨੂੰ ਦੱਸਣ ਅਤੇ ਹਵਾਲਾਤਾਂ ਤੇ ਜੇਲ੍ਹਾਂ ਵਿਚ ਅਣਮਿੱਥੇ ਸਮੇਂ ਲਈ ਡੱਕੇ ਤੇ ਦਿਨੋਦਿਨ ਹੋਰ ਵਧੇਰੇ ਤਾਦਾਦ ਵਿਚ ਗ੍ਰਿਫ਼ਤਾਰ ਕੀਤੇ ਜਾ ਰਹੇ ਆਦਿਵਾਸੀਆਂ ਦੀ ਅਦਾਲਤੀ ਮਾਮਲਿਆਂ ਵਿਚ ਮਦਦ ਕਰਨ ਵਾਲਾ ਉੱਥੇ ਕੋਈ ਨਾ ਰਹੇ।

ਬਸਤਰ ਤੋਂ ਦੋ ਪੱਤਰਕਾਰਾਂ, ਸੰਤੋਸ਼ ਯਾਦਵ ਅਤੇ ਸੋਮਰੂ ਨਾਗ ਨੂੰ ਗ੍ਰਿਫ਼ਤਾਰ ਕਰਕੇ ਮਾਓਵਾਦੀਆਂ ਨਾਲ ਸਬੰਧਤ ਹੋਣ ਦੇ ਇਲਜ਼ਾਮ ਤਹਿਤ ਕਈ ਮਹੀਨਿਆਂ ਤੋਂ ਜੇਲ੍ਹ ਬੰਦ ਕੀਤਾ ਹੋਇਆ ਹੈ ਜੋ ਹਿੰਦੀ ਅਖ਼ਬਾਰਾਂ ਲਈ ਕੰਮ ਕਰ ਰਹੇ ਸਨ। ਹੁਣ ਆਦਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਵਕੀਲਾਂ ਦੀ ਸੰਸਥਾ-ਜਗਦਲਪੁਰ ਲੀਗਲ ਏਡ ਗਰੁੱਪ- ਅਤੇ ਸਕਰੌਲ ਨਿਊਜ਼ ਪੋਰਟਲ ਦੀ ਪੱਤਰਕਾਰ ਮਾਲਿਨੀ ਸੁਬਰਾਮਨੀਅਮ ਨੂੰ ਬੇਤਹਾਸ਼ਾ ਤੰਗ-ਪ੍ਰੇਸ਼ਾਨ ਕਰਕੇ ਉੱਥੋਂ ਨਿਕਲਣ ਲਈ ਮਜਬੂਰ ਕਰ ਦਿੱਤਾ ਗਿਆ ਹੈ।

ਸਮਾਜ-ਵਿਗਿਆਨੀ ਬੇਲਾ ਭਾਟੀਆ ਨੂੰ ਵੀ ਉੱਥੋਂ ਕੱਢਣ ਲਈ ਹਰ ਹਰਵਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜਦੋਂ ਬੀ.ਬੀ.ਸੀ. ਹਿੰਦੀ ਸਰਵਿਸ ਦੇ ਪੱਤਰਕਾਰ ਅਲੋਕ ਪ੍ਰਕਾਸ਼ ਪੁਤੁਲ ਨੇ ਵਕੀਲਾਂ ਤੇ ਪੱਤਰਕਾਰਾਂ ਨੂੰ ਬਸਤਰ ਵਿੱਚੋਂ ਕੱਢ ਦਿੱਤੇ ਜਾਣ ਅਤੇ ਉਥੇ ਚੱਲ ਰਹੇ ਜਬਰ ਬਾਰੇ ਰਿਪੋਰਟਿੰਗ ਕੀਤੀ ਤਾਂ ਉਸ ਨੂੰ ਵੀ ਸੁਨੇਹਾ ਮਿਲ ਗਿਆ ਕਿ ਜਿੰਨੀ ਛੇਤੀ ਸੰਭਵ ਹੈ ਜਾਨ ਬਚਾਕੇ ਉੱਥੋਂ ਨਿਕਲ ਜਾਵੇ, ਅਣਪਛਾਤੇ ਗਰੋਹ ਉਸ ਦੀ ਭਾਲ ਕਰ ਰਹੇ ਹਨ। ਨਿਊਯਾਰਕ ਸਥਿਤ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਨੇ ਆਪਣੇ 29 ਫਰਵਰੀ ਦੇ ਪ੍ਰੈੱਸ-ਬਿਆਨ ਵਿਚ ਇਨ੍ਹਾਂ ਹਾਲਾਤ ਉੱਪਰ ਡੂੰਘੀ ਫ਼ਿਕਰਮੰਦੀ ਜ਼ਾਹਰ ਕੀਤੀ ਹੈ। ਕਮੇਟੀ ਦੀ ਜਾਂਚ ਕਹਿੰਦੀ ਹੈ ਕਿ ਪੁਲਿਸ ਅਕਸਰ ਹੀ ਆਲੋਚਨਾ ਵਾਲੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦਾ ਮੂੰਹ ਬੰਦ ਕਰਨ ਲਈ ਜਾਂ ਮੁਖ਼ਬਰਾਂ ਵਜੋਂ ਕੰਮ ਕਰਨ ਲਈ ਉਨ੍ਹਾਂ ਉੱਪਰ ਦਬਾਓ ਪਾਉਂਦੀ ਹੈ, ਤੰਗ-ਪ੍ਰੇਸ਼ਾਨ ਕਰਦੀ ਹੈ ਜਾਂ ਉਨ੍ਹਾਂ ਨਾਲ ਬਦਸਲੂਕੀ ਕਰਦੀ ਹੈ। ਕਮੇਟੀ ਅਨੁਸਾਰ, ਪੱਤਰਕਾਰਾਂ ਤੇ ਵਕੀਲਾਂ ਨੂੰ ਉੱਥੋਂ ਕੱਢ ਦਿੱਤੇ ਜਾਣ ਨਾਲ "ਇਲਾਕੇ ਵਿਚ ਸੂਚਨਾ ਦੇ ਖ਼ਲਾਅ ਦਾ ਖ਼ਤਰਾ ਪੈਦਾ ਹੋ ਗਿਆ ਹੈ, ਜਿਥੇ ਪ੍ਰੈੱਸ ਪਹਿਲਾਂ ਹੀ ਭਾਰੀ ਦਬਾਓ ਹੇਠ ਕੰਮ ਕਰ ਰਹੀ ਹੈ।"

ਛੱਤੀਸਗੜ੍ਹ ਦੇ ਆਦਿਵਾਸੀ ਇਲਾਕਿਆਂ, ਖ਼ਾਸ ਕਰਕੇ ਬਸਤਰ ਵਿਚ ਆਦਿਵਾਸੀ ਲੋਕਾਂ ਦੇ ਇਨਕਲਾਬੀ ਟਾਕਰਾ ਸੰਘਰਸ਼ ਨੂੰ ਕੁਚਲਣ ਲਈ ਜੋ ਵਿਆਪਕ ਨੀਮ-ਫ਼ੌਜੀ ਤੇ ਪੁਲਿਸ ਓਪਰੇਸ਼ਨ-ਓਪਰੇਸ਼ਨ ਗ੍ਰੀਨ ਹੰਟ-2009 ਵਿਚ ਸ਼ੁਰੂ ਕੀਤਾ ਗਿਆ ਸੀ ਪਿਛਲੇ ਇਕ ਸਾਲ ਵਿਚ ਉਸ ਵਿਚ ਬੇਤਹਾਸ਼ਾ ਤੇਜ਼ੀ ਲਿਆਂਦੀ ਗਈ ਹੈ। ਮੁਲਕ ਦੀਆਂ ਸਰਹੱਦਾਂ ਦੀ ਬਾਹਰਲੇ ਹਮਲਿਆਂ ਤੋਂ ਰਾਖੀ ਲਈ ਬਣਾਈ ਫ਼ੌਜ ਨੂੰ ਵੀ ਅਣਐਲਾਨੇ ਤੌਰ 'ਤੇ ਇਸ ਵਿਚ ਸ਼ਾਮਲ ਕੀਤਾ ਜਾ ਚੁੱਕਾ ਹੈ। ਪਿਛਲੇ ਸਮੇਂ ਵਿਚ ਮੀਡੀਆ ਦੇ ਕੁਛ ਹਿੱਸੇ ਵਿਚ ਇਹ ਚਰਚਾ ਵੀ ਹੁੰਦੀ ਰਹੀ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਰਾਜ ਅਮਰੀਕਾ ਅਤੇ ਉਸਦੇ ਪਿੱਠੂ ਇਸਰਾਇਲ ਦੀਆਂ ਖ਼ੂੰਖ਼ਾਰ ਖੁਫ਼ੀਆ ਏਜੰਸੀਆਂ ਇਸ ਸਰਜ਼ਮੀਨ ਉੱਪਰ ਹਿੰਦੁਸਤਾਨੀ ਰਾਜ ਵਿਰੁੱਧ ਚਲ ਰਹੀਆਂ ਹਥਿਆਰਬੰਦ ਲਹਿਰਾਂ, ਖ਼ਾਸ ਕਰਕੇ ਮਾਓਵਾਦੀ ਲਹਿਰ ਨੂੰ ਕੁਚਲਣ ਵਿਚ ਉਚੇਚਾ ਹਿੱਸਾ ਪਾ ਰਹੀਆਂ ਹਨ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ, ਇਹ ਤੁਲਨਾ ਕਰਨੀ ਗ਼ਲਤ ਨਹੀਂ ਹੋਵੇਗੀ ਕਿ ਸ੍ਰੀਲੰਕਾ ਵਿਚ ਲਿਟੇ ਨੂੰ ਕੁਚਲਣ ਲਈ ਉਨ੍ਹਾਂ ਦੇ ਅਧਾਰ ਖੇਤਰ ਦੀ ਘੇਰਾਬੰਦੀ ਕਰਕੇ ਜਿਸ ਤਰ੍ਹਾਂ ਸ੍ਰੀਲੰਕਾ ਦੀ ਫ਼ੌਜ ਵਲੋਂ ਅਮਰੀਕਾ ਤੇ ਹਿੰਦੁਸਤਾਨੀ ਫ਼ੌਜ ਦੀ ਮਿਲੀਭੁਗਤ ਨਾਲ ਵਿਆਪਕ ਕਤਲੋਗ਼ਾਰਤ ਕੀਤੀ ਗਈ ਸੀ ਉਸੇ ਤਰ੍ਹਾਂ ਦੀ ਯੋਜਨਾ ਅਤੇ ਉਸੇ ਪੈਮਾਨੇ ਦੀ ਜੰਗੀ ਤਿਆਰੀ ਨਾਲ ਬਸਤਰ ਦੀ ਘੇਰਾਬੰਦੀ ਕੀਤੀ ਗਈ ਹੈ।

ਪਿਛਲੇ ਤਿੰਨ ਮਹੀਨਿਆਂ ਵਿਚ ਬਸਤਰ ਖੇਤਰ ਦੇ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਅੰਦਰ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਲੋਂ ਆਦਿਵਾਸੀ ਔਰਤਾਂ ਉੱਪਰ ਵਿਆਪਕ ਪੈਮਾਨੇ 'ਤੇ ਕਾਮੁਕ ਹਿੰਸਾ ਦੀਆਂ ਤਿੰਨ ਵੱਡੀਆਂ ਮਿਸਾਲਾਂ ਸਾਹਮਣੇ ਆਈਆਂ। 40 ਔਰਤਾਂ ਨੇ ਅੱਗੇ ਆਕੇ ਆਪਣੇ ਨਾਲ ਹੋਏ ਇਨ੍ਹਾਂ ਸਮੂਹਿਕ ਜਬਰ-ਜਨਾਹਾਂ ਦੀ ਦਰਦਨਾਕ ਦਾਸਤਾਂ ਬਿਆਨ ਕੀਤੀ ਹੈ। ਇਸ ਤੋਂ ਇਕ ਵਾਰ ਫਿਰ ਇਹ ਸਪਸ਼ਟ ਹੋ ਗਿਆ ਹੈ ਕਿ ਰਾਜ-ਮਸ਼ੀਨਰੀ ਜਬਰ-ਜਨਾਹ ਦਾ ਇਸਤੇਮਾਲ ਰਾਜ ਵਿਰੋਧੀ ਲਹਿਰਾਂ ਨੂੰ ਕੁਚਲਣ ਦੀ ਆਪਣੀ ਨਹੱਕੀ ਜੰਗ ਦੇ ਹਿੱਸੇ ਵਜੋਂ ਅਤੇ ਲੋਕਾਂ ਦੇ ਸਵੈਮਾਣ ਨੂੰ ਕੁਚਲਣ ਦੇ ਇਕ ਹਥਿਆਰ ਵਜੋਂ ਕਰ ਰਹੀ ਹੈ। ਆਦਿਵਾਸੀ ਔਰਤਾਂ ਨੇ ਸਰਕਾਰੀ ਲਸ਼ਕਰਾਂ ਵਲੋਂ ਚਲਾਈ ਜਾ ਰਹੀ ਦਹਿਸ਼ਤਗਰਦੀ ਦੀਆਂ ਕਹਾਣੀਆਂ ਬਿਆਨ ਕੀਤੀਆਂ ਹਨ। ਪੇਡਾਗੇਲੂਰ ਅਤੇ ਚਿਨਾਗੇਲੂਰ ਪਿੰਡਾਂ ਦੀਆਂ ਘੱਟੋ-ਘੱਟ ਪੰਦਰਾਂ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਵੇਂ ਬੇਇਜ਼ਤ ਕੀਤਾ ਗਿਆ। ਔਰਤਾਂ ਦੀਆਂ ਛਾਤੀਆਂ ਨਿਚੋੜਕੇ 'ਪੁਸ਼ਟੀ' ਕੀਤੀ ਗਈ ਕਿ ਉਹ ਸੱਚਮੁੱਚ ਸ਼ਾਦੀਸ਼ੁਦਾ ਮਾਵਾਂ ਹਨ ਅਤੇ ਅਣਵਿਆਹੀਆਂ ਨਕਸਲੀ ਨਹੀਂ। ਸਰਕਾਰੀ ਲਸ਼ਕਰ ਔਰਤਾਂ ਨੂੰ ਕਹਿ ਰਹੇ ਸਨ 'ਕਪੜਾ ਉਠਾਓ, ਮਿਰਚੀ ਡਾਲੇਂਗੇ'। ਉਹ ਉਨ੍ਹਾਂ ਦੀਆਂ ਲਹਿੰਗੇ ਚੁੱਕਕੇ ਉਨ੍ਹਾਂ ਦੇ ਪੁੜਿਆਂ ਅਤੇ ਪੱਟਾਂ ਉੱਪਰ ਡੰਡਿਆਂ ਨਾਲ ਅਤੇ ਬੰਦੂਕਾਂ ਦੇ ਬੱਟਾਂ ਨਾਲ ਵਹਿਸ਼ੀ ਢੰਗ ਨਾਲ ਤਸ਼ੱਦਦ ਢਾਹੁੰਦੇ ਰਹੇ।




ਨੇੜ-ਭਵਿੱਖ ਵਿਚ ਹੁਕਮਰਾਨਾਂ ਵਲੋਂ ਹੋਰ ਵੀ ਬੇਤਹਾਸ਼ਾ ਕਤਲੋਗ਼ਾਰਤ ਨੂੰ ਅੰਜਾਮ ਦੇਣ ਲਈ ਅਤੇ ਇਸ ਵਹਿਸ਼ੀ ਹਕੀਕਤ ਨੂੰ ਦਬਾਉਣ ਲਈ ਇਹ ਜ਼ਰੂਰੀ ਹੈ ਕਿ ਇਸ ਖੇਤਰ ਨੂੰ 'ਅਣਚਾਹੇ' ਤੱਤਾਂ ਤੋਂ ਪੂਰੀ ਤਰ੍ਹਾਂ ਮੁਕਤ ਕੀਤਾ ਜਾਵੇ, ਖ਼ਾਸ ਕਰਕੇ ਖੋਜੀ ਪੱਤਰਕਾਰਾਂ, ਮਨੁੱਖੀ/ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਲੋਕਪੱਖੀ ਵਕੀਲਾਂ ਨੂੰ ਉੱਥੇ ਕੱਢਿਆ ਜਾਵੇ। ਇਸ ਲਈ, ਦੋ ਤਰੀਕੇ ਉੱਭਰਵੇਂ ਤੌਰ 'ਤੇ ਇਸਤੇਮਾਲ ਕੀਤੇ ਜਾ ਰਹੇ ਹਨ। ਪੱਤਰਕਾਰਾਂ ਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੇ ਕਾਰਕੁੰਨਾਂ ਉੱਪਰ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨ ਦਾ ਸਿਲਸਿਲਾ; ਦੂਜਾ, ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਅਤੇ ਅਣਪਛਾਤੇ ਗ਼ੈਰਕਾਨੂੰਨੀ ਗਰੋਹਾਂ ਕੋਲੋਂ ਕਾਤਲਾਨਾ ਹਮਲੇ ਕਰਵਾਕੇ ਉਨ੍ਹਾਂ ਦੀ ਜ਼ਬਾਨਬੰਦੀ ਕਰਨ ਦੇ ਦਹਿਸ਼ਤਗਰਦ ਤਰੀਕੇ। ਡਾ. ਬਿਨਾਇਕ ਸੇਨ, ਇਗਾਰਾਮ ਕੋਡੋਪੀ, ਸੋਨੀ ਸੋਰੀ, ਪ੍ਰਸ਼ਾਂਤ ਰਾਹੀ, ਪ੍ਰੋਫੈਸਰ ਜੀ.ਐੱਨ. ਸਾਈਬਾਬਾ, ਹੇਮ ਮਿਸ਼ਰਾ, ਸੀਮਾ ਆਜ਼ਾਦ, ਵਿਸ਼ਵ ਵਿਜੇ ਆਦਿ ਸਮੇਤ ਬੇਸ਼ੁਮਾਰ ਕਾਰਕੁਨਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਇਆ ਗਿਆ। ਤੇਲੰਗਾਨਾ ਵਿਚ ਹਰਮਨਪਿਆਰੇ ਆਗੂ ਗੰਟੀ ਪ੍ਰਸਾਦਮ ਨੂੰ ਸ਼ਰੇਆਮ ਵੱਢਕੇ ਕਤਲ ਕਰ ਦਿੱਤਾ ਗਿਆ। ਜਗਦਲਪੁਰ ਲੀਗਲ ਏਡ ਗਰੁੱਪ ਦੀਆਂ ਔਰਤ ਵਕੀਲਾਂ, ਪੱਤਰਕਾਰ ਮਾਲਿਨੀ ਸੁਬਰਾਮਨੀਅਮ ਤੇ ਅਲੋਕ ਪ੍ਰਕਾਸ ਪੁਤਲ, ਆਦਿਵਾਸੀ ਕਾਰਕੁਨ ਸੋਨੀ ਸੋਰੀ ਅਤੇ ਬੇਲਾ ਭਾਟੀਆ ਉੱਪਰ ਤਾਜ਼ਾ ਹਮਲੇ ਇਸੇ ਸਿਲਸਿਲੇ ਦੀਆਂ ਕੜੀਆਂ ਹਨ।

ਜਗਦਲਪੁਰ ਲੀਗਲ ਏਡ ਗਰੁੱਪ ਜਾਂ ਜਗਲੈਗ ਦੇ ਲੋਕਪੱਖੀ ਵਕੀਲਾਂ ਨੇ ਹਿੰਦੁਸਤਾਨੀ ਰਾਜ ਵਲੋਂ ਆਦਿਵਾਸੀ ਲੋਕਾਂ ਦੇ ਖ਼ਿਲਾਫ਼ ਵਿੱਢੀ ਅਣਐਲਾਨੀ ਜੰਗ ਦੇ ਜ਼ੁਲਮਾਂ ਦਾ ਸ਼ਿਕਾਰ ਹੋਣ ਵਾਲੇ ਬਸਤਰ ਦੇ ਆਮ ਲੋਕਾਂ ਨੂੰ ਕਾਨੂੰਨੀ ਸਹਾਇਤਾ ਦੇਣ ਦੇ ਮਨੋਰਥ ਨਾਲ ਜੁਲਾਈ 2013 'ਚ ਬਣਾਇਆ ਸੀ। ਚਾਰ ਵਕੀਲਾਂ - ਈਸ਼ਾ ਖੰਡੇਲਵਾਲ, ਸ਼ਾਲਿਨੀ ਗੇਰਾ, ਪਰੀਜਿਤਾ ਭਾਦਰਵਾਜ ਅਤੇ ਰੁਪੇਸ਼ ਕੁਮਾਰ - ਦੀ ਟੀਮ ਨੇ ਗਰੁੱਪ ਬਣਾਏ ਜਾਣ ਤੋਂ ਲੈ ਕੇ ਹੁਣ ਤਕ ਦੇ ਇਸ ਥੋੜ੍ਹੇ ਅਰਸੇ ਵਿਚ ਗਿਣਨਯੋਗ ਕੰਮ ਕੀਤਾ ਹੈ। ਉਨ੍ਹਾਂ ਵਲੋਂ ਕੀਤੀ ਖੋਜ ਨੇ ਅਹਿਮ ਖ਼ੁਲਾਸਾ ਕੀਤਾ ਕਿ 2005 ਤੋਂ ਲੈ ਕੇ 2012 ਤਕ ਦੇ ਅਰਸੇ ਦੌਰਾਨ ਜਿਨ੍ਹਾਂ ਬੇਸ਼ੁਮਾਰ ਲੋਕਾਂ ਨੂੰ ਖ਼ੂੰਖਾਰ ਨਕਸਲੀ ਦੇ ਠੱਪੇ ਲਾਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਉਨ੍ਹਾਂ ਵਿੱਚੋਂ 95% ਵਿਅਕਤੀ ਅਦਾਲਤੀ ਮੁਕੱਦਮਿਆਂ ਦੌਰਾਨ ਬਰੀ ਹੋ ਗਏ। ਭਾਵ ਸਿਰਫ਼ 5% ਹੀ 'ਦੋਸ਼ੀ' ਪਾਏ ਗਏ ਬਾਕੀਆਂ ਉਪਰ ਪੁਲਿਸ ਵਲੋਂ ਦਰਜ ਮੁਕੱਦਮੇ ਪੂਰੀ ਤਰ੍ਹਾਂ ਝੂਠੇ ਸਾਬਤ ਹੋਏ। ਪਰ ਉਨ੍ਹਾਂ ਬੇਵਸ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ 3 ਤੋਂ ਲੈ ਕੇ 6 ਸਾਲ ਬੇਕਸੂਰ ਹੀ ਜੇਲ੍ਹਾਂ ਵਿਚ ਸੜਨਾ ਪਿਆ। ਇਨ੍ਹਾਂ ਵਕੀਲਾਂ ਵਲੋਂ ਮਨੁੱਖੀ ਹੱਕਾਂ ਦੇ ਘਾਣ ਦੀਆਂ ਕੁਝ ਉੱਘੜਵੀਂਆਂ ਰਿਪੋਰਟਾਂ ਨੂੰ ਮੁੱਖ ਰੱਖਕੇ ਉਨ੍ਹਾਂ ਕਈ ਕੇਸਾਂ ਨੂੰ ਹੱਥ ਲਿਆ ਗਿਆ ਜਿਨ੍ਹਾਂ ਆਦਿਵਾਸੀਆਂ ਨੂੰ ਬਿਨਾ ਮੁਕੱਦਮਾ ਚਲਾਏ ਹਵਾਲਾਤੀਆਂ ਵਜੋਂ ਜੇਲ੍ਹਾਂ ਵਿਚ ਡੱਕਿਆ ਹੋਇਆ ਸੀ ਜਾਂ ਗ਼ੈਰਕਾਨੂੰਨੀ ਪੁਲਿਸ ਹਿਰਾਸਤ ਵਿਚ ਬੰਦ ਕੀਤਾ ਹੋਇਆ ਸੀ। ਸ਼ਾਲਿਨੀ ਗੇਰਾ, ਈਸ਼ਾ ਖੰਡੇਲਵਾਲ ਅਤੇ ਉਨ੍ਹਾਂ ਦੇ ਸਾਥੀ ਵਕੀਲਾਂ ਦੇ ਯਤਨਾਂ ਨਾਲ ਬਹੁਤ ਸਾਰੇ ਆਦਿਵਾਸੀ ਜੇਲ੍ਹਾਂ ਜਾਂ ਪੁਲਿਸ ਹਿਰਾਸਤ ਦੇ ਨਰਕ ਤੋਂ ਰਿਹਾਅ ਹੋ ਗਏ। ਇਸ ਵਕਤ ਵੀ ਇਹ ਟੀਮ 40 ਤੋਂ ਉੱਪਰ ਆਦਿਵਾਸੀਆਂ ਦੇ ਮਾਮਲਿਆਂ ਨੂੰ ਲੈ ਕੇ ਕੰਮ ਕਰ ਰਹੀ ਸੀ। ਇਹ ਟੀਮ ਪੱਤਰਕਾਰਾਂ ਸੋਮਰੂ ਨਾਗ ਅਤੇ ਸੰਤੋਸ਼ ਯਾਦਵ ਦੇ ਮਾਮਲਿਆਂ ਨੂੰ ਲੈ ਕੇ ਅਦਾਲਤ ਵਿਚ ਉਨ੍ਹਾਂ ਦੀ ਕਾਨੂੰਨੀ ਨੁਮਾਇੰਦਗੀ ਤੇ ਪੈਰਵਾਈ ਵੀ ਕਰ ਰਹੀ ਸੀ।

ਕਾਨੂੰਨੀ ਮਦਦ ਦੇ ਯਤਨਾਂ ਨੂੰ ਬੰਦ ਕਰਾਉਣ ਲਈ ਸਰਕਾਰੀ ਤੰਤਰ ਵਲੋਂ ਉਨ੍ਹਾਂ ਬਾਰੇ ਮਾਓਵਾਦੀ ਹਮਾਇਤੀ ਹੋਣ ਦਾ ਪ੍ਰਚਾਰ ਕੀਤਾ ਗਿਆ। ਇਸ ਦਾ ਸਿੱਧਾ ਮਤਲਬ ਹੈ ਕਦੇ ਵੀ ਉਨ੍ਹਾਂ ਨੂੰ ਇਹ ਬਹਾਨਾ ਬਣਾਕੇ ਗ੍ਰਿਫ਼ਤਾਰ ਕਰ ਲੈਣ ਅਤੇ ਜੇਲ੍ਹ ਭੇਜ ਦੇਣ ਦੀ ਧਮਕੀ। ਉਨ੍ਹਾਂ ਨੂੰ ਬਸਤਰ ਦੇ ਵਿਕਾਸ ਦੇ ਵਿਰੋਧੀ ਕਰਾਰ ਦੇ ਕੇ ਭੰਡਿਆ ਗਿਆ। ਬਸਤਰ ਬਾਰ ਐਸੋਸੀਏਸ਼ਨ ਕੋਲੋਂ ਮਤਾ ਪਾਸ ਕਰਵਾਕੇ "ਬਾਹਰਲੇ" ਵਕੀਲਾਂ ਉੱਪਰ ਜਗਦਲਪੁਰ ਅਦਾਲਤ ਵਿਚ ਕਿਸੇ ਕੈਦੀ ਵਲੋਂ ਮੁਕੱਦਮਾ ਲੜਨ ਉੱਪਰ ਪਾਬੰਦੀ ਲਗਵਾਈ ਗਈ। ਇਸ ਜ਼ਰੀਏ ਗੇਰਾ ਅਤੇ ਖੰਡੇਲਵਾਲ ਨੂੰ ਅਦਾਲਤ ਵਿਚ ਪੈਰਵਾਈ ਕਰਨ ਤੋਂ ਰੋਕ ਦਿੱਤਾ ਗਿਆ ਕਿਉਕਿ ਉਹ ਦਿੱਲੀ ਸਟੇਟ ਬਾਰ ਕੌਂਸਲ ਦੀਆਂ ਮੈਂਬਰ ਸਨ। ਜਦੋਂ ਫਿਰ ਵੀ ਉਹ ਅਡੋਲ ਰਹਿਕੇ ਆਪਣੇ ਕੰਮ ਵਿਚ ਜੁੱਟੀਆਂ ਰਹੀਆਂ ਤਾਂ ਉਨ੍ਹਾਂ ਦੇ ਦਫ਼ਤਰ ਅਤੇ ਰਿਹਾਇਸ਼ੀ ਮਕਾਨਾਂ ਦੇ ਮਾਲਕਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੁਲਿਸ ਪਹਿਲਾਂ ਮਾਲਿਨੀ ਦੇ ਘਰ ਗਈ ਅਤੇ ਫਿਰ ਲੀਗਲ ਏਡ ਗਰੁੱਪ ਦੀ ਰਿਹਾਇਸ਼ 'ਤੇ ਗਈ। ਉਨ੍ਹਾਂ ਦੇ ਮਕਾਨ ਮਾਲਕਾਂ ਅਤੇ ਘਰੇਲੂ ਨੌਕਰ ਨੂੰ ਗ੍ਰਿਫ਼ਤਾਰ ਕਰਕੇ ਹਵਾਲਾਤ ਵਿਚ ਬੰਦ ਰੱਖਿਆ ਗਿਆ। ਉਨ੍ਹਾਂ ਨੂੰ ਝੂਠੇ ਮਾਮਲਿਆਂ 'ਚ ਫਸਾਕੇ ਜੇਲ੍ਹ ਭੇਜਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਇਨ੍ਹਾਂ 'ਦੇਸ਼




ਵਿਰੋਧੀ' ਕਿਰਾਏਦਾਰਾਂ ਤੋਂ ਮਕਾਨ ਖਾਲੀ ਕਰਾਉਣ ਦੇ ਫ਼ਰਮਾਨ ਜਾਰੀ ਕਰ ਦਿੱਤੇ ਗਏ। ਪੁਲਿਸ ਪਾਰਟੀ ਵਲੋਂ ਪੁੱਛਗਿੱਛ ਦੇ ਬਹਾਨੇ ਰਾਤ ਦੇ ਵਕਤ ਮਾਲਿਨੀ ਦੇ ਘਰ ਵਾਰ-ਵਾਰ ਜਾ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ। ਉਸ ਦੇ ਆਂਢ-ਗੁਆਂਢ ਵਿਚ ਅਫਵਾਹਾਂ ਫੈਲਾਕੇ ਉਸ ਨੂੰ ਉੱਥੋਂ ਕੱਢਣ ਲਈ ਉਕਸਾਇਆ ਗਿਆ। ਉਸ ਦੇ ਖ਼ਿਲਾਫ਼ 'ਸਮਾਜਿਕ ਏਕਤਾ ਮੰਚ' ਕੋਲੋਂ "ਨਕਸਲੀ ਸਮਰਥਕ ਬਸਤਰ ਛੋੜੋ" ਦੇ ਨਾਅਰੇ ਲਗਾਉਂਦਿਆਂ ਵਿਰੋਧ ਪ੍ਰਦਰਸ਼ਨ ਕਰਵਾਏ ਗਏ। ਉਸ ਨੂੰ ਧਮਕੀ ਦਿੱਤੀ ਗਈ ਕਿ ਉਹ ਸੋਸ਼ਲ ਮੀਡੀਆ ਵਿਚ ਲੇਖ ਲਿਖਕੇ "ਬਸਤਰ ਪੁਲਿਸ ਦਾ ਅਕਸ ਵਿਗਾੜਨਾ ਬੰਦ ਕਰੇ"। 7 ਫਰਵਰੀ ਨੂੰ ਉਸਦੇ ਘਰ ਅੱਗੇ ਮੁਜ਼ਾਹਰਾ ਕੀਤਾ ਗਿਆ। 8 ਫਰਵਰੀ ਦੀ ਰਾਤ ਨੂੰ ਇਸ ਅਖਾਉਤੀ ਮੰਚ ਵਲੋਂ ਮਾਲਿਨੀ ਨੂੰ ਦਹਿਸ਼ਤਜ਼ਦਾ ਕਰਨ ਲਈ ਤੜਕੇ ਦੇ ਵਕਤ ਉਸ ਦੇ ਘਰ ਉੱਪਰ ਪਥਰਾਓ ਕਰਕੇ ਉਸਦੀ ਕਾਰ ਭੰਨ ਦਿੱਤੀ ਗਈ। ਜਦੋਂ ਅਗਲੇ ਦਿਨ ਉਸਨੇ ਇਸ ਦੀ ਐੱਫ. ਆਈ. ਆਰ. ਲਿਖਵਾਉਣੀ ਚਾਹੀ ਤਾਂ ਪੁਲਿਸ ਅਧਿਕਾਰੀਆਂ ਨੇ ਇਹ ਕਹਿਕੇ ਰਪਟ ਲਿਖਣ ਤੋਂ ਨਾਂਹ ਕਰ ਦਿੱਤੀ ਕਿ ਆਪਣੇ ਸੀਨੀਅਰ ਅਧਿਕਾਰੀ ਦੀ ਇਜਾਜ਼ਤ ਤੋਂ ਬਗ਼ੈਰ ਉਹ ਰਪਟ ਨਹੀਂ ਲਿਖਣਗੇ। ਉਸ ਦੀ ਘਰੇਲੂ ਸਹਾਇਕ ਪਰਾਚੀ ਸਕਸੈਨਾ ਨੂੰ ਗ੍ਰਿਫ਼ਤਾਰ ਕਰਕੇ ਥਾਣੇ ਲਿਜਾਇਆ ਗਿਆ। ਮਾਲਿਨੀ ਦੇ ਪਤੀ ਅਸ਼ੀਮ ਨੂੰ ਥਾਣੇ ਬਿਠਾਈ ਰੱਖਿਆ। ਭਾਰੀ ਦਬਾਓ ਹੇਠ ਜਦੋਂ ਰਪਟ ਲਿਖੀ ਗਈ ਤਾਂ ਮਾਲਿਨੀ ਵਲੋਂ ਦੋ ਹਮਲਾਵਰਾਂ ਦੀ ਸਪਸ਼ਟ ਸ਼ਨਾਖ਼ਤ ਦੱਸਣ ਦੇ ਬਾਵਜੂਦ ਵੀ ਅਣਪਛਾਤਿਆਂ ਦੇ ਖ਼ਿਲਾਫ਼ ਗੋਲਮੋਲ ਰਪਟ ਹੀ ਲਿਖੀ ਗਈ। ਇਸ ਤੋਂ ਦੋ ਦਿਨ ਬਾਅਦ 11 ਫਰਵਰੀ ਨੂੰ ਤਫ਼ਤੀਸ਼ੀ ਪੁਲਿਸ ਅਧਿਕਾਰੀ ਮਾਲਿਨੀ ਦੀ ਰਿਹਾਇਸ਼ ਵਾਲੇ ਮੁਹੱਲੇ ਵਿਚ ਆਈ। ਉਸਨੇ ਉਨ੍ਹਾਂ ਗੁਆਂਢੀ ਔਰਤਾਂ ਨੂੰ ਡਰਾਇਆ ਕਿ ਮਾਲਿਨੀ ਦੇ ਘਰ ਉੱਪਰ ਪੱਥਰ ਉਨ੍ਹਾਂ ਔਰਤਾਂ ਨੇ ਮਾਰੇ ਸਨ, ਇਸਦੇ ਪੁਲਿਸ ਕੋਲ ਸਬੂਤ ਹਨ, ਅਤੇ ਉਨ੍ਹਾਂ ਨੂੰ 'ਕੱਲੀ-'ਕੱਲੀ ਨੂੰ ਗ੍ਰਿਫ਼ਤਾਰ ਕਰਕੇ 'ਨਾਕ ਮੇਂ ਉਂਗਲੀ ਡਾਲਕੇ ਸੱਚ ਨਿਕਲਵਾ ਲੇਂਗੇ' ਦੀਆਂ ਧਮਕੀਆਂ ਦਿੱਤੀਆਂ। ਇਸ ਦੀ ਵਜ੍ਹਾ ਇਹ ਸੀ ਕਿ ਇਨ੍ਹਾਂ ਔਰਤਾਂ ਨੇ ਮਾਲਿਨੀ ਵਲੋਂ ਆਪਣੀ ਸ਼ਿਕਾਇਤ ਵਿਚ ਉਸਦੇ ਘਰ ਅੱਗੇ ਵਿਖਾਵਾ ਕਰਨ ਵਾਲਿਆਂ ਦੇ ਜੋ ਵੇਰਵੇ ਦਿੱਤੇ ਸਨ ਇਨ੍ਹਾਂ ਔਰਤਾਂ ਨੇ ਬਿਆਨ ਦੇਕੇ ਉਸ ਦੀ ਤਸਦੀਕ ਕੀਤੀ ਸੀ। ਇਸ ਤੋਂ ਹਮਲਾ ਕਰਨ ਵਾਲਿਆਂ ਨਾਲ ਪੁਲਿਸ ਦੀ ਮਿਲੀਭੁਗਤ ਸ਼ਰੇਆਮ ਜ਼ਾਹਿਰ ਹੋ ਗਈ।

ਪੱਤਰਕਾਰ ਮਾਲਿਨੀ ਸੁਬਰਾਮਨੀਅਮ ਪੁਲਿਸ ਅਤੇ ਹੋਰ ਸਰਕਾਰੀ ਹਥਿਆਰਬੰਦ ਤਾਕਤਾਂ ਵਲੋਂ ਕੀਤੇ ਜਾ ਰਹੇ ਮਨੁੱਖੀ ਹੱਕਾਂ ਦੇ ਘਾਣ ਦੇ ਸਵਾਲ ਉੱਪਰ ਕਾਫ਼ੀ ਮਿਹਨਤ ਨਾਲ ਕੰਮ ਕਰਦੀ ਆ ਰਹੀ ਸੀ। ਉਸ ਵਲੋਂ ਆਦਿਵਾਸੀਆਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਮਾਰਨ, ਇਨ੍ਹਾਂ ਫਰਜ਼ੀ ਮੁਕਾਬਲਿਆਂ ਵਿਰੁੱਧ ਆਦਿਵਾਸੀਆਂ ਵਲੋਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਦੀਆਂ ਤੱਥਪੂਰਨ ਰਿਪੋਰਟਾਂ ਭੇਜੀਆਂ ਜਾ ਰਹੀਆਂ ਸਨ। ਉਸਨੇ ਆਦਿਵਾਸੀ ਖੇਤਰਾਂ ਵਿਚ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ, ਖ਼ਾਸ ਕਰਕੇ ਬਸਤਰ ਵਿਚ ਇਕ ਮੁੱਖ ਪੁਲਿਸ ਅਧਿਕਾਰੀ ਕਲੂਰੀ ਦੀ ਅਗਵਾਈ ਹੇਠ ਕੀਤੇ ਜਾ ਰਹੇ ਮਾਓਵਾਦੀਆਂ ਦੇ ਆਤਮ-ਸਮਰਪਣ ਦੇ ਘਿਣਾਉਣੇ ਨਾਟਕ ਦਾ ਬਾਖ਼ੂਬੀ ਪਰਦਾਫਾਸ਼ ਕੀਤਾ ਅਤੇ ਜ਼ਮੀਨੀ ਹਕੀਕਤ ਨੂੰ ਸਾਹਮਣੇ ਲਿਆਂਦਾ।

ਮਾਲਿਨੀ ਸੁਬਰਾਮਨੀਅਮ ਨੇ 1980ਵਿਆਂ ਵਿਚ ਮੁੰਬਈ ਤੋਂ ਪੱਤਰਕਾਰੀ ਦੀ ਬਾਕਾਇਦਾ ਪੜ੍ਹਾਈ ਕੀਤੀ ਸੀ। ਫਿਰ ਉਹ ਦੋ ਦਹਾਕੇ ਔਕਸਫੈਮ, ਐਕਸ਼ਨ ਏਡ ਅਤੇ ਹੋਰ ਗ਼ੈਰ-ਸਰਕਾਰੀ ਜਥੇਬੰਦੀਆਂ (ਐੱਨ.ਜੀ.ਓ.) ਨਾਲ ਜੁੜਕੇ ਕੰਮ ਕਰਦੀ ਰਹੀ। ਪੰਜ ਸਾਲ ਪਹਿਲਾਂ ਜਦੋਂ ਇੰਟਰਨੈਸ਼ਨਲ ਕਮੇਟੀ ਫਾਰ ਰੈੱਡ ਕਰਾਸ ਨੇ ਹਿੰਦੁਸਤਾਨੀ ਰਾਜ ਵਲੋਂ ਆਦਿਵਾਸੀਆਂ ਵਿਰੁੱਧ ਵਿੱਢੀ ਜੰਗ ਦੌਰਾਨ ਮੈਡੀਕਲ ਰਾਹਤ ਦਾ ਕੁਝ ਕੰਮ ਸ਼ੁਰੂ ਕੀਤਾ ਤਾਂ ਇਸ ਸੰਸਥਾ ਦੀ ਨੌਕਰੀ ਤਹਿਤ ਮਾਲਿਨੀ ਦੱਖਣੀ ਛੱਤੀਸਗੜ੍ਹ ਦੇ ਇਸ ਖੇਤਰ ਵਿਚ ਆ ਗਈ। ਇਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਜਨਵਰੀ 2011 ਵਿਚ ਸ੍ਰੀ ਕਲੂਰੀ, ਜੋ ਓਦੋਂ ਦਾਂਤੇਵਾੜਾ ਜ਼ਿਲ੍ਹੇ ਦਾ ਪੁਲਿਸ ਮੁਖੀ ਸੀ ਅਤੇ ਹੁਣ ਸਮੁੱਚੀ ਬਸਤਰ ਰੇਂਜ ਦਾ ਮੁਖੀ ਹੈ, ਨੇ ਬਿਆਨ ਦੇਕੇ ਇਸ ਸੰਸਥਾ ਉਪਰ ਵੀ ਮਾਓਵਾਦੀਆਂ ਦੀ ਮਦਦ ਕਰਨ ਦਾ ਇਲਜ਼ਾਮ ਲਾ ਦਿੱਤਾ ਸੀ। ਜੂਨ 2013 'ਚ ਉਪਰੋਕਤ ਕਮੇਟੀ ਨੇ ਆਦਿਵਾਸੀ ਇਲਾਕਿਆਂ ਵਿੱਚੋਂ ਆਪਣੇ ਹੈਲਥ ਕਲੀਨਿਕ ਬੰਦ ਕਰ ਦਿੱਤੇ, ਪਰ ਮਾਲਿਨੀ ਆਦਿਵਾਸੀ ਲੋਕਾਂ ਦੇ ਹਿੱਤ ਵਿਚ ਕੰਮ ਕਰਨ ਦੇ ਮਨੋਰਥ ਨਾਲ ਉੱਥੇ ਹੀ ਰੁਕ ਗਈ। ਇਥੇ ਰਹਿੰਦਿਆਂ ਉਸਨੇ ਰਾਜਤੰਤਰ ਦੇ ਜ਼ੁਲਮਾਂ ਅਤੇ ਆਦਿਵਾਸੀ ਲੋਕਾਂ ਵਲੋਂ ਮਾਓਵਾਦੀ ਲਹਿਰ ਦੀ ਅਗਵਾਈ ਹੇਠ ਇਸ ਦੇ ਟਾਕਰੇ ਦੀ ਜ਼ਮੀਨੀ ਰਿਪੋਰਟ ਸ਼ੁਰੂ ਕਰ ਦਿੱਤੀ। ਸੋਸ਼ਲ ਮੀਡੀਆ ਵਿਚ ਇਨ੍ਹਾਂ ਰਿਪੋਰਟਾਂ ਦੇ ਲਗਾਤਾਰ ਛਪਣ ਨਾਲ ਬਸਤਰ ਵਿਚ ਆਦਿਵਾਸੀਆਂ ਉੱਪਰ ਹੋ ਰਹੇ ਅਕਹਿ ਜ਼ੁਲਮਾਂ ਅਤੇ ਉਨ੍ਹਾਂ ਦੇ ਬਹਾਦਰੀ ਭਰੇ ਟਾਕਰੇ ਦੀ ਅਸਲ ਕਹਾਣੀ ਸਾਹਮਣੇ ਆਉਣੀ ਸ਼ੁਰੂ ਹੋ ਗਈ। ਰਾਜ ਮਸ਼ੀਨਰੀ ਲਈ ਹੁਣ ਆਦਿਵਾਸੀਆਂ ਉਪਰ ਕੀਤੀ ਜਾ ਰਹੀ ਬੇਲਗਾਮ ਹਿੰਸਾ ਨੂੰ ਬਾਕੀ ਦੁਨੀਆ ਤੋਂ ਲੁਕੋਣਾ ਪਹਿਲਾਂ ਵਾਂਗ ਸੌਖਾ ਨਹੀਂ ਸੀ।



ਪੁਲਿਸ ਤੇ ਸਮਾਜ ਵਿਰੋਧੀ ਗਰੋਹਾਂ ਨੇ ਮਿਲਕੇ ਉਨ੍ਹਾਂ ਦੇ ਮਕਾਨ ਮਾਲਕਾਂ ਦੀ ਘੇਰਾਬੰਦੀ ਕਰਕੇ ਇਸ ਤਰ੍ਹਾਂ ਦੇ ਹਾਲਾਤ ਬਣਾ ਦਿੱਤੇ ਕਿ ਮਕਾਨ ਮਾਲਕਾਂ ਨੇ ਮਜਬੂਰ ਹੋ ਕੇ ਉਨ੍ਹਾਂ ਨੂੰ "ਛੇਤੀ ਤੋਂ ਛੇਤੀ" ਮਕਾਨ ਖਾਲੀ ਕਰਨ ਦੇ ਨੋਟਿਸ ਦੇ ਦਿੱਤੇ। ਮਹਿਜ਼ 10 ਦਿਨਾਂ ਵਿਚ ਹੀ ਉਨ੍ਹਾਂ ਨੂੰ ਮਕਾਨ ਖਾਲੀ ਕਰਕੇ ਆਪਣਾ ਕੰਮ ਵਿਚਾਲੇ ਛੱਡਕੇ ਜਗਦਲਪੁਰ ਛੱਡਣਾ ਪੈ ਗਿਆ। ਵਕੀਲਾਂ ਦੇ ਮਕਾਨ ਮਾਲਕ ਨੇ ਪੁਲਿਸ ਵੱਲੋਂ ਸੱਦੇ ਜਾਣ 'ਤੇ ਰਾਤ ਦੇ ਦੋ ਵਜੇ ਵਕੀਲਾਂ ਨੂੰ ਆ ਕੇ ਆਪਣੀ ਮਜਬੂਰੀ ਦੱਸੀ ਤੇ ਮਕਾਨ ਖਾਲੀ ਕਰਨ ਲਈ ਕਿਹਾ। ਹੁਣ ਉਨ੍ਹਾਂ ਨੂੰ ਚਿੰਤਾ ਇਹ ਹੈ ਕਿ ਜਿਨ੍ਹਾਂ ਬੇਵਸ ਆਦਿਵਾਸੀਆਂ ਦਾ ਉਹ ਸਹਾਰਾ ਬਣੇ ਸਨ ਉਨ੍ਹਾਂ ਦਾ ਕੀ ਬਣੇਗਾ।

ਇਸ ਤੋਂ ਅਗਲੀ ਸ਼ਿਕਾਰ ਕਾਰਕੁਨ ਸੋਨੀ ਸੋਰੀ ਨੂੰ ਬਣਾਇਆ ਗਿਆ। ਲੰਘੀ 21 ਫਰਵਰੀ ਨੂੰ ਉਸ ਉੱਪਰ ਇਕ ਵਾਰ ਫਿਰ ਹਮਲਾ ਕਰਕੇ ਉਸ ਦੇ ਚਿਹਰੇ ਉੱਪਰ ਕੋਈ ਤੇਜ਼ਾਬ ਵਰਗੀ ਚੀਜ਼ ਮਲ ਦਿੱਤੀ ਗਈ ਜਿਸ ਨਾਲ ਉਸਦਾ ਚਿਹਰਾ ਬੁਰੀ ਤਰ੍ਹਾਂ ਲੂਹਿਆ ਗਿਆ ਤੇ ਉਸਨੂੰ ਐਮਰਜੈਂਸੀ ਇਲਾਜ ਲਈ ਦਿੱਲੀ ਭੇਜਣਾ ਪਿਆ। ਸੋਨੀ ਸੋਰੀ, ਜੋ ਉਸ ਉੱਪਰ ਪਾਏ ਝੂਠੇ ਮਾਮਲਿਆਂ ਵਿਚ ਜ਼ਮਾਨਤ ਮਿਲਣ ਤੋਂ ਬਾਦ ਆਮ ਆਦਮੀ ਵਿਚ ਸ਼ਾਮਲ ਹੋ ਗਈ ਸੀ ਅਤੇ 2014 ਦੀਆਂ ਆਮ ਚੋਣਾਂ ਵਿਚ ਲੋਕ ਸਭਾ ਉਮੀਦਵਾਰ ਵਜੋਂ ਚੋਣ ਲੜੀ ਸੀ, ਹਕੂਮਤੀ ਦਹਿਸ਼ਤਗਰਦੀ ਦਾ ਸ਼ਿਕਾਰ ਆਦਿਵਾਸੀਆਂ ਨੂੰ ਇਨਸਾਫ਼ ਦਿਵਾਉਣ ਲਈ ਯਤਨਸ਼ੀਲ ਹੈ। ਪਿਛਲੇ ਦਿਨਾਂ ਵਿਚ ਉਸਨੇ ਮੜਦੁਮ ਪਿੰਡ ਦੇ ਬਾਸ਼ਿੰਦੇ ਹੜਮਾ ਕਸ਼ਿਅਪ ਦੀ ਹੱਤਿਆ ਦਾ ਮਾਮਲਾ ਹੱਥ ਲਿਆ ਜਿਸ ਬਾਰੇ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਹੜਮਾ ਖ਼ੂੰਖ਼ਾਰ ਮਾਓਵਾਦੀ ਸੀ ਜੋ 4 ਫਰਵਰੀ 2016 ਨੂੰ ਪੁਲਿਸ ਨਾਲ "ਜ਼ਬਰਦਸਤ ਮੁਕਾਬਲੇ" ਵਿਚ ਮਾਰਿਆ ਗਿਆ। ਸੋਨੀ ਸੋਰੀ ਵਾਲਾ ਇਹ ਮਾਮਲਾ ਉਠਾਕੇ ਵਿਰੋਧ ਲਾਮਬੰਦ ਕੀਤਾ। ਹੁਣ ਉਸਨੇ ਇਨ੍ਹਾਂ ਮੁੱਦਿਆਂ ਨੂੰ ਲੈ ਕੇ 200 ਕਿਲੋਮੀਟਰ ਪਦਯਾਤਰਾ ਉਲੀਕੀ ਹੋਈ ਸੀ ਜੋ ਬੀਜਾਪੁਰ ਤੋਂ ਚਲਕੇ 8 ਮਾਰਚ ਨੂੰ ਕੌਮਾਂਤਰੀ ਔਰਤ ਦਿਵਸ ਉੱਪਰ ਜਗਦਲਪੁਰ ਆਕੇ ਖ਼ਤਮ ਹੋਣੀ ਸੀ। ਸੋਨੀ ਸੋਰੀ ਸਥਾਨਕ ਆਦਿਵਾਸੀ ਵਸਨੀਕ ਹੋਣ ਕਾਰਨ ਉਸ ਨੂੰ ਬਸਤਰ ਵਿੱਚੋਂ ਉਵੇਂ ਨਹੀਂ ਕੱਢਿਆ ਜਾ ਸਕਦਾ ਜਿਵੇਂ ਵਕੀਲਾਂ ਦੇ ਗਰੁੱਪ ਅਤੇ ਪੱਤਰਕਾਰ ਮਾਲਿਨੀ ਨੂੰ ਕੱਢ ਦਿੱਤਾ ਗਿਆ ਹੈ। ਉਸਦੇ ਲਈ ਰਾਜਤੰਤਰ ਨੇ ਹੋਰ ਢੰਗ ਇਸਤੇਮਾਲ ਕੀਤੇ। ਉਸਨੂੰ ਜਾਨੋਂ ਮਾਰਨ ਤੇ ਜਿਉਂਦੀ ਨੂੰ ਸਾੜ ਦੇਣ ਅਤੇ ਬੱਚਿਆਂ ਨੂੰ ਮਾਰ ਦੇਣ ਦੀਆਂ ਲਗਾਤਾਰ ਧਮਕੀਆਂ ਦਿੱਤੀਆਂ ਗਈਆਂ। ਪਿਛਲੇ ਮਹੀਨਿਆਂ ਤੋਂ ਇਹ ਲੱਗ ਰਿਹਾ ਸੀ ਕਿ ਉਸ ਨੂੰ ਕਦੇ ਵੀ ਹਮਲੇ ਦਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ। 21 ਫਰਵਰੀ ਨੂੰ ਜਦੋਂ ਉਹ ਵਕੀਲਾਂ ਨੂੰ ਜਗਦਲਪੁਰ ਤੋਂ ਵਿਦਾ ਕਰਕੇ ਰਾਤ ਨੂੰ ਆਪਣੀ ਇਕ ਸਹਾਇਕ ਦੇ ਨਾਲ ਮੋਟਰ ਸਾਈਕਲ ਉੱਪਰ ਆਪਣੇ ਘਰ ਵਾਪਸ ਜਾ ਰਹੀ ਸੀ ਤਾਂ ਰਸਤੇ ਵਿਚ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਉਸ ਨੂੰ ਘੇਰਕੇ ਉਸਦੇ ਮੂੰਹ ਉਪਰ ਤੇਲ ਵਰਗਾ ਕੋਈ ਤਰਲ ਮਲ ਦਿੱਤਾ।

ਇਸੇ ਤਰ੍ਹਾਂ ਕਾਰਕੁੰਨ ਬੇਲਾ ਭਾਟੀਆ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਹ ਇਕ ਮਸ਼ਹੂਰ ਸਮਾਜ ਵਿਗਿਆਨੀ ਹੈ ਜਿਸਨੇ ਯੋਜਨਾ ਕਮਿਸ਼ਨ ਦੇ ਗਰੁੱਪ ਦੀ ਮੈਂਬਰ ਵਜੋਂ 2006 'ਚ ਦਲਿਤਾਂ ਅਤੇ ਆਦਿਵਾਸੀਆਂ ਦੇ ਅਖਾਉਤੀ ਮੁੱਖ ਧਾਰਾ ਤੋਂ ਅਲਹਿਦਗੀ ਬਾਰੇ ਇਕ ਅਹਿਮ ਰਿਪੋਰਟ ਤਿਆਰ ਕਰਨ ਵਿਚ ਹਿੱਸਾ ਲਿਆ ਸੀ। ਪਿਛਲੇ ਸਾਲ ਉਹ ਮੁੰਬਈ ਤੋਂ ਬਸਤਰ ਆ ਗਈ ਜਿਥੇ ਉਹ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਦੀ ਅਧਿਆਪਕਾ ਵਜੋਂ ਨੌਕਰੀ ਕਰ ਰਹੀ ਸੀ। ਪਿਛਲੇ ਕੁਝ ਮਹੀਨਿਆਂ ਵਿਚ ਬੇਲਾ ਭਾਟੀਆ ਨੇ ਔਰਤਾਂ ਦੀਆਂ ਉਨ੍ਹਾਂ ਟੀਮਾਂ ਨਾਲ ਮਿਲਕੇ ਮਾਓਵਾਦੀ ਲਹਿਰ ਦੇ ਖ਼ਿਲਾਫ਼ ਚੱਲ ਰਹੀਆਂ ਪੁਲਿਸ ਤੇ ਨੀਮ-ਫ਼ੌਜੀ ਕਾਰਵਾਈਆਂ ਦੌਰਾਨ ਆਦਿਵਾਸੀ ਔਰਤਾਂ ਨਾਲ ਸਮੂਹਿਕ ਜਬਰ-ਜਨਾਹਾਂ ਅਤੇ ਵਿਆਪਕ ਪੱਧਰ 'ਤੇ ਲਿੰਗਕ ਹਿੰਸਾ ਦੀਆਂ ਰਿਪੋਰਟਾਂ ਤਿਆਰ ਕਰਨ ਵਿਚ ਮਦਦ ਕੀਤੀ। ਉਸਦੀ ਆਵਾਜ਼ ਨੂੰ ਬੰਦ ਕਰਨ ਲਈ ਪੁਲਿਸ ਜਗਦਲਪੁਰ ਦੇ ਬਾਹਰਵਾਰ ਪਿੰਡ ਵਿਚ ਉਸਦੇ ਘਰ ਗਈ, ਉਸਦੇ ਗੁਆਂਢੀਆਂ ਤੋਂ ਪੁੱਛਗਿੱਛ ਕਰਕੇ ਅਤੇ ਉਸਦੇ ਮਕਾਨ ਮਾਲਕ ਦੀਆਂ ਤਸਵੀਰਾਂ ਲੈ ਕੇ ਦਹਿਸ਼ਤ ਪਾਈ ਗਈ। ਇਹ ਸਭ ਉਸਨੂੰ ਅਲੱਗ-ਥਲੱਗ ਤੇ ਦਹਿਸ਼ਤਜ਼ਦਾ ਕਰਨ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਵੀ ਵਕੀਲਾਂ ਤੇ ਮਾਲਿਨੀ ਵਾਂਗ ਜਗਦਲਪੁਰ ਛੱਡ ਜਾਵੇ।

ਹਾਲ ਹੀ ਵਿਚ ਖੋਜੀ ਪੱਤਰਕਾਰਾਂ ਨੇ 'ਸਮਾਜਿਕ ਏਕਤਾ ਮੰਚ' ਨਾਂ ਦੇ ਗਰੋਹ, ਜੋ ਉਪਰੋਕਤ ਸਾਰੀਆਂ ਯਰਕਾਊ, ਦਹਿਸ਼ਤਪਾਊ ਕਾਰਵਾਈਆਂ ਦਾ ਸੰਦ ਹੈ, ਅਤੇ ਪੁਲਿਸ ਅਧਿਕਾਰੀ ਕਲੂਰੀ ਦਾ ਨਾਪਾਕ ਗੱਠਜੋੜ ਨੰਗਾ ਕੀਤਾ ਹੈ। ਜਿਸ ਤੋਂ ਇਹ ਤਸਦੀਕ ਹੋ ਗਈ ਹੈ ਕਿ ਇਹ ਗਰੋਹ ਹਕੂਮਤ ਅਤੇ ਪੁਲਿਸ ਅਧਿਕਾਰੀਆਂ ਵਲੋਂ ਖੜ੍ਹਾ ਕੀਤਾ ਗਿਆ ਹੈ ਜਿਸ ਨੂੰ ਆਮ ਲੋਕਾਂ ਦੇ ਮਾਓਵਾਦੀ ਲਹਿਰ ਦੇ ਖ਼ਿਲਾਫ਼ ਹੋਣ ਦਾ 'ਸਿਵਲ' ਚਿਹਰਾ ਮੁਹੱਈਆ ਕਰਨ ਲਈ ਸਮਾਜਿਕ ਏਕਤਾ ਮੰਚ ਦਾ ਨਾਂ ਦਿੱਤਾ ਗਿਆ ਹੈ। ਚੇਤੇ ਰਹੇ ਕਿ ਆਈ.ਜੀ. ਕਲੂਰੀ ਉਹ ਦਰਿੰਦਾ ਪੁਲਿਸ ਅਧਿਕਾਰੀ ਹੈ ਜਿਸਨੇ ਇਕ ਫਰਜੀ ਮਾਮਲਾ ਘੜਕੇ ਸੋਨੀ ਸੋਰੀ ਅਤੇ ਉਸਦੇ ਭਤੀਜੇ ਇਗਾਰਾਮ ਕੋਡੋਪੀ ਨੂੰ ਗ੍ਰਿਫ਼ਤਾਰ ਕਰਕੇ ਨਾ ਸਿਰਫ਼ ਜੇਲ੍ਹਾਂ ਵਿਚ ਸਾੜਿਆ ਸੀ ਸਗੋਂ ਉਸਦੀ ਹਦਾਇਤ ਉੱਪਰ ਪੁਲਿਸ ਹਿਰਾਸਤ ਵਿਚ ਸੋਨੀ ਸੋਰੀ ਨੂੰ ਅਕਹਿ ਤਸੀਹੇ ਦਿੰਦੇ ਹੋਏ ਉਸਦੇ ਗੁਪਤ ਅੰਗਾਂ ਵਿਚ ਪੱਥਰ ਪਾ ਦਿੱਤੇ ਸਨ। ਇਹ ਨਿਹਾਇਤ ਸ਼ਰਮਨਾਕ ਦਰਿੰਦਗੀ ਦਾ ਮੁੱਲ ਚੁਕਾਉਂਦੇ ਹੋਏ ਸੋਨੀਆ ਗਾਂਧੀ ਪਰਿਵਾਰ ਦੀ ਸਰਕਾਰ ਵਲੋਂ ਅਜਿਹਾ ਕਰਨ ਵਾਲੇ ਅੰਕਿਤ ਗਰਗ ਨੂੰ 'ਗਣਤੰਤਰ ਦਿਵਸ' ਉੱਪਰ ਵਿਸ਼ੇਸ਼ ਬਹਾਦਰੀ ਸਨਮਾਨ ਦਿੱਤਾ ਗਿਆ ਸੀ।

ਮਾਸਿਕ ਰਸਾਲੇ "ਕੈਰਾਵੈਨ" ਦੇ ਸਟਾਫ਼ ਪੱਤਰਕਾਰ ਕ੍ਰਿਸ਼ਨ ਕੌਸ਼ਿਕ ਨੇ ਇਸ ਨਾਪਾਕ ਰਿਸ਼ਤੇ ਉੱਪਰ ਚਾਨਣਾ ਪਾਇਆ ਹੈ। ਬਸਤਰ ਪੁਲਿਸ ਦੇ ਆਈ.ਜੀ. ਸ੍ਰੀਮਾਨ ਕਲੂਰੀ ਵਲੋਂ ਬਣਾਏ ਇਸ ਅਖਾਉਤੀ ਮੰਚ ਵਲੋਂ ਪੱਤਰਕਾਰ ਮਾਲਿਨੀ ਦੇ ਘਰ ਜਾਣ ਦੀ ਪਹਿਲੀ ਕਾਰਵਾਈ ਤੋਂ ਕੁਛ ਦਿਨ ਬਾਦ ਹੀ ਈਨਾਡੂ ਇੰਡੀਆ ਅਖ਼ਬਾਰ ਵਿਚ ਛਪੀ ਇਕ ਅਸਾਧਾਰਨ ਰਿਪੋਰਟ ਉੱਪਰ ਇਸ ਪੱਤਰਕਾਰ ਨੇ ਗ਼ੌਰ ਕੀਤਾ। ਇਸ ਅਖ਼ਬਾਰ ਨੇ ਇਕ ਵਿਲੱਖਣ ਵਿਆਹ ਦੀ ਖ਼ਬਰ ਛਾਪੀ ਸੀ। ਪੱਤਰਕਾਰ ਨੇ ਕਲੂਰੀ ਅਤੇ ਅਖਾਉਤੀ ਸਮਾਜਿਕ ਮੰਚ ਦੇ ਨਾਪਾਕ ਰਿਸ਼ਤੇ ਦੀ ਪੁਣਛਾਣ ਕੀਤੀ। ਅਤੇ ਇਸ ਵਿਆਹ ਦਾ ਖ਼ੁਲਾਸਾ ਕਰਦਿਆਂ ਲਿਖਿਆ ਕਿ 16 ਜਨਵਰੀ ਨੂੰ ਜਗਦਲਪੁਰ ਦੇ ਮੁਕਾਮੀ ਪੁਲਿਸ ਥਾਣੇ ਤੋਂ ਇਕ ਬਰਾਤ ਹਟ ਮੈਦਾਨ ਲਈ ਰਵਾਨਾ ਹੋਈ। 'ਬਸਤਰ ਸਮਾਜਿਕ ਏਕਤਾ ਮੰਚ' ਵਾਲੇ ਲਾੜੀ ਵਾਲੇ ਪਾਸੇ ਹਾਜ਼ਰ ਸਨ ਅਤੇ ਪੁਲਿਸ ਪਰਿਵਾਰ ਲਾੜੇ ਵਲੋਂ ਬਰਾਤ ਵਿਚ ਪਹੁੰਚਿਆ ਹੋਇਆ ਸੀ। ਵਿਆਹ ਦੀ ਰਸਮ ਦੌਰਾਨ, ਸਮਾਜਿਕ ਏਕਤਾ ਮੰਚ ਦੇ ਆਗੂ ਅਤੇ ਬਸਤਰ ਰੇਂਜ ਦਾ ਪੁਲਿਸ ਮੁਖੀ ਆਈ. ਜੀ. ਐੱਸਆਰਪੀ ਕਲੂਰੀ ਗੁਲਾਬੀ ਪੱਗਾਂ ਬੰਨ੍ਹਕੇ ਮੰਚ ਉੱਪਰ ਬਿਰਾਜਮਾਨ ਹੋਏ ਸਨ। ਇਹ ਖ਼ਾਸ ਰੰਗ ਦੀਆਂ ਪੱਗਾਂ ਵਿਆਹਾਂ ਵਿਚ ਲਾੜੇ ਤੇ ਲਾੜੀ ਦੇ ਬਹੁਤ ਹੀ ਨੇੜਲੇ ਰਿਸ਼ਤੇਦਾਰ ਇਸ ਮੌਕੇ 'ਤੇ ਬੰਨ੍ਹਕੇ ਆਉਂਦੇ ਹਨ। ਦਰਅਸਲ, ਕਲੂਰੀ ਬਰਾਤ ਦਾ ਮੋਹਰੀ ਬਣਕੇ ਵਿਆਹ ਵਾਲੀ ਜਗ੍ਹਾ ਢੁੱਕਿਆ ਸੀ। ਕਲੂਰੀ ਅਤੇ ਇਸ ਗਰੁੱਪ ਦੇ ਇਸ ਗੂੜ੍ਹੇ ਰਿਸ਼ਤੇ ਦੀ ਤਸਦੀਕ ਹੋਰ ਸੀਨੀਅਰ ਪੱਤਰਕਾਰਾਂ ਨੇ ਵੀ ਕੀਤੀ ਹੈ। ਨਿਸ਼ਚੇ ਹੀ, ਬਸਤਰ ਉੱਪਰ ਮੰਡਰਾ ਰਹੇ ਵਿਆਪਕ ਕਤਲੋਗ਼ਾਰਤ ਦਾ ਖ਼ਤਰਾ ਮੰਡਰਾ ਰਿਹਾ ਹੈ। ਹਾਲ ਹੀ ਵਿਚ ਸੀ.ਪੀ.ਆਈ. (ਮਾਓਵਾਦੀ) ਦੀ ਦੱਖਣੀ ਬਸਤਰ ਡਿਵੀਜਨ ਕਮੇਟੀ ਦੇ ਸਕੱਤਰ ਮੋਹਨ ਨੇ ਇਕ ਪ੍ਰੈੱਸ-ਬਿਆਨ (ਦ ਹਿੰਦੂ, 1 ਮਾਰਚ 2016) ਵਿਚ ਕਿਹਾ ਹੈ "ਬੇਕਸੂਰ ਆਮ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ ਤੇ ਮਾਓਵਾਦੀਆਂ ਦਾ ਠੱਪਾ ਲਾਇਆ ਜਾ ਰਿਹਾ ਹੈ ਅਤੇ ਮੀਡੀਆ ਵਿਚ ਪ੍ਰਚਾਰ ਕੀਤਾ ਜਾ ਰਹ ਹੈ। ਜੰਗਲ ਅੰਦਰਲੇ ਇਲਾਕਿਆਂ ਦੇ ਪੇਂਡੂਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਮਾਓਵਾਦੀਆਂ ਵਜੋਂ ਆਤਮ-ਸਮਰਪਣ ਕਰਨ ਲਈ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਮੁਲਕ ਦੀਆਂ ਸਮੂਹ ਇਨਸਾਫ਼ਪਸੰਦ ਤੇ ਜਮਹੂਰੀ ਤਾਕਤਾਂ ਨੂੰ ਆਦਿਵਾਸੀਆਂ ਦੇ ਇਸ ਘਾਣ ਅਤੇ ਜਮਹੂਰੀ ਕਾਰਕੁਨਾਂ ਤੇ ਪੱਤਰਕਾਰਾਂ ਦੀ ਜ਼ੁਬਾਨਬੰਦੀ ਦਾ ਨਾ ਸਿਰਫ਼ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਸਗੋਂ ਇਸਦੇ ਖ਼ਿਲਾਫ਼ ਵਿਆਪਕ ਲਾਮਬੰਦੀ ਦਾ ਪ੍ਰੋਗਰਾਮ ਲੈਂਦੇ ਹੋਏ ਹਿੰਦੁਸਤਾਨੀ ਰਾਜ ਦੇ ਖ਼ੂਨੀ ਹੱਥਾਂ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ।

ਸੰਪਰਕ : +91 94634 74342

ਜਾਟ ਰਾਖਵਾਂਕਰਨ ਅੰਦੋਲਨ

# ਵੋਟ ਸਿਆਸਤਦਾਨਾਂ ਦੇ ਕੁਰਸੀ ਭੇੜ ਨੇ ਝੁਲਾਇਆ ਝੱਖੜ

ਪਾਵੇਲ ਕੁੱਸਾ

ਹਰਿਆਣੇ ਵਿਚ ਜਾਟ ਭਾਈਚਾਰੇ ਵੱਲੋਂ ਨੌਕਰੀਆਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਚੱਲੇ ਹਿੰਸਕ ਅੰਦੋਲਨ ਦਾ ਸੇਕ ਹਕੂਮਤ ਦੀ ਥਾਂ ਬਹੁਤਾ ਆਮ ਜਨਤਾ ਨੂੰ ਲੱਗਿਆ ਹੈ। ਪੂਰਾ ਹਫ਼ਤਾ ਹਰਿਆਣੇ ਦੀਆਂ ਸੜਕਾਂ 'ਤੇ ਖ਼ੌਫ਼ ਦਾ ਪਸਾਰਾ ਰਿਹਾ ਹੈ। ਹੁਣ ਸਾਹਮਣੇ ਆ ਰਹੀਆਂ ਖ਼ਬਰਾਂ ਤਾਂ ਦਿਲ ਦਹਿਲਾਉਣ ਵਾਲੀਆਂ ਹਨ। ਇਸ ਦੌਰਾਨ ਜੋ ਬੇਕਸੂਰ ਰਾਹਗੀਰ ਔਰਤਾਂ ਨਾਲ ਵਾਪਰਿਆ ਹੈ ਉਹ ਨਾ-ਸਹਿਣਯੋਗ ਹੈ। ਰੋਹਤਕ ਤੇ ਸੋਨੀਪਤ ਦੇ ਜ਼ਿਲ੍ਹਿਆਂ 'ਚੋਂ ਗੁਜ਼ਰ ਰਹੇ ਪਰਿਵਾਰਾਂ 'ਤੇ ਅਚਿੰਤੇ ਬਾਜ਼ ਪਏ ਹਨ। ਰਾਹ ਜਾਂਦੀਆਂ ਗੱਡੀਆਂ ਰੋਕੀਆਂ ਗਈਆਂ, ਔਰਤਾਂ ਨੂੰ ਬਾਹਰ ਧੂਹਿਆ ਗਿਆ ਤੇ ਖੇਤਾਂ ਵਿਚ ਲਿਜਾ ਕੇ ਦਰਿੰਦਿਆਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਪੀੜਤ ਔਰਤਾਂ ਨੂੰ ਤਾਂ ਦੋਸ਼ੀਆਂ ਦਾ ਵੀ ਪਤਾ ਨਹੀਂ ਹੈ।

ਕੁਝ ਸੁਹਿਰਦ ਪੱਤਰਕਾਰਾਂ ਨੇ ਇਹਨਾਂ ਭਿਆਨਕ ਕਾਰਿਆਂ ਨੂੰ ਸਾਹਮਣੇ ਲਿਆਉਣਾ ਸ਼ੁਰੂ ਕੀਤਾ ਹੈ, ਇਸ ਦੌਰਾਨ ਕਿੰਨੀਆਂ ਔਰਤਾਂ ਨਾਲ ਅਜਿਹਾ ਵਾਪਰਿਆ ਇਹ ਸਭ ਅਜੇ ਸਾਹਮਣੇ ਆਉਣਾ ਬਾਕੀ ਹੈ। ਪਰ ਪੁਲਿਸ ਵੱਲੋਂ ਨਾ ਕੇਸ ਦਰਜ ਹੋਏ ਨਾ ਕਾਰਵਾਈ ਹੋਈ ਸਗੋਂ ਆਹਲਾ ਪੁਲਸ ਅਫਸਰਾਂ ਨੇ ਪੀੜਤ ਔਰਤਾਂ ਨੂੰ 'ਇੱਜ਼ਤ ਸਾਂਭ ਕੇ' ਘਰਾਂ ਨੂੰ ਤੁਰ ਜਾਣ ਦੀਆਂ ਨਸੀਹਤਾਂ ਦਿੱਤੀਆਂ।

ਪੁਲਸ ਨੇ ਉਦੋਂ ਵੀ ਕੁਝ ਨਾ ਕੀਤਾ ਜਦੋਂ ਅਨੇਕਾਂ ਦੁਕਾਨਾਂ ਅਤੇ ਸ਼ੋਅ ਰੂਮ ਫੂਕੇ ਗਏ, ਹਜ਼ਾਰਾਂ ਯਾਤਰੀ ਰਾਹਾਂ 'ਚ ਫਸੇ ਰਹੇ, ਦਰਜਨਾਂ ਪੈਟਰੋਲ ਪੰਪ ਸਾੜੇ ਗਏ, ਬੱਸਾਂ, ਸਕੂਲ, ਢਾਬੇ, ਗੱਡੀਆਂ ਫੂਕੀਆਂ ਗਈਆਂ ਤੇ ਇਸ ਸਮੇਂ ਦੌਰਾਨ 30 ਮੌਤਾਂ ਹੋਈਆਂ। ਸਨਅਤੀ ਜਥੇਬੰਦੀ ਐਸੋਚਾਮ ਦੇ ਅੰਦਾਜ਼ੇ ਅਨੁਸਾਰ 20 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕਈ ਖੇਤਰਾਂ 'ਚ 9 ਦਿਨ ਤੱਕ ਗੈਸ ਤੇ ਪੈਟਰੋਲ ਦੀ ਸਪਲਾਈ ਠੱਪ ਰਹੀ। ਫ਼ੌਜ ਸੱਦੀ ਗਈ। ਕਈ ਸ਼ਹਿਰਾਂ 'ਚ ਕਰਫਿਊ ਲੱਗਿਆ ਰਿਹਾ। ਦਿੱਲੀ ਤੇ ਨੇੜਲੇ ਰਾਜਾਂ ਦੇ ਕਈ ਖੇਤਰਾਂ ਦਾ ਸੰਪਰਕ ਕੱਟਿਆ ਰਿਹਾ।

**ਨਿਹੱਕੀ ਤੇ ਗੈਰ-ਵਾਜਬ ਮੰਗ, ਪਿਛਾਖੜੀ ਲਾਮਬੰਦੀ** : ਭਾਵੇਂ ਹਰਿਆਣਾ ਸਰਕਾਰ ਵੱਲੋਂ ਵਿਧਾਨ ਸਭਾ 'ਚ ਜਾਟਾਂ ਦੇ ਰਾਖਵੇਂਕਰਨ 'ਤੇ ਬਿੱਲ ਲਿਆਉਣ ਤੇ ਕੇਂਦਰੀ ਮੰਤਰੀ ਨਾਇਡੂ ਦੀ ਅਗਵਾਈ 'ਚ ਰਾਖਵੇਂਕਰਨ ਦੀ ਸੂਚੀ ਬਾਰੇ ਵਿਚਾਰ ਕਰਨ ਦੇ ਭਰੋਸਿਆਂ ਮਗਰੋਂ ਇਹ ਅੰਦੋਲਨ ਸਮਾਪਤ ਹੋ ਗਿਆ ਪਰ ਇਹ ਲੋਕਾਂ ਨੂੰ ਵਰ੍ਹਿਆਂ ਤੱਕ ਰਿਸਣ ਵਾਲੇ ਡੂੰਘੇ ਜ਼ਖ਼ਮ ਦੇ ਗਿਆ। ਪਹਿਲਾਂ ਹੀ ਜਾਤ-ਪਾਤੀ ਵੰਡੀਆਂ ਦੇ ਸ਼ਿਕਾਰ ਹਰਿਆਣੇ ਦੇ ਸਮਾਜ 'ਚ ਜਾਤ-ਪਾਤ ਦੀਆਂ ਕੰਧਾਂ ਹੋਰ ਉੱਚੀਆਂ ਕਰ ਗਿਆ। ਜਾਟਾਂ ਤੇ ਗੈਰ-ਜਾਟਾਂ ਦਰਮਿਆਨ ਡੂੰਘੀਆਂ ਤਰੇੜਾਂ ਪਾ ਗਿਆ ਤੇ ਅਗਾਂਹ ਨੂੰ ਹੋਰ ਟਕਰਾਅ ਦਾ ਅਧਾਰ ਬਣਾ ਗਿਆ।

ਹਰਿਆਣਾ ਦਾ ਘਟਨਾਕ੍ਰਮ ਵੀ ਦੇਸ਼ ਵਿੱਚ ਅਸਰ ਰਸੂਖ ਵਾਲੇ ਸਮਾਜਿਕ ਤਬਕਿਆਂ ਵੱਲੋਂ ਰਾਖਵੇਂਕਰਨ ਦੀ ਗੈਰ-ਵਾਜਬ ਮੰਗ ਲਈ ਉੱਠ ਰਹੇ ਅੰਦੋਲਨਾਂ ਦੀ ਕੜੀ ਦਾ ਹੀ ਹਿੱਸਾ ਹੈ। ਪਿਛਲੇ ਵਰ੍ਹੇ ਗੁਜਰਾਤ ਦੇ ਸਮਾਜਕ ਤਾਣੇ-ਬਾਣੇ 'ਚ ਉੱਪਰਲਿਆਂ 'ਚ ਸ਼ੁਮਾਰ ਹੁੰਦੇ ਪਟੇਲ ਭਾਈਚਾਰੇ ਵੱਲੋਂ ਵੀ ਅਜਿਹੀ ਹੀ ਮੰਗ ਨੂੰ ਲੈ ਕੇ ਹਿੰਸਕ ਅੰਦੋਲਨ ਕੀਤਾ ਗਿਆ ਸੀ। ਹੁਣ ਹਰਿਆਣੇ ਦੇ ਜਾਟ ਭਾਈਚਾਰੇ ਦੀ ਰਾਖਵੇਂਕਰਨ ਦੀ ਮੰਗ ਨਿਹੱਕੀ ਤੇ ਗੈਰਵਾਜਬ ਹੈ। ਦੇਸ਼ 'ਚ ਲਾਗੂ ਕੀਤੀ ਗਈ ਰਾਖਵੇਂਕਰਨ ਦੀ ਨੀਤੀ ਦੇ ਨੁਕਤਾ-ਨਜ਼ਰ ਤੋਂ ਇਹ ਭਾਈਚਾਰਾ ਕਿਸੇ ਪੱਖੋਂ ਵੀ ਰਾਖਵੇਂਕਰਨ ਦਾ ਹੱਕਦਾਰ ਨਹੀਂ ਬਣਦਾ। ਰਾਖਵਾਂਕਰਨ ਸਮਾਜਕ ਪਛੜੇਵੇਂ ਨੂੰ ਘਟਾਉਣ ਦੇ ਸਾਧਨ ਵਜੋਂ ਸ਼ੁਰੂ ਕੀਤਾ ਗਿਆ ਸੀ, ਜੋ ਯੁੱਗਾਂ ਤੋਂ ਜਾਇਦਾਦ ਦੇ ਹੱਕ ਤੋਂ ਵਾਂਝੀਆਂ ਰੱਖੀਆਂ ਗਈਆਂ ਉਹਨਾਂ ਜਾਤਾਂ ਲਈ ਬਣਦਾ ਹੈ ਜਿਹੜੀਆਂ ਸਮਾਜਕ ਤਾਣੇ-ਬਾਣੇ 'ਚ ਅਤਿ ਨੀਵੀਆਂ ਸਮਝੀਆਂ ਜਾਂਦੀਆਂ ਹਨ। ਇਹਨਾਂ ਨੂੰ ਸਮਾਜਿਕ ਆਰਥਿਕ ਵਿਤਕਰੇ ਦੇ ਮੁਆਵਜ਼ੇ ਵਜੋਂ ਅਤੇ ਪਾੜੇ ਘਟਾਉਣ ਲਈ ਰਾਖਵੇਂਕਰਨ ਦੀ ਵਿਵਸਥਾ ਦੀ ਉਸਾਰੀ ਕੀਤੀ ਗਈ ਸੀ। ਇਸ ਪੱਖੋਂ ਜਾਟ ਭਾਈਚਾਰਾ ਹਰਿਆਣੇ 'ਚ ਕਿਸੇ ਪੱਖੋਂ ਵੀ ਪਛੜਿਆਂ 'ਚ ਨਹੀਂ ਹੈ। ਸਗੋਂ ਆਰਥਿਕ ਸਮਾਜਿਕ ਪੱਖ ਤੋਂ ਉੱਪਰਲੀਆਂ ਜਾਤਾਂ ਵਿਚ ਸ਼ੁਮਾਰ ਹੁੰਦਾ ਹੈ। ਇਹ ਹੋਰਨਾਂ ਜਾਤਾਂ ਨਾਲੋਂ ਸੂਬੇ ਦੀ ਸਮਾਜਕ-ਸਿਆਸੀ ਜ਼ਿੰਦਗੀ 'ਚ ਭਾਰੂ ਹੈਸੀਅਤ 'ਚ ਹੈ। ਪੇਂਡੂ ਖੇਤਰਾਂ 'ਚ ਇਸ ਦਾ ਹੋਰਨਾਂ ਜਾਤਾਂ 'ਤੇ ਦਬਦਬਾ ਹੈ। ਇਹ ਮੁੱਖ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਮਾਲਕ ਕਿਸਾਨੀ ਹੈ ਜੋ ਪੇਂਡੂ ਹਰਿਆਣੇ 'ਚ ਹੋਰਨਾਂ ਅਖੌਤੀ ਨੀਵੀਆਂ ਜਾਤਾਂ ਲਈ ਵਿਤਕਰੇ ਬਾਜ਼ੀ ਦਾ ਹੱਥ ਹੈ। ਇੱਕ ਤੱਥ ਹੀ ਆਪਣੇ ਆਪ ਵਿਚ ਵਜਨਦਾਰ ਬਣਦਾ ਹੈ ਕਿ ਹੁਣ ਤੱਕ ਹਰਿਆਣੇ 'ਚ ਆਈਆਂ ਸਰਕਾਰਾਂ ਦੇ 10 ਮੁੱਖ ਮੰਤਰੀਆਂ ਵਿਚੋਂ 7 ਜਾਟ ਭਾਈਚਾਰੇ ਨਾਲ ਸਬੰਧਤ ਰਹੇ ਹਨ। ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਲੀਡਰ ਵੀ ਏਸੇ ਭਾਈਚਾਰੇ 'ਚੋਂ ਹਨ। ਹਰਿਆਣੇ ਦੀ ਸਿਆਸਤ 'ਚ ਇੱਕ ਸਮਾਜਿਕ ਤਬਕੇ ਵਜੋਂ ਇਸ ਦੀ ਸਭਨਾਂ ਹੋਰਨਾਂ ਤਬਕਿਆਂ ਨਾਲੋਂ ਭਾਰੂ ਹੈਸੀਅਤ ਤੁਰੀ ਆ ਰਹੀ ਹੈ। ਹੁਣ ਵੀ ਹਰਿਆਣੇ ਦੀ ਕੁੱਲ ਆਬਾਦੀ ਦਾ 25% ਹਿੱਸਾ ਬਣਦੇ ਜਾਟਾਂ ਦੀ ਮੌਜੂਦਾ ਵਿਧਾਨ ਸਭਾ 'ਚ ਇੱਕ-ਤਿਹਾਈ ਮੌਜੂਦਗੀ ਹੈ। ਨੌਕਰੀਆਂ ਜਾਂ ਵਿੱਦਿਅਕ ਖੇਤਰਾਂ 'ਚ ਵੀ ਅਨੁਪਾਤ ਪੱਖੋਂ ਇਸ ਭਾਈਚਾਰੇ ਨਾਲ ਵਿਤਕਰੇ ਜਾਂ ਪਛੜੇਵੇਂ ਦਾ ਕੋਈ ਪਰਛਾਵਾਂ ਤੱਕ ਵਿਖਾਈ ਨਹੀਂ ਦਿੰਦਾ। ਇਉਂ ਹੀ ਇਸ ਨਿਹੱਕੀ ਤੇ ਗੈਰਵਾਜਬ ਮੰਗ ਲਈ ਅੰਦੋਲਨ ਦਾ ਤਰੀਕਾ ਵੀ ਪਿਛਾਖੜੀ ਲਾਮਬੰਦੀ ਤੇ ਟਿਕਿਆ ਹੈ। ਜੋ ਕੁਝ ਹਰਿਆਣੇ ਵਿਚ ਵਾਪਰਿਆ ਹੈ, ਉਹ ਕਿਸੇ ਹੱਕੀ ਲੋਕ-ਰੋਹ ਦਾ ਹਿੱਸਾ ਨਹੀਂ, ਸਗੋਂ ਬਕਾਇਦਾ ਜਥੇਬੰਦ ਕੀਤੇ ਹਿੰਸਕ ਗੁੰਡਾ ਗਰੋਹਾਂ ਦੀ ਦਹਿਸ਼ਤ ਦਾ ਨੰਗਾ ਨਾਚ ਸੀ। ਭਾਈਚਾਰੇ ਦੇ ਆਮ ਲੋਕਾਂ ਦੇ ਜਾਤ-ਪਾਤੀ ਤੁਅੱਸਬਾਂ ਨੂੰ ਵਰਤ ਕੇ, ਜਾਤ-ਹੰਕਾਰ ਦੀ ਝੁਲਾਈ ਹਨੇਰੀ ਸੀ ਜੀਹਦੇ ਵਿਚ ਹੋਰਨਾਂ ਜਾਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਪੰਜਾਬੀਆਂ ਤੇ ਸੈਣੀਆਂ ਵੱਲ ਇਹ ਹਮਲੇ ਸੇਧਤ ਕੀਤੇ ਗਏ ਤੇ ਰਾਜ 'ਚ ਜਾਤ-ਪਾਤੀ ਹਿੰਸਕ ਦੰਗੇ ਭੜਕਾਉਣ ਵੱਲ ਸੇਧਤ ਕਾਰਵਾਈਆਂ ਕੀਤੀਆਂ ਗਈਆਂ। ਕੁਝ ਕੁ ਥਾਵਾਂ 'ਤੇ ਝੜੱਪਾਂ ਵੀ ਹੋਈਆਂ ਹੁੜਦੁੰਗ ਮਚਾਉਂਦੇ ਜਾਟਾਂ ਦੇ ਗ੍ਰੋਹਾਂ ਨੇ ਹੋਰਨਾਂ ਜਾਤਾਂ 'ਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਤੇ ਉਹਨਾਂ ਲਈ ਵੀ ਜਾਤ ਆਧਾਰ 'ਤੇ ਲਾਮਬੰਦੀ ਦਾ ਮਾਹੌਲ ਸਿਰਜਿਆ ਗਿਆ।

**ਮਾਸਲੇ ਦਾ ਪਿਛੋਕੜ** : ਦੇਸ਼ ਵਿਚ ਰਾਖਵੇਂਕਰਨ ਦੀ ਨੀਤੀ ਨੂੰ ਬੀਤੇ ਦਹਾਕਿਆਂ ਦੌਰਾਨ ਮੌਕਾਪ੍ਰਸਤ ਵੋਟ ਪਾਰਟੀਆਂ ਤੇ ਸਿਆਸਤਦਾਨਾਂ ਨੇ ਆਪਣੀਆਂ ਵੋਟ ਗਿਣਤੀਆਂ ਲਈ ਵਰਤਿਆ ਹੈ। ਇਹਦੀ ਵਰਤੋਂ ਇੱਕ ਪਾਸੇ ਤਾਂ ਅਤਿ ਪਛੜੀਆਂ ਜਾਤਾਂ ਨੂੰ ਰਾਖਵਾਂਕਰਨ ਦੇ ਕੇ ਆਪਣੇ ਪਰਾਂ ਥੱਲੇ ਲਿਆਉਣ ਤੇ ਵੋਟ ਬੈਂਕ ਸਥਾਪਤ ਕਰਨ ਲਈ ਹੋਈ ਹੈ ਤੇ ਦੂਜੇ ਪਾਸੇ ਰਾਖਵੇਂਕਰਨ 'ਚ ਸ਼ੁਮਾਰ ਨਾ ਹੁੰਦੇ ਹਿੱਸਿਆਂ 'ਚ ਪਛੜੀਆਂ ਜਾਤਾਂ ਬਾਰੇ ਰਾਖਵੇਂਕਰਨ ਦੇ ਲਾਭਪਾਤਰੀ ਕਹਿ ਕੇ ਤੁਅੱਸਬ ਫੈਲਾਉਣ ਅਤੇ ਜਾਤ-ਪਾਤੀ ਵੰਡਾਂ ਡੂੰਘੀਆਂ ਕਰਨ ਲਈ ਹੋਈ ਹੈ। ਰਾਖਵੇਂਕਰਨ ਵਿਰੋਧੀ ਅੰਦੋਲਨਾਂ ਦੇ ਥੱਲੇ ਅਖੌਤੀ ਉੱਚ ਜਾਤੀ ਨੌਜਵਾਨਾਂ ਦੀਆਂ ਪਿਛਾਖੜੀ ਲਾਮਬੰਦੀਆਂ ਕੀਤੀਆਂ ਗਈਆਂ ਹਨ ਤੇ ਦਲਿਤ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਹੁਣ




ਤੇਜ਼ਾ ਅਰਸੇ ਦੌਰਾਨ ਅਖੌਤੀ ਉੱਚ ਜਾਤੀਆਂ ਨੂੰ ਹੀ ਰਾਖਵੇਂਕਰਨ ਦੀ ਮੰਗ ਦੁਆਲੇ ਲਾਮਬੰਦ ਕਰਨ ਦਾ ਵੋਟ ਸਿਆਸਤ ਦਾ ਪੈਂਤੜਾ ਉੱਘੜ ਰਿਹਾ ਹੈ। ਹਰਿਆਣੇ 'ਚ ਰਾਖਵੇਂਕਰਨ ਦੇ ਮੁੱਦੇ ਦੀਆਂ ਜੜ੍ਹਾਂ ਵੀ ਅਜਿਹੀ ਸਿਆਸਤ 'ਚ ਹੀ ਲੱਗੀਆਂ ਹੋਈਆਂ ਹਨ। ਹਰਿਆਣੇ ਦੇ ਸਾਬਕਾ ਜਾਟ ਮੁੱਖ ਮੰਤਰੀ ਬੰਸੀ ਲਾਲ ਵੱਲੋਂ ਬਣਾਏ ਗੁਰਨਾਮ ਸਿੰਘ ਕਮਿਸ਼ਨ ਨੇ ਜਾਟਾਂ ਨੂੰ ਹੋਰ ਪਛੜੀਆਂ ਸ਼੍ਰੇਣੀਆਂ (ਓ ਬੀ ਸੀ) ਦੀ ਸੂਚੀ 'ਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਸੀ। ਏਸੇ ਅਰਸੇ ਦੌਰਾਨ ਹੀ ਬਣੇ ਦੋ ਹੋਰ ਕਮਿਸ਼ਨਾਂ ਨੇ ਅਜਿਹਾ ਸੁਝਾਅ ਰੱਦ ਕਰ ਦਿੱਤਾ ਸੀ ਤੇ ਭਜਨ ਲਾਲ (ਸਾਬਕਾ ਮੁੱਖ ਮੰਤਰੀ) ਨੇ ਜਾਟਾਂ ਨੂੰ ਅਜਿਹੀ ਸੂਚੀ ਵਿਚ ਸ਼ਾਮਲ ਨਾ ਕੀਤਾ। ਉਦੋਂ ਤੱਕ ਇਹ ਮੁੱਦਾ ਜਾਟ ਭਾਈਚਾਰੇ ਦੀ ਮੰਗ ਨਹੀਂ ਸੀ। ਮਗਰੋਂ 1997 ਤੇ 1999 'ਚ ਵੀ ਇਹ ਮੰਗ ਵੋਟ ਸਿਆਸਤਦਾਨਾਂ ਵੱਲੋਂ ਹੀ ਉਠਾਈ ਗਈ ਸੀ ਤੇ ਪਰਚਾਰੀ ਗਈ ਸੀ। 2004 ਕਾਂਗਰਸ ਦੇ ਜਾਟ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਜਾਟਾਂ ਦੀਆਂ ਵੋਟਾਂ ਵਟੋਰਨ ਲਈ ਵਿਧਾਨ ਸਭਾ ਚੋਣਾਂ ਮੌਕੇ ਜਾਟਾਂ ਨਾਲ ਰਾਖਵੇਂਕਰਨ ਦਾ ਵਾਅਦਾ ਕਰ ਲਿਆ ਤੇ ਜਾਟਾਂ ਦੀਆਂ ਵੋਟਾਂ ਸਹਾਰੇ ਹੀ ਉਹ ਮਗਰੋਂ 2014 ਤੱਕ ਮੁੱਖ ਮੰਤਰੀ ਵੀ ਰਿਹਾ। ਉਸ ਨੇ 2011 'ਚ ਕੇ.ਸੀ.ਗੁਪਤਾ ਕਮਿਸ਼ਨ ਬਣਾਕੇ ਜਾਟਾਂ ਨੂੰ ਚਾਰ ਹੋਰ ਜਾਤਾਂ ਸਮੇਤ ਵਿਸ਼ੇਸ਼ ਪਛੜੀਆਂ ਜਾਤੀਆਂ ਦਾ ਦਰਜਾ ਦੇ ਦਿੱਤਾ ਤੇ 10% ਰਾਖਵਾਂਕਰਨ ਕੋਟਾ ਦੇਣ ਦਾ ਐਲਾਨ ਕਰ ਦਿੱਤਾ। 2014 ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕੇਂਦਰ ਦੀ ਕਾਂਗਰਸ ਸਰਕਾਰ ਨੇ 9 ਰਾਜਾਂ ਦੇ ਜਾਟ ਭਾਈਚਾਰੇ ਨੂੰ ਕੇਂਦਰ ਦੀ ਓ.ਬੀ.ਸੀ. ਸੂਚੀ ਵਿਚ ਸ਼ਾਮਲ ਕਰ ਲਿਆ। ਹਾਲਾਂਕਿ ਪਛੜੀਆਂ ਜਾਤਾਂ ਬਾਰੇ ਕੌਮੀ ਕਮਿਸ਼ਨ ਨੇ ਉਸ ਮੌਕੇ ਕਿਹਾ ਸੀ ਕਿ ਇਹ ਫੈਸਲਾ ਉਸ ਦੀਆਂ ਸਿਫਾਰਸ਼ਾਂ ਤੇ ਅਧਾਰਤ ਨਹੀਂ ਹੈ। ਇਹ ਫੈਸਲਾ ਮਾਰਚ 2015 'ਚ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ। 2008 ਵਿਚ ਹਰਿਆਣੇ 'ਚ ਹੋਂਦ 'ਚ ਆਈਆਂ ਜਾਟ ਰਾਖਵਾਂਕਰਨ ਸੰਘਰਸ਼ ਸਮਿਤੀ ਤੇ ਹੋਰ ਜਥੇਬੰਦੀਆਂ ਨੇ ਉਸ ਮੰਗ ਲਈ ਆਵਾਜ਼ ਉਠਾਈ ਸੀ। ਪਰ ਉਦੋਂ ਜਾਟ ਆਧਾਰ ਵਾਲੇ ਵੋਟ ਸਿਆਸਤਦਾਨਾਂ ਦੀ ਫੌਰੀ ਜ਼ਰੂਰਤ ਨਾ ਹੋਣ ਕਰਕੇ ਇਹ ਮੰਗ ਇਉਂ ਨਾ ਉੱਭਰੀ। ਵੋਟ ਸਿਆਸਤਦਾਨਾਂ ਦੇ ਕੁਰਸੀ ਹਿਤਾਂ ਤੇ ਜਾਟ ਭਾਈਚਾਰੇ ਦੇ ਚੌਧਰੀਆਂ ਦੀਆਂ ਲਾਲਸਾਵਾਂ ਨੇ ਅਜਿਹੀ ਮੰਗ ਦੇ ਪਸਾਰੇ ਦਾ ਕੰਮ ਕੀਤਾ।

**ਤਾਜ਼ਾ ਸੰਕਟ-ਕਾਂਗਰਸੀ ਤੇ ਭਾਜਪਾਈ ਸਿਆਸਤਦਾਨਾਂ ਦੇ ਸ਼ਰੀਕਾ ਭੇੜ ਦਾ ਸਿੱਟਾ** : ਤਾਜ਼ਾ ਘਟਨਾਕ੍ਰਮ ਦੀ ਉਧੇੜ ਨੂੰ ਦੇਖਿਆਂ ਸਾਫ ਪਤਾ ਲਗਦਾ ਹੈ ਕਿ ਜਾਟ ਭਾਈ ਚਾਰੇ ਦੇ ਮੁੱਦੇ 'ਤੇ ਬਣੀਆਂ ਵੱਖ ਵੱਖ ਸੰਘਰਸ਼ ਸੰਮਤੀਆਂ ਨੇ ਇੱਕ ਦੂਜੇ ਤੋਂ ਅੱਗੇ ਲੰਘਣ ਲਈ ਫਟਾਫਟ ਸੰਘਰਸ਼ ਸੱਦੇ ਦਿੱਤੇ। ਇਹਨਾਂ ਨੂੰ ਕਾਂਗਰਸ ਦੇ ਹੁੱਡਾ ਗੁੱਟ ਵੱਲੋਂ ਹਮਾਇਤ ਦਿੱਤੀ ਗਈ। ਜਾਟ ਭਾਈਚਾਰੇ 'ਚ ਵੋਟ ਆਧਾਰ ਰੱਖਦੇ ਸਾਬਕਾ ਮੁੱਖ ਮੰਤਰੀ ਹੁੱਡਾ ਦੇ ਸਾਬਕਾ ਸਿਆਸੀ ਸਲਾਹਕਾਰ ਵਰੇਂਦਰ ਦੀ ਕਿਸੇ ਨਾਲ ਫੋਨ 'ਤੇ ਹੋਈ ਗੱਲਬਾਤ ਲੀਕ ਹੋਣ ਨੇ ਇਹ ਹਕੀਕਤ ਜੱਗ ਜਾਹਰ ਕਰ ਦਿੱਤੀ ਹੈ। ਉਹਨੇ ਸਾਹਮਣੇ ਵਾਲੇ ਨੂੰ ਸਿਰਸੇ ਵੱਲ ਮਹੌਲ ਜਿਆਦਾ ਗਰਮ ਨਾ ਹੋਣ ਦਾ ਉਲਾਂਭਾ ਦਿੱਤਾ। ਹੁੱਡਾ ਦੇ ਪ੍ਰਭਾਵ ਵਾਲੇ ਜਿਲ੍ਹੇ ਰੋਹਤਕ, ਸੋਨੀਪਤ ਤੇ ਝੱਜਰ ਹੀ ਇਸ ਅੰਦੋਲਨ ਦਾ ਕੇਂਦਰ ਰਹੇ। ਸੜਕਾਂ ਤੇ ਦਹਿਸ਼ਤ ਫੈਲਾ ਰਹੀਆਂ, ਅੱਗਾਂ ਲਾ ਰਹੀਆਂ ਗੁੰਡਾ ਢਾਣੀਆਂ ਬਕਾਇਦਾ ਜਥੇਬੰਦ ਕੀਤੀਆਂ ਗਈਆਂ ਸਨ। ਜੇ.ਸੀ.ਬੀ. ਮਸ਼ੀਨਾਂ ਨਾਲ ਘੰਟਿਆਂ ਬੱਧੀ ਸੈਂਕੜੇ ਦਰਖਤ ਪੁੱਟ ਕੇ ਮੁੱਖ ਮਾਰਗਾਂ 'ਤੇ ਸੁੱਟੇ ਗਏ। ਹਥਿਆਰਾਂ ਨਾਲ ਲੈਸ ਨੌਜਵਾਨਾਂ ਦੀਆਂ ਟੋਲੀਆਂ ਨੇ ਚੁਣ ਚੁਣ ਕੇ ਦੂਜੀਆਂ ਜਾਤਾਂ ਦੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ । ਇਹ ਸਭ ਆਪ ਮੁਹਾਰੇ ਅੰਦੋਲਨ ਦੌਰਾਨ ਸੰਭਵ ਨਹੀਂ ਸੀ। ਇਹ ਸਭ ਵੱਡੇ ਤਾਣੇ-ਬਾਣੇ ਵਾਲੀ ਤੇ ਅਜਿਹੇ ਦੰਗਿਆਂ ਦੀ ਤਜਰਬੇਕਾਰ ਪਾਰਟੀ ਕਾਂਗਰਸ ਦੀ ਨੇੜਲੀ ਅਗਵਾਈ 'ਚ ਹੀ ਸੰਭਵ ਹੋਇਆ। ਤੇ ਦੂਜੇ ਪਾਸੇ ਭਾਜਪਾ ਦੀ ਹਕੂਮਤ ਨੇ ਇਸ ਚੱਲ ਰਹੀ ਲੁੱਟ ਮਾਰ ਨਾਲ ਨਜਿੱਠਣ 'ਚ ਢਿੱਲ ਵਿਖਾਈ, ਪੁਲਸ ਨੂੰ ਸਖ਼ਤੀ ਨਾ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ। ਅਜਿਹੀਆਂ ਰਿਪੋਰਟਾਂ ਦੀ ਭਰਮਾਰ ਹੈ ਜਦੋਂ ਲੋਕਾਂ ਨੇ ਘਟਨਾਵਾਂ ਤੋਂ ਪਹਿਲਾਂ ਪੁਲਿਸ ਨੂੰ ਸੂਚਿਤ ਕੀਤਾ, ਪਹੁੰਚਣ ਲਈ ਬੇਨਤੀਆਂ ਕੀਤੀਆਂ ਪਰ ਪੁਲਸ ਮੌਕੇ 'ਤੇ ਨਹੀਂ ਆਈ। ਰੋਹਤਕ ਤੋਂ ਬਦਲ ਦਿੱਤੇ ਗਏ ਆਈ. ਜੀ. ਨੇ ਕਿਹਾ ਕਿ ਉਹਨੇ ਸਥਿਤੀ ਨੂੰ ਅਗਾਊਂ ਭਾਂਪਦਿਆਂ ਹੋਰ ਸੁਰੱਖਿਆ ਬਲ ਮੰਗੇ ਸਨ ਪਰ ਉਸ ਦੀ ਮੰਗ ਨੂੰ ਦਰਕਿਨਾਰ ਕਰ ਦਿੱਤਾ ਗਿਆ। ਅਜਿਹੇ ਹੋਰ ਬਹੁਤ ਤੱਥ ਹਨ ਜੋ ਦਰਸਾਉਂਦੇ ਹਨ ਕਿ ਖੱਟਰ ਹਕੂਮਤ ਨੇ ਜਾਟ ਅੰਦੋਲਨ ਦੀ ਹਿੰਸਾ ਰੋਕਣ 'ਚ ਨਰਮਾਈ ਦਿਖਾਈ। ਇਹਦਾ ਕਾਰਨ ਵੀ ਭਾਜਪਾ ਦੀ ਵੋਟ ਗਿਣਤੀ ਹੈ। ਇਸ ਵਾਰ ਭਾਜਪਾ ਦੀ ਵਿਧਾਨ ਸਭਾ ਚੋਣਾਂ 'ਚ ਜਿੱਤ ਦਾ ਵੱਡਾ ਕਾਰਨ ਗੈਰ-ਜਾਟ ਵੋਟਾਂ ਦੀ ਭਾਜਪਾ ਦੇ ਹੱਕ 'ਚ ਹੋਈ ਪਾਲਾਬੰਦੀ ਸੀ। ਹਾਕਮ ਜਮਾਤੀ ਸਿਆਸਤ 'ਚ ਪ੍ਰਚੱਲਤ ਲਫਾਜੀ ਅਨੁਸਾਰ ਅਮਿਤ ਸ਼ਾਹ ਦੀ ਟੀਮ ਵੱਲੋਂ ਜੋਨਲ ਇੰਜਨੀਅਰਿੰਗ ਦਾ ਕਮਾਲ ਦਾ ਸਿੱਟਾ ਸੀ ਕਿ ਹਰਿਆਣੇ 'ਚ ਕੁੱਲ ਵੋਟਾਂ ਦਾ 70% ਬਣਦੀਆਂ ਗੈਰ-ਜਾਟ ਵੋਟਾਂ ਦਾ ਵੱਡਾ ਹਿੱਸਾ ਭਾਜਪਾ ਨੂੰ ਮਿਲਿਆ ਸੀ। ਦੂਜੇ ਪਾਸੇ ਜਾਟ ਵੋਟਾਂ ਕਾਂਗਰਸ ਤੇ ਇਨੈਲੋ 'ਚ ਵੰਡੀਆਂ ਗਈਆਂ ਸਨ। ਭਾਜਪਾ ਨੇ ਇਹਨਾਂ ਵੋਟਾਂ ਨੂੰ ਵੰਡਣ ਲਈ ਇੱਕ ਹੋਰ ਚਾਲ ਵੀ ਚੱਲੀ ਸੀ। ਉਹਨੇ ਜਾਟ ਪ੍ਰਭਾਵ ਵਾਲੇ ਖੇਤਰਾਂ 'ਚ ਜਾਟ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ। ਉਹਨਾਂ 'ਚੋ ਬਹੁਤੇ ਜਿੱਤ ਨਾ ਸਕੇ ਪਰ ਉਹ ਜਾਟ ਵੋਟਾਂ ਦਾ ਕੁਝ ਪ੍ਰਤੀਸ਼ਤ ਲਿਜਾਣ 'ਚ ਕਾਮਯਾਬ ਰਹੇ। ਜਾਟਾਂ ਦੀਆਂ ਕੁੱਲ ਵੋਟਾਂ 'ਚੋਂ 41% ਹਿੱਸਾ ਚੌਟਾਲਿਆਂ ਨੂੰ, 30% ਹਿੱਸਾ ਕਾਂਗਰਸ ਨੂੰ ਤੇ 22% ਹਿੱਸਾ ਭਾਜਪਾ ਨੂੰ ਮਿਲਿਆ ਸੀ। ਏਸ ਹੁੰਗਾਰੇ ਨੇ ਭਾਜਪਾ ਲੀਡਰਸ਼ਿਪ ਅੰਦਰ ਜਾਟਾਂ 'ਚ ਕਾਂਗਰਸ ਤੇ ਇਨੈਲੋ ਦੇ ਵੋਟ ਬੈਂਕ ਨੂੰ ਸੰਨ੍ਹ ਲਾਉਣ ਦੀ ਲਾਲਸਾ ਪੈਦਾ ਕੀਤੀ। ਅਜਿਹੀਆਂ ਉਮੀਦਾਂ ਦਾ ਸਿੱਟਾ ਸੀ ਕਿ ਮਾਰਚ 2015 'ਚ ਮੋਦੀ ਨੇ ਜਾਟ ਰਾਖਵਾਂਕਰਨ ਸੰਘਰਸ਼ ਸੰਮਤੀ ਦੇ ਆਗੂਆਂ ਨੂੰ ਰਾਖਵੇਂਕਰਨ ਦਾ ਭਰੋਸਾ ਦਿਵਾਇਆ ਸੀ। ਕਾਂਗਰਸ ਲਈ ਜਾਟਾਂ 'ਚੋਂ ਵੋਟ ਘਟ ਕੇ ਭਾਜਪਾ ਵੱਲ ਸ਼ਿਫਟ ਹੋਣ ਨੇ ਵੀ ਚਿੰਤਾ ਪੈਦਾ ਕੀਤੀ ਤੇ ਉਹਦੇ ਲਈ ਜਾਟਾਂ ਦੀ ਭਾਜਪਾ ਵਿਰੋਧੀ ਲਾਮਬੰਦੀ ਅਹਿਮ ਜ਼ਰੂਰਤ ਬਣ ਗਈ।

ਭਾਜਪਾ ਲਈ ਇੱਕ ਪਾਸੇ ਤਾਂ ਜਾਟਾਂ 'ਚ ਵੋਟ ਬੈਂਕ ਦਾ ਪਸਾਰਾ ਕਰਨ ਦੀ ਲਾਲਸਾ ਸੀ ਦੇ ਦੂਜੇ ਪਾਸੇ ਪਛੜੀਆਂ ਜਾਤਾਂ 'ਚੋਂ ਆਧਾਰ ਖੁਰਨ ਦੀ ਚਿੰਤਾ ਵੀ। ਉਹ ਗੈਰ ਜਾਟ ਜਾਤਾਂ 'ਚ ਪੈਦਾ ਹੋਈ ਅਸੁਰੱਖਿਆ ਭਾਵਨਾ ਦੀ ਵਰਤੋਂ ਇਹਨਾਂ ਨੂੰ ਆਪਣੇ ਨਾਲ ਪੱਕੀ ਤਰ੍ਹਾਂ ਜੋੜਨ ਲਈ ਕਰਨਾ ਚਾਹੁੰਦੀ ਸੀ। ਭਾਜਪਾ 'ਚ ਪਛੜੀਆਂ ਸ਼੍ਰੇਣੀਆਂ ਦੇ ਆਗੂ ਰਾਜ ਕੁਮਾਰ ਸੈਣੀ, ਜੋ ਕੁਰੂਕਸ਼ੇਤਰ ਤੋਂ ਐਮ. ਪੀ. ਹੈ, ਨੇ ਝੱਟ ਜਾਟ ਅੰਦੋਲਨ ਦੇ ਵਿਰੋਧ ਦਾ ਪੈਂਤੜਾ ਲੈ ਲਿਆ ਤੇ ਉਹਨੇ ਜਾਟਾਂ ਖਿਲਾਫ ਆਪਣੇ ਓ.ਬੀ.ਸੀ. ਬ੍ਰਿਗੇਡ ਵੱਲੋਂ ਭਿੜਨ ਦੀ ਤਿਆਰੀ ਦੇ ਐਲਾਨ ਕੀਤੇ। ਉਸ ਨੇ ਕਿਹਾ ਕਿ ਉਹ 35 ਭਾਈਚਾਰਿਆਂ ਨੂੰ ਇਕੱਠੇ ਕਰਕੇ ਜਾਟਾਂ ਖਿਲਾਫ਼ ਭਿੜੇਗਾ। ਇਹਨੇ ਭਾਜਪਾ ਲਈ ਕਸੂਤੀ ਹਾਲਤ ਪੈਦਾ ਕੀਤੀ। ਉਹਨੇ ਦੰਗਾਕਾਰੀਆਂ ਪ੍ਰਤੀ ਢਿੱਲ ਦਿੱਤੀ ਤੇ ਪੁਲਸ ਫਾਇਰਿੰਗ 'ਚ ਮਾਰੇ ਦੰਗਾਕਾਰੀਆਂ ਦੇ ਵਾਰਸਾਂ ਨੂੰ ਝਟਪਟ ਮੁਆਵਜ਼ੇ ਤੇ ਨੌਕਰੀਆਂ ਦਾ ਐਲਾਨ ਕਰ ਦਿੱਤਾ। ਰਾਜ ਕੁਮਾਰ ਸੈਣੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦਾ ਦਿਖਾਵਾ ਕੀਤਾ। ਭਾਜਪਾ ਦੇ ਗੈਰ-ਜਾਟ ਮੰਤਰੀਆਂ ਨੇ ਸਰਕਾਰ ਵੱਲੋਂ ਕਾਰਵਾਈ ਨਾ ਕਰਨ ਦੀ ਨੀਤੀ ਖਿਲਾਫ਼ ਤਿੱਖਾ ਵਿਰੋਧ ਪ੍ਰਗਟ ਕੀਤਾ। ਇਉਂ ਦੁਚਿੱਤੀ ਵਿਚ ਘਿਰੀ ਖੱਟਰ ਸਰਕਾਰ ਨੇ ਹਰਿਆਣੇ ਦੇ ਲੋਕਾਂ ਨੂੰ ਗੁੰਡਾ ਗਰੋਹਾਂ ਦੇ ਰਹਿਮੋ ਕਰਮ ਤੇ ਛੱਡ ਦਿੱਤਾ। ਕਾਂਗਰਸ ਦੇ ਰਾਜ ਪ੍ਰਧਾਨ ਅਸ਼ੋਕ ਤੰਵਰ ਨੇ ਹੁੱਡਾ ਵੱਲੋਂ ਜਾਟ ਅੰਦੋਲਨ ਭੜਕਾਉਣ ਤੇ ਨਰਾਜ਼ਗੀ ਜ਼ਾਹਰ ਕੀਤੀ ਤੇ ਸੋਨੀਆ ਗਾਂਧੀ ਕੋਲ ਜਾ ਕੇ ਹੁੱਡੇ ਦੀ ਸ਼ਿਕਾਇਤ ਵੀ ਲਾਈ ਕਿਉਂਕਿ ਉਹਦਾ ਆਵਦਾ ਪਛੜੀਆਂ ਜਾਤਾਂ 'ਚ ਅਧਾਰ ਹੈ। ਇਸ ਨੇ ਦਰਸਾਇਆ ਕਿ ਸਮਾਜ 'ਚ ਜਾਤ-ਪਾਤੀ ਤੇ ਫਿਰਕੂ ਵੰਡੀਆਂ ਡੂੰਘੀਆਂ ਕਰਨ ਪੱਖੋਂ ਕਾਂਗਰਸ ਭਾਜਪਾ ਨਾਲੋਂ ਘੱਟ ਖਤਰਨਾਕ ਨਹੀਂ ਹੈ ਸਗੋਂ ਉਹ ਅਜਿਹੀਆਂ ਪਾਲਾਬੰਦੀਆਂ ਦੀ ਪੁਰਾਣੀ ਖਿਡਾਰੀ ਹੈ। ਇਉਂ ਸਭਨਾ ਵੋਟ ਪਾਰਟੀਆਂ ਤੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੇ ਸ਼ਰੀਕਾ-ਭੇੜ 'ਚ ਇੱਕ ਦੂਜੇ ਨੂੰ ਠਿੱਬੀ ਲਾਉਣ ਦੀਆਂ ਚਾਲਾਂ ਚੱਲੀਆਂ ਤੇ ਲੋਕਾਂ 'ਤੇ ਸਾੜ੍ਹਸਤੀ ਲਿਆਂਦੀ। ਇਉਂ ਹਰਿਆਣੇ ਦੇ ਲੋਕਾਂ ਨੇ ਮੌਕਾਪ੍ਰਸਤ ਵੋਟ-ਸਿਆਸਤ ਦੀਆਂ ਖ਼ੂਨੀ ਚਾਲਾਂ ਦਾ ਮਹਿੰਗਾ ਮੁੱਲ ਤਾਰਿਆ ਹੈ।

**ਜਾਟਾਂ 'ਚ ਬੇਚੈਨੀ - ਜ਼ਰੱਈ ਸੰਕਟ ਮੂਲ ਵਜ੍ਹਾ** : ਜਾਟ ਭਾਈਚਾਰੇ ਦੀ ਉਚੀ ਸਮਾਜਿਕ ਹੈਸੀਅਤ ਦਾ ਅਰਥ ਇਹ ਨਹੀਂ ਕਿ ਸਾਰੀ ਜਾਟ ਵਸੋਂ ਆਰਥਕ ਪੱਖੋਂ ਖ਼ੁਸ਼ਹਾਲੀ ਦੀ ਹਾਲਤ 'ਚ ਹੈ। ਜਾਗੀਰਦਾਰਾਂ ਤੇ ਵੱਡੀਆਂ ਜਾਇਦਾਦਾਂ ਦੇ ਮਾਲਕ ਮੁੱਠੀ ਭਰ ਰਸੂਖਵਾਨਾਂ ਨੂੰ ਛੱਡ ਕੇ ਬਾਕੀ ਵਸੋਂ ਦਿਨੋ-ਦਿਨ ਮੰਦਹਾਲੀ ਦੇ ਮੂੰਹ ਧੱਕੀ ਜਾ ਰਹੀ ਹੈ। ਬਾਕੀ ਪੇਂਡੂ ਭਾਰਤ ਵਾਂਗ ਹਰਿਆਣੇ ਦਾ ਖੇਤੀ ਖੇਤਰ ਵੀ ਡੂੰਘੇ ਜ਼ਰੱਈ ਸੰਕਟ ਦਾ ਸ਼ਿਕਾਰ ਹੈ। ਜ਼ਮੀਨਾਂ ਖੁਰ ਰਹੀਆਂ ਹਨ, ਖੇਤੀ ਘਾਟੇ ਦਾ ਸੌਦਾ ਨਿੱਬੜ ਰਹੀ ਹੈ। ਕਰਜ਼ੇ, ਖ਼ੁਦਕਸ਼ੀਆਂ ਹਰਿਆਣੇ ਦੇ ਪਿੰਡਾਂ ਦੀ ਹਕੀਕਤ

ਬਣੀ ਹੋਈ ਹੈ। ਸਰਕਾਰੀ ਖੇਤਰ ’ਚ ਨੌਕਰੀਆਂ ਦਾ ਲਗਭਗ ਭੋਗ ਪੈ ਚੁੱਕਾ ਹੈ। ਪਿਛਲੇ ਦਹਾਕੇ ਦੌਰਾਨ ਹਰਿਆਣੇ ’ਚ ਲੱਗੀ ਆਟੋ ਸਨਅਤ ਨੇ ਵੀ ਨਿਗੂਣਾ ਰੁਜ਼ਗਾਰ ਪੈਦਾ ਕੀਤਾ ਹੈ ਤੇ ਉਥੇ ਦੀਆਂ ਔਖੀਆਂ ਕੰਮ ਹਾਲਤਾਂ ਦਰਮਿਆਨ ਕਿਰਤ ਨਿਚੋੜੂ ਸ਼ਰਤਾਂ ’ਤੇ ਅਖੌਤੀ ਨੀਵੀਆਂ ਜਾਤਾਂ ਦੇ ਨੌਜਵਾਨ ਹੀ ਨਿਭ ਰਹੇ ਹਨ। ਅਜਿਹੀ ਸਥਿਤੀ ਦਰਮਿਆਨ ਖੇਤੀ ਖੇਤਰ ’ਤੇ ਨਿਰਭਰ ਇਸ ਭਾਈਚਾਰੇ ’ਚ ਤਿੱਖੀ ਬੇਚੈਨੀ ਤੇ ਰੋਹ ਸੁਲਘ ਰਿਹਾ ਹੈ ਤੇ ਖਰੀਆਂ ਇਨਕਲਾਬੀ ਲੀਡਰਸ਼ਿਪਾਂ ਦੀ ਅਗਵਾਈ ਦੀ ਅਣਹੋਂਦ ’ਚ ਇਹ ਰੋਹ ਤੇ ਬੇਚੈਨੀ ਹਾਕਮ ਜਮਾਤੀ ਵੋਟ ਸਿਆਸਤਦਾਨਾਂ ਲਈ ਪਿਛਾਖੜੀ ਲਾਮਬੰਦੀਆਂ ਦਾ ਸਾਧਨ ਬਣ ਰਹੀ ਹੈ। ਸਰਕਾਰੀ ਖੇਤਰ ’ਚ ਰੁਜ਼ਗਾਰ ਦਾ ਲਗਭਗ ਭੋਗ ਪੈ ਜਾਣ ਕਰਕੇ ਹੁਣ ਰਾਖਵਾਂਕਰਨ ਵੀ ਨੌਜਵਾਨਾਂ ਲਈ ਰੁਜ਼ਗਾਰ ਮੌਕੇ ਮੁਹੱਈਆ ਕਰਵਾਉਣ ਦਾ ਸਾਧਨ ਨਹੀਂ ਰਿਹਾ। ਇਹ ਮੰਗ ਤਾਂ ਹੁਣ ਹਕੀਕਤ ਤੋਂ ਧਿਆਨ ਤਿਲ੍ਹਕਾਉਣ ਦਾ ਹੀ ਸਾਧਨ ਬਣਦੀ ਹੈ ਤੇ ਰੁਜ਼ਗਾਰ ਉਜਾੜੇ ਦੇ ਅਸਲ ਕਾਰਨਾਂ ’ਤੇ ਪਰਦਾ ਪਾਉਣ ਦਾ ਜ਼ਰੀਆ ਵੀ। ਇਸ ਹਾਲਤ ’ਚੋਂ ਜਮਾਤੀ ਤਬਕਾਤੀ ਮੰਗਾਂ ਨੂੰ ਲੈ ਕੇ ਖਰੀਆਂ ਜਮਹੂਰੀ ਲੀਹਾਂ ’ਤੇ ਜਥੇਬੰਦ ਹੋਈਆਂ ਨੌਜਵਾਨ ਤੇ ਕਿਸਾਨ ਲਹਿਰਾਂ ਦੀ ਅਣਸਰਦੀ ਲੋੜ ਉੱਭਰ ਰਹੀ ਹੈ ਜਦ ਕਿ ਵੋਟ ਪਾਰਟੀਆਂ ਇੱਕ ਹੱਥ ਸਮਾਜ ’ਚ ਜਾਤੀ ਵੰਡੀਆਂ ਡੂੰਘੀਆਂ ਕਰਦੀਆਂ ਹਨ ਤੇ ਦੂਜੇ ਹੱਥ ਜਮਾਤੀ ਵੰਡਾਂ ਨੂੰ ਧੁੰਦਲਾ ਪਾਉਣ ਦਾ ਯਤਨ ਕਰਦੀਆਂ ਹਨ। ਇੱਕੋ ਜਾਤ ਦੇ ਨਾਂ ਥੱਲੇ ਜਾਗੀਰਦਾਰਾਂ ਤੇ ਸਬੰਧਤ ਬੇਜਮੀਨੇ ਕਿਸਾਨਾਂ ਦੇ ਹਿਤਾਂ ਨੂੰ ਰਲਗੱਡ ਕਰਕੇ ਪੇਸ਼ ਕਰਦੀਆਂ ਹਨ। । ਜਿਵੇਂ ਪੰਜਾਬ ’ਚ ਸਿੱਖਾਂ ਅਤੇ ਜੱਟ ਸਿੱਖਾਂ ਦੇ ਨਾਂ ਤੇ ਕੀਤਾ ਜਾਂਦਾ ਹੈ। ਇਉ ਇਹ ਲਾਮਬੰਦੀਆਂ ਜਮਾਤੀ ਘੋਲਾਂ ਨੂੰ ਲੀਹੋਂ ਲਾਹੁਣ ਦਾ ਸਾਧਨ ਬਣਦੀਆਂ ਹਨ ਤੇ ਕੁਰਸੀ ਲਈ ਸ਼ਰੀਕਾ-ਭੇੜ ’ਚ ਵੋਟਾਂ ਦੀ ਫਸਲ ਦਾ ਝਾੜ ਬਣਦੀਆਂ ਹਨ। ਹਰਿਆਣਾ ਦਾ ਤ ?ਜ਼ਾ ਘਟਨਾਕ੍ਰਮ ਏਸੇ ਹਕੀਕਤ ਨੂੰ ਉਘਾੜ ਰਿਹਾ ਹੈ।

**ਪੰਜਾਬ ਲਈ ਸੰਕੇਤ** : ਹਰਿਆਣੇ ਦਾ ਘਟਨਾਕ੍ਰਮ ਪੰਜਾਬ ਦੀਆਂ ਖਰੀਆਂ ਲੋਕ ਪੱਖੀ ਤੇ ਜੁਝਾਰ ਸ਼ਕਤੀਆਂ ਲਈ ਚੌਕੰਨੇ ਹੋਣ ਦਾ ਸੰਕੇਤ ਹੈ। ਪੰਜਾਬ ਦੇ ਵੋਟ ਵਟੋਰੂ ਸਿਆਸਤਦਾਨ ਵੀ ਆਪਣੀਆਂ ਵੋਟ ਗਿਣਤੀਆਂ ’ਚੋਂ ਅਜਹੀਆਂ ਮੰਗਾਂ ਉਭਾਰਦੇ ਰਹਿੰਦੇ ਹਨ। ਸਿੱਖ ਜਨਤਾ ਨੰਗੇ ਚਿੱਟੇ ਫਿਰਕੂ ਨਾਅਰਿਆਂ ਦੁਆਲੇ ਲਾਮਬੰਦ ਕਰਨ ਦੇ ਦਾਅ-ਪੇਚ, ਘਟੀ ਅਸਰਕਾਰੀ ਦਰਮਿਆਨ, ਜਾਤ ਅਧਾਰਤ ਰਾਖਵੇਂਕਰਨ ਦਾ ਮੁੱਦਾ ਉਹਨਾਂ ਲਈ ਪਿਛਾਖੜੀ ਲਾਮਬੰਦੀ ਦਾ ਸਾਧਨ ਬਣ ਸਕਦਾ ਹੈ। ਅਜਿਹੀਆਂ ਕੋਸ਼ਿਸ਼ਾਂ ਹੁੰਦੀਆਂ ਆ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋ ਜਾਟ ਮਹਾਂ ਸਭਾ ਪਹਿਲਾਂ ਹੀ ਬਣਾਈ ਹੋਈ ਹੈ ਤੇ ਉਹਨੇ ਹਰਿਆਣੇ ਦੇ ਜਾਟ ਅੰਦੋਲਨ ਦੀ ਮੰਗ ਦਾ ਯਕਦਮ ਸਮਰਥਨ ਦਾ ਐਲਾਨ ਵੀ ਕੀਤਾ ਹੈ। ਲੱਖੋਵਾਲ ਵੀ ਗਾਹੇ-ਵਗਾਹੇ ਅਜਿਹੇ ਰਾਖਵੇਂਕਰਨ ਦੀ ਮੰਗ ਉਠਾਉਂਦਾ ਆ ਰਿਹਾ ਹੈ। ਇਉ ਆਪਣੀਆਂ ਵੋਟ ਗਿਣਤੀਆਂ ਦੀ ਜ਼ਰੂਰਤ ’ਚੋਂ ਇਸ ਮੰਗ ਨੂੰ ਉਭਾਰਨਾ ਤੇ ਇਹਦੇ ਦੁਆਲੇ ਲਾਮਬੰਦੀ ਕਰਨੀ ਇਹਨਾਂ ਲਈ ਢੁਕਵੇਂ ਮੌਕੇ ਦੀ ਚੋਣ ਤੇ ਸਿਆਸੀ ਸਮੀਕਰਨਾ ਦੇ ਠੀਕ ਤਨਾਸਬ ਦਾ ਮਸਲਾ ਹੀ ਹੈ। ਅਜਿਹੇ ਮੁੱਦੇ ਉੱਭਰਨ ਦੀਆਂ ਪੰਜਾਬ ਦੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀ ਜਮਾਤੀ ਸਾਂਝ ’ਤੇ ਆਂਚ ਆਉਣ ਪੱਖੋਂ ਵੀ ਅਰਥ ਸੰਭਾਵਨਾਵਾਂ ਬਣਦੀਆਂ ਹਨ। ਪੰਜਾਬ ਦੀ ਜੁਝਾਰ ਕਿਸਾਨ ਲਹਿਰ ਦੀ ਉੱਠਦੀ ਤਾਕਤ ਤੋਂ ਘਬਰਾਏ ਹਾਕਮਾਂ ਵੱਲੋਂ ਦੇਰ ਸਵੇਰ ਅਜਿਹੇ ਪੱਤੇ ਅਜਮਾਏ ਜਾਣੇ ਹਨ।

ਏਸੇ ਦਰਮਿਆਨ ਇੱਕ ਹੋਰ ਪੱਖ ਵੀ ਧਿਆਨ ਖਿੱਚਦਾ ਹੈ। ਹਰਿਆਣੇ ਦੇ ਇਸ ਅੰਦੋਲਨ ਦਰਮਿਆਨ ਵੱਡੀ ਪੱਧਰ ਤੇ ਹੋਈ ਸਾੜ ਫੂਕ ਤੇ ਲੁੱਟ-ਮਾਰ ਰਾਹੀਂ ਜਾਇਦਾਦ ਦੇ ਨੁਕਸਾਨ ਦਾ ਮੁੱਦਾ ਵੀ ਆਖਰਕਾਰ ਹਾਕਮ ਜਮਾਤਾਂ ਲਈ ਕਾਨੂੰਨਾਂ ਨੂੰ ਹੋਰ ਸਖਤ ਕਰਨ ਦਾ ਸਬੱਬ ਬਣਨਾ ਹੈ। ਅਜਿਹੇ ਕਾਨੂੰਨ ਬਣਾਉਣ ਦੀਆਂ ਜ਼ਰੂਰਤਾਂ ਦੀ ਚਰਚਾ ਨੇ ਮੁੜ ਸਿਰ ਚੁੱਕ ਲਿਆ ਹੈ। ਹਾਕਮ ਜਮਾਤੀ ਵੋਟ ਸਿਆਸਤ ਵੱਲੋਂ ਸਿਰਜਿਆ ਅਜਿਹਾ ਮਹੌਲ ਰਾਜ ਮਸ਼ੀਨਰੀ ਦੇ ਦੰਦ ਹੋਰ ਤਿੱਖੇ ਕਰਨ ਲਈ ਐਨ ਢੁਕਵਾਂ ਬਹਾਨਾ ਬਣਦਾ ਹੈ। ਅਜਿਹੇ ਕਾਨੂੰਨਾਂ ਨੇ ਲੁੱਟ-ਮਾਰ ਦੀਆਂ ਘਟਨਾਵਾਂ ਮੌਕੇ ਮੋਮ ਦਾ ਨੱਕ ਬਣ ਜਾਣਾ ਹੁੰਦਾ ਹੈ ਤੇ ਲੋਕਾਂ ਦੀਆਂ ਹੱਕੀ ਜੱਦੋ-ਜਹਿਦਾਂ ਖਿਲਾਫ ਵਰਤੇ ਜਾਣਾ ਹੁੰਦਾ ਹੈ।

# ਦੇਸ਼-ਭਗਤੀ ਅਤੇ ਦੇਸ਼-ਧ੍ਰੋਹ ਦੀ ਫਿਰਕੂ ਪਰਿਭਾਸ਼ਾ



ਕੰਵਲਜੀਤ ਖੰਨਾ

ਪੂਰੇ ਦੇਸ਼ ਦੇ ਲੋਕ 16 ਮਈ 2014 ਤੋਂ ਬਾਅਦ ਦੇਸ਼ ਦੀ ਹਕੂਮਤੀ ਸਿਆਸਤ ’ਚ ਜਿਸ ਤੇਜੀ ਨਾਲ ਸਗੋਂ ਇੰਝ ਕਹਿਣਾ ਜ਼ਿਆਦਾ ਦਰੁਸਤ ਹੋਵੇਗਾ ਕਿ ਜਿਸ ਤੀਖਣਤਾ ਨਾਲ ਹਿਟਲਰ-ਸ਼ਾਹੀ ਆਪਣਾ ਫਨ ਫੈਲਾ ਰਹੀ ਹੈ, ਨੂੰ ਲੈ ਕੇ ਚਿੰਤਾਗ੍ਰਸਤ ਹਨ। ਪੂਨਾ ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ ਤੋਂ ਹੁੰਦਾ ਹੋਇਆ ਬਰਾਸਤਾ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦਿੱਲੀ ਦੀ ਮੰਨੀ ਪ੍ਰਮੰਨੀ ਜਵਾਹਰ ਲਾਲ ਯੂਨੀਵਰਸਿਟੀ ’ਚ ਪਹੁੰਚਿਆ ਇਹ ਫਿਰਕੂ ਨਾਗ, ਆਪਣਾ ਪੂਰੇ ਜੋਬਨ ਤੇ ਕਰਤੱਵ ਦਿਖਾ ਰਿਹਾ ਹੈ। ਦੇਸ਼ ਦੀ ਫਿਲਮ ਤੇ ਟੀ.ਵੀ. ਸਨਅਤ ਨੂੰ ਬੇਹਤਰੀਨ ਅਦਾਕਾਰ, ਨਿਰਦੇਸ਼ਕ, ਫਿਲਮਸਾਜ਼, ਤਕਨੀਕੀ ਮਾਹਿਰ ਦੇਣ ਵਾਲੀ ਇਸ ਪ੍ਰਸਿੱਧ ਕਲਾ ਸੰਸਥਾ ਦੇ ਵਿਦਿਆਰਥੀਆਂ ਨੂੰ ਮੋਦੀ ਹਕੂਮਤ ਵੱਲੋਂ ਉਨ੍ਹਾਂ ਉੱਪਰ ਥੋਪੇ ਗਏ ਨਵੇਂ ਮੁਖੀ ਗੰਜੇਦਰ ਚੌਹਾਨ ਦੀ ਨਿਯੁਕਤੀ ’ਤੇ ਸਖਤ ਇਤਰਾਜ਼ ਸੀ। ਮੋਦੀ ਹਕੂਮਤ ਨੇ ਆਉਂਦੇ ਸਾਰ ਹੀ ਸੰਘ ਪਰਿਵਾਰ ਦੇ ਹਿੰਦੂਤਵਵਾਦੀ ਏਜੰਡੇ ਮੁਤਾਬਿਕ ਹੋਰਨਾਂ ਸੰਸਥਾਵਾਂ ਵਾਂਗ ਇਸ ਸੰਸਥਾ ਨੂੰ ਵੀ ਆਪਣੇ ਹੁਕਮ ਦਾ ਗੋਲਾ ਬਨਾਉਣ ਲਈ ਆਰ. ਐਸ. ਐਸ. ਨਾਲ ਜੁੜੇ ਚਾਰ ਹੋਰ ਅਹੁਦੇਦਾਰਾਂ ਸਮੇਤ ਗੰਜੇਦਾਰ ਚੌਹਾਨ (ਮਹਾਂਭਾਰਤ ਸੀਰੀਅਲ ਵਾਲਾ ਯੁਧਿਸ਼ਠਰ) ਨੂੰ ਮੁਖੀ ਕਮੇਟੀ ’ਚ ਤੈਨਾਤ ਕਰ ਦਿੱਤਾ ਸੀ। 136 ਦਿਨ ਲਗਾਤਾਰ ਹੜਤਾਲ ਕਰਨ, ਵਿਦਿਆਰਥੀਆਂ ਵਲੋਂ ਜੰਤਰ-ਮੰਤਰ ਦਿੱਲੀ ’ਚ ਪ੍ਰਦਰਸ਼ਨ ਦੌਰਾਨ ਦਿੱਲੀ ਪੁਲਿਸ ਦੀਆਂ ਡਾਂਗਾਂ ਖਾਣ ਦੇ ਬਾਵਜੂਦ ਕੇਂਦਰ ਤੇ ਮਹਾਂਰਾਸ਼ਟਰ ਦੀਆਂ ਭਾਜਪਾ ਸਰਕਾਰਾਂ ਟੱਸ ਤੋਂ ਮੱਸ ਨਹੀਂ ਹੋਈਆਂ। ਤਿਲੰਗਾਨਾ ਦੀ ਰਾਜਧਾਨੀ ਹੈਦਰਾਬਾਦ ’ਚ ਸੈਂਟਰਲ ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਨੇ ਨਕੁਲ ਸਾਹਨੀ ਦੀ ਪ੍ਰਸਿੱਧ ਦਸਤਾਵੇਜ਼ੀ ਫਿਲਮ “ਮੁਜੱਫਰਨਗਰ ਅਜੇ ਬਾਕੀ ਹੈ,” ਦਿਖਾਉਣ ਦਾ ਪ੍ਰੋਗਰਾਮ ਬਣਾਇਆ ਤਾਂ ਆਰ. ਐਸ. ਐਸ. ਦੀ ਫਿਰਕੂ ਵਿਦਿਆਰਥੀ ਜਥੇਬੰਦੀ ‘ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ’ (ਏ. ਬੀ. ਵੀ. ਪੀ) ਦੇ ਵਿਦਿਆਰਥੀਆਂ ਨੇ ਵਿਰੋਧ ਕੀਤਾ ਅਤੇ ਭਾਜਪਾ ਵੱਲੋਂ ਤੈਨਾਤ ਵੀ.ਸੀ. ਨੇ ਫਿਲਮ ਦੇ ਪ੍ਰਦਰਸ਼ਨ ’ਤੇ ਪਾਬੰਦੀ ਲਗਾ ਦਿੱਤੀ। ਅੰਬੇਦਕਾਰ ਸਟੂਡੈਂਟਸ ਐਸੋਸੀਏਸ਼ਨ ਨਾਲ ਜੁੜੇ ਰੋਸ਼ਨ ਦਿਮਾਗ ਵਿਦਿਆਰਥੀਆਂ ਨੇ ਯਾਕੂਬ ਮੈਮਨ ਦੀ ਫਾਂਸੀ ਦਾ ਵਿਰੋਧ ਕਰਦਿਆ ਦੇਸ਼ ਅੰਦਰ ਫਾਂਸੀ ਜਿਹੀ ਖਤਰਨਾਕ ਸਜ਼ਾ ਨੂੰ ਪੱਕੇ ਤੌਰ ’ਤੇ ਖਤਮ ਕਰਨ ਦੀ ਮੰਗ ਕਰਨ ਦੀ “ਗਲਤੀ” ਕਰ ਲਈ। ਹਿੰਦੂ ਰਾਸ਼ਟਰਵਾਦ ਦੇ ਅੰਨੇ ਜਨੂੰਨ ਦੇ ਇਸ ਫਿਰਕੂ ਨਾਗ ਨੇ ਇਥੇ ਵੀ ਜ਼ਹਿਰ ਉਗਲਿਆ। ਬਕੌਲ ਏ. ਬੀ. ਵੀ. ਪੀ. ਵਰਕਰ ਨਦੰਨਮ ਸੁਨੀਲ ਕੁਮਾਰ ਦੀ ਸ਼ਿਕਾਇਤ ’ਤੇ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ (ਏ.ਐਸ.ਏ.) ਨਾਲ ਜੁੜੇ ਵਿਦਿਆਰਥੀਆਂ ਖਿਲਾਫ ਸਖ਼ਤ ਕਰਵਾਈ ਦੀਆਂ ਹਦਾਇਤਾਂ ਜਾਰੀ ਕਰਵਾ ਦਿੱਤੀਆਂ ਅਤੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਏ. ਐਸ. ਏ. ਨਾਲ ਜੁੜੇ ਪੰਜ ਵਿਦਿਆਰਥੀਆਂ ਦੀ ਪੀ. ਐਚ. ਡੀ. ਦੀ ਫੈਲੋਸ਼ਿਪ ਰੋਕ ਕੇ ਯੂਨੀਵਰਸਿਟੀ ਵਿੱਚੋਂ ਕੱਢ ਦਿੱਤਾ। ਪੰਜ ਦਲਿਤ ਵਿਦਿਆਰਥੀਆਂ ਕੋਲ ਆਪਣੇ ਸਾਥੀਆਂ ਸਮੇਤ ਇਸ ਧੱਕੇ ਖਿਲਾਫ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਏ. ਐਸ. ਏ ਨੇ ਦੂਜੇ ਵਿਦਿਆਰਥੀਆਂ ਤੇ ਅਧਿਆਪਕਾਂ ਸਮੇਤ ਭੁੱਖ ਹੜਤਾਲ, ਧਰਨੇ ਤੇ ਰੋਸ ਪ੍ਰਦਰਸ਼ਨ ਕੀਤੇ। ਇਸੇ ਦੌਰਾਨ ਯੂਨੀਵਰਸਿਟੀ ਚੋਂ ਕੱਢੇ ਗਏ ਪੰਜ ਵਿਦਿਆਰਥੀਆਂ ਚੋਂ ਇੱਕ ਦਲਿਤ ਸਕਾਲਰ ਰੋਹਿਤ ਵੈਮੂਲਾ ਨੇ ਆਪਣੇ ਸਾਥੀ ਦੇ ਕਮਰੇ ’ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਸੱਚਮੁੱਚ ਇਸ ਅਤਿਅੰਤ ਗੰਭੀਰ ਤੇ ਸੰਵੇਦਨਸ਼ੀਲ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ।

ਖੁਦਕੁਸ਼ੀ ਤੋਂ ਪਹਿਲਾ 28 ਸਾਲਾ ਸਕਾਲਰ ਰੋਹਿਤ ਚੱਕਰਵਰਤੀ ਵੈਮੂਲਾ ਵੱਲੋਂ ਲਿਖੀ ਚਿੱਠੀ ਨੇ ਹਰ ਜਾਗਦੀ ਜ਼ਮੀਰ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿਤਾ। ਰੋਹਿਤ ਵੱਲੋਂ ਲਿਖੀ ਇਸ ਚਿੱਠੀ ’ਚ ਜੋ ਸੱਚ ਬਿਆਨਿਆਂ ਗਿਆ ਹੈ, ਉਹ ਸੱਚ ਜਿੰਨਾਂ ਕਠੋਰ ਤੇ ਸੂਖਮ ਹੈ ਉਨਾ ਹੀ ਇਸ ਨੂੰ ਸਮਝਣਾ ਵੀ ਇੱਕ ਗਹਿਰੇ ਵਿਵੇਕ ਦਾ ਮੁੱਦਾ ਹੈ । ਰੋਹਿਤ ਵੈਮੂਲਾ ਨੇ ਲਿਖਿਆ ਹੈ, “ਜਦੋਂ ਤੁਸੀ ਇਹ ਚਿੱਠੀ ਪੜ੍ਹ ਰਹੇ ਹੋਵੋਂਗੇ, ਮੈਂ ਤੁਹਾਡੇ ਇਰਦ ਗਿਰਦ ਨਹੀਂ ਹੋਵਾਂਗਾ। ਮੈਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ – ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਮੇਰੀ ਰੂਹ ਤੇ ਜਿਸਮ ’ਚ ਇੱਕ ਵੱਡਾ ਪਾੜਾ ਹੈ – ਮੇਰੀ ਤਮੰਨਾ ਕਾਰਲ ਸੀਗਾਨ ਵਾਂਗ ਸਾਇੰਸ ਲੇਖਕ ਬਨਣ ਦੀ ਸੀ – ਪਰ ਹੁਣ ਤਾਂ ਮੇਰੀ ਇਹ ਚਿੱਠੀ ਹੀ ਬਚੀ ਹੈ ਜੋ ਲਿਖ ਰਿਹਾ ਹਾਂ। ਮੈਨੂੰ ਸਾਇੰਸ ਨਾਲ, ਤਾਰਿਆਂ ਨਾਲ, ਕੁਦਰਤ ਨਾਲ ਇਸ਼ਕ ਹੈ – ਫਿਰ ਵੀ ਮੈਂ ਲੋਕਾਂ ਨੂੰ ਮੁਹੱਬਤ ਕਰਦਾ ਹਾਂ – ਪਰ ਲੋਕ ਤਾਂ ਚਿਰੋਕਣੇ ਹੀ ਕੁਦਰਤ ਤੋਂ ਵਿਛੜ ਚੁੱਕੇ ਹਨ – ਸਾਡੇ ਜਜ਼ਬਾਤ ਦੂਜੇ ਦਰਜੇ ਦੇ ਬਣਾ ਦਿਤੇ ਗਏ ਹਨ। ਸਾਡੀ ਹਸਤੀ, ਸਾਡਾ ਵਜੂਦ ਬਨਾਵਟੀ ਕਲਾ ਦਾ ਰੂਪ ਹੀ ਬਣ ਗਿਆ। ਬੰਦੇ ਦੀ ਕੀਮਤ, ਉਸ ਦੀ ਪਹਿਚਾਣ (ਜਾਤ) ਨਾਲ ਜੋੜ ਦਿੱਤੀ ਗਈ ਹੈ। ਉਹ ਇੱਕ ਵੋਟ ਬਣਾ ਦਿੱਤਾ ਗਿਆ ਹੈ – ਇੱਕ ਹਿੰਦਸਾ – ਇੱਕ ਵਸਤੂ – ਬੰਦੇ ਨੂੰ ਇਸ ਤਰ੍ਹਾਂ ਨਹੀਂ ਵੇਖਿਆ ਗਿਆ ਕਿ ਉਹ ਇੱਕ ਰੂਹ ਹੈ।”

ਰੋਹਿਤ ਅੱਗੇ ਲਿਖਦਾ ਹੈ – “ਇਹੋ ਜਿਹੀ ਚਿੱਠੀ ਮੈਂ ਪਹਿਲੀ ਵਾਰ ਲਿਖ ਰਿਹਾ ਹਾਂ – ਆਖਰੀ ਚਿੱਠੀ – ਮੈਨੂੰ ਖਿਮਾ ਕਰਨਾ ਜੇਕਰ ਮੈਂ ਆਪਣੀ ਗੱਲ ਨਾ ਸਮਝਾ ਸਕਿਆ ਹੋਵਾਂ ਕਿ ਇਹ ਸੰਸਾਰ ਕੀ ਹੈ। ਕੀ ਹੁੰਦਾ ਹੈ ਪਿਆਰ, ਦਰਦ, ਜਿੰਦਗੀ ਅਤੇ ਮੌਤ। ਕੋਈ ਕਾਹਲ ਤਾਂ ਨਹੀਂ ਸੀ, ਪਰ ਮੈਂ ਸਦਾ ਹੀ ਭੱਜੋਂ ਨੱਠੀ ਵਿੱਚ ਰਹਿੰਦਾ ਸੀ।”

“ਮੇਰਾ ਮਾਤਮੀ ਜਲੂਸ ਖਾਮੋਸ਼ ਰਹੇ – ਬੱਸ ਇਉਂ ਸਮਝਣਾ ਕਿ ਮੈਂ ਅਚਾਨਕ ਆਇਆ ਤੇ ਚਲਿਆ ਗਿਆ – ਮੇਰੀ ਯਾਦ ਵਿੱਚ ਹੰਝੂ ਨਾ ਕੇਰੇ ਜਾਣ ਕਿਉਂਕਿ ਮੈਂ ਜਿੰਦਗੀ ਨਾਲੋਂ ਮੌਤ ਵਿੱਚ ਵਧੇਰੇ ਖੁਸ਼ ਹਾਂ ਯਾਨਿ ਪਰਛਾਵਿਆਂ ਤੋਂ ਤਾਰਿਆ ਤੱਕ। ਮੇਰੇ ਤੁਰ ਜਾਣ ਪਿੱਛੋਂ ਨਾ ਤਾਂ ਮੇਰੇ ਦੋਸਤਾਂ ਨੂੰ ਤੰਗ ਪਰੇਸ਼ਾਨ ਕਰਨਾ ਅਤੇ ਨਾ ਹੀ ਮੇਰੇ ਦੁਸ਼ਮਣਾ ਨੂੰ।”

ਰੋਹਿਤ ਵੈਮੂਲਾ ਦੀ ਇਹ ਚਿੱਠੀ ਇੱਕ ਡੂੰਘੇ ਫ਼ਲਸਫੇ ਦਾ ਬਹੁਤ ਵਿਰਾਟ ਮਾਨ ਚਿੱਤਰ ਹੈ। ਇਸ ਗਹਿਰਾਈ ਦੀ ਸਮਝ ਸ਼ਾਵਨਵਾਦੀ ਦਿਮਾਗਾਂ ਨੂੰ ਕਤਈ ਨਹੀਂ ਆ ਸਕਦੀ। ਕੁਦਰਤ ਨੂੰ ਮੋਹ ਕਰਨ ਵਾਲਾ, ਤਾਰਿਆਂ ਤੱਕ ਉਡਾਨ ਭਰਨ ਵਾਲਾ ਖੋਜੀ ਵਿਦਿਆਰਥੀ ਪੂੰਜੀ ਦੇ ਇਸ ਯੁੱਗ ’ਚ ਇੱਕ ਵਸਤੂ, ਇੱਕ ਵੋਟ ਜਾਂ ਇੱਕ ਹਿੰਦਸਾ ਬਨਣ ਤੋਂ ਇਨਕਾਰੀ ਹੈ। ਜੇ ਉਹ ਇਹ ਸਾਰਾ ਕੁਝ ਬਣ ਵੀ ਜਾਂਦਾ ਹੈ ਤਾਂ ਵੀ ਉਸ ਨੇ ਆਪਣੇ ਆਪ ਨੂੰ ਇਕ ਮਰੀ ਹੋਈ ਇੱਕ ਲਾਸ਼ ਸਮਝਣਾ ਸੀ। ਰੋਹਿਤ ਨੇ ਸੱਚਮੁੱਚ ਇੱਕ ਕੁਰਬਾਨੀ ਕੀਤੀ ਹੈ। ਦੋਸ਼ਤਾਂ, ਦੁਸ਼ਮਣਾ ਨੂੰ ਕੁਝ ਨਾ ਕਹਿਣ ਦੀ ਬੇਨਤੀ ’ਚ ਵੀ ਉਸ ਦੀ ਚੁੱਪ ਇੱਕ ਬਗਾਵਤ ਹੈ। ਸੱਧਰਾਂ, ਚਾਵਾਂ, ਰੀਝਾਂ ਤੇ ਉਮੰਗਾਂ ਦਾ ਕਤਲ ਮਾਲਟਾ ਤੇ ਪਨਾਮਾ ਦੇ ਡੂੰਘੇ ਸਾਗਰਾਂ ’ਚ ਤਾਂ ਹੁੰਦਾ ਹੀ ਹੈ। ਕਤਲਗਾਹ ਬਣੇ ਇਸ ਮੁਲਕ ’ਚ ਹਰ ਰੋਜ ਕੋਈ ਨਾ ਕੋਈ ਰੋਹਿਤ ਸੁਕਰਾਤ ਵਾਂਗ ਜ਼ਹਿਰ ਪੀ ਰਿਹਾ ਹੈ।

ਰੋਹਿਤ ਵੈਮੂਲਾ ਵੱਲੋਂ ਹੀ ਖੁਦਕੁਸ਼ੀ ਤੋਂ ਕੁਝ ਦੇਰ ਪਹਿਲਾਂ ਆਪਣੀ ਯੂਨੀਵਰਸਿਟੀ ਦੇ ਉਪ ਕੁਲਪਤੀ ਨੂੰ ਲਿਖੀ ਇੱਕ ਹੋਰ ਚਿੱਠੀ “ਦਲਿਤ ਮੁਸ਼ਕਲਾਂ ਦੇ ਹੱਲ” ਦੇ ਸਿਰਲੇਖ ਹੇਠ, ਦਲਿਤ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਦੋ ਸੁਝਾਅ ਦਿੱਤੇ ਗਏ ਸਨ। ਪਹਿਲਾ ਇਹ ਕਿ ਤੁਹਾਡੇ ਵੱਲੋਂ ਦਾਖਲੇ ਵੇਲੇ ਹਰ ਦਲਿਤ ਵਿਦਿਆਰਥੀ ਨੂੰ ਦਸ ਗਰਾਮ ਸੋਡੀਅਮ ਆਕਸਾਈਡ ਦਿੱਤਾ ਜਾਵੇ, ਇਹ ਹਦਾਇਤ ਕੀਤੀ ਜਾਵੇ ਕਿ ਜੇਕਰ ਉਨ੍ਹਾਂ ਦਾ ਅੰਬੇਡਕਰ ਪੜ੍ਹਨ ਨੂੰ ਚਿੱਤ ਕਰੇ ਤਾਂ ਸੋਡੀਅਮ ਆਕਸਾਈਡ ਖਾ ਲੈਣ। ਦੂਜਾ ਸੁਝਾਅ ਇਹ ਕਿ ਆਪਣੇ ਹੋਸਟਲਾਂ ਦੇ ਮਹਾਨ ਵਾਰਡਨਾਂ ਨੂੰ ਕਹਿ ਕੇ ਹਰ ਦਲਿਤ ਵਿਦਿਆਰਥੀ ਦੇ ਕਮਰੇ ਵਿੱਚ ਨਰੋਈਆਂ ਰੱਸੀਆਂ ਮੁਹੱਈਆ ਕਰਵਾਈਆਂ ਜਾਣ। ਇਸੇ ਚਿੱਠੀ ’ਚ ਉਹ ਅੱਗੇ ਲਿਖਦਾ ਹੈ ਕਿ “ਅਸੀਂ ਪੀ.ਐਚ.ਡੀ. ਕਰ ਰਹੇ ਵਿਦਿਅਰਥੀ ਇਸ ਪੜਾਅ ਤੋਂ ਲੰਘ ਚੁੱਕੇ ਹਾਂ ਅਤੇ ਦਲਿਤ ਵਿਦਿਆਰਥੀਆਂ ਦੀ ਸਵੈਮਾਣ ਮੁਹਿੰਮ ਦੇ ਸਰਗਰਮ ਕਾਰਕੁੰਨ ਹਾਂ, ਮੰਦੇਭਾਗੀ ਇਨ੍ਹਾਂ ਹਾਲਤਾਂ ਵਿੱਚ ਬਾਹਰ ਨਿਕਲਣ ਦਾ ਕੋਈ ਰਾਹ ਖੁੱਲ੍ਹਾ ਨਹੀਂ ਜਾਪਦਾ ਮਹਾਰਾਜ ਜੀ, ਇਸ ਕਰਕੇ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਵਰਗੇ ਵਿਦਿਆਰਥੀਆਂ ਵਾਸਤੇ ਯੂਥੇਨੇਜੀਆ (ਰਹਿਮ ਦੀ ਮੌਤ) ਲਈ ਲੋੜੀਦੀਆਂ ਸਹੂਲਤਾਂ ਦਾ ਬੰਦੋਬਸਤ ਕੀਤਾ ਜਾਵੇ। ਮੈਂ ਇਸ ਯੂਨੀਵਰਸਿਟੀ ਅਤੇ ਆਪ ਜੀ ਨੂੰ ਸਦਾ ਘੁੱਗ ਵਸਣ ਦੀਆਂ ਸ਼ੁਭ ਕਾਮਨਾਵਾਂ ਦਿੰਦਾ ਹਾਂ।”

ਇਸ ਦਲਿਤ ਵਿਰੋਧੀ ਵਿਵਸਥਾ ਦੇ ਮੂੰਹ ’ਤੇ ਮਾਰੀ ਇਸ ਜ਼ੋਰਦਾਰ ਚਪੇੜ ਤੋਂ ਬਾਅਦ ਮੁਸਲਮ ਤੇ ਘੱਟ ਗਿਣਤੀਆਂ ਲਈ ਕਤਲਗਾਹ ਬਣੇ ਇਸ ਮਹਾਨ ਰਾਸ਼ਟਰ ਅੰਦਰ ਇਸ ਫਿਰਕੂ ਨਾਗ ਨੇ ਹੁਣ ਕਮਿਊਨਿਸਟ ਪੱਖੀਆਂ ਨੂੰ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ ।

ਪ੍ਰਸਿੱਧ ਪੱਤਰਕਾਰ ਹਰੀਸ਼ ਖੇਰ 18 ਫਰਵਰੀ ਦੇ ਆਪਣੇ ਇੱਕ ਲੇਖ ’ਚ ਲਿਖਦੇ ਹਨ “ਦਾਦਰੀ ਤੋਂ ਹੈਦਰਾਬਾਦ ਤੇ ਹੈਦਰਾਬਾਦ ਤੋਂ ਜੇ.ਐਨ.ਯੂ. ਤੱਕ, ਮੁਲਕ ਨੂੰ ਬਹੁਗਿਣਤੀ ਦੀਆਂ ਮੰਗਾਂ ਮੁਤਾਬਿਕ ਚਾਟੇ ਲਾਇਆ ਜਾ ਰਿਹਾ ਹੈ। ਦਾਦਰੀ ਵਿੱਚ ਬਹੁਗਿਣਤੀ ਦੇ ਨਾਂ ਉਤੇ ਇਹ ਹੱਕ ਹਾਸਲ ਕੀਤਾ ਜਾਂਦਾ ਹੈ ਕਿ ਕੋਈ ਕੀ ਖਾ ਸਕਦਾ ਹੈ : ਹੈਦਰਾਬਾਦ ਵਿੱਚ ਉਹ ਇਹ ਪਰਿਭਾਸ਼ਾ ਬੰਨਣ ਲਈ ਤਾਰੂ ਹਨ ਕਿ ਦਲਿਤ ਕੌਣ ਹੈ ਤੇ ਕੌਣ ਨਹੀਂ ਅਤੇ ਜੇ.ਐਨ.ਯੂ. ਵਿੱਚ ਉਹ ਕਿਸੇ ਨਾਗਰਿਕ ਦੀ ਰਾਸ਼ਟਰੀ ਵਫਾਦਾਰੀ ਬਾਰੇ ਫੈਸਲਾ ਕਰਨ ਲਈ ਚੀਕਾਂ ਮਾਰ ਰਹੇ ਹਨ। ਇਸ ਤਰ੍ਹਾਂ ਦੀਆਂ ਜ਼ਿੱਦੀ ਮੰਗਾਂ ਵਾਲੀਆਂ ਹੋਰ ਵੀ ਮਿਸਾਲਾਂ ਮਿਲਦੀਆਂ ਹਨ। ਬਹੁਗਿਣਤੀ ਦੇ ਨਾਂ ਤੇ ਜੱਥੇਬੰਦ ਠੱਗਾਂ ਵੱਲੋਂ ਕੀਤੀਆਂ ਜਾਂਦੀਆਂ ਅਜਿਹੀਆਂ ਮੰਗਾਂ ਕਾਰਨ ਹੋਏ ਖ਼ੂਨ-ਖ਼ਰਾਬਿਆਂ ਨਾਲ ਯੂਰਪੀ ਇਤਿਹਾਸ ਭਰਿਆ ਪਿਆ ਹੈ। ਵੱਖ-ਵੱਖ ਭਾਈਚਾਰਿਆਂ ’ਚ ਸਹਿ-ਹੋਂਦ ਲਈ ਅੱਥਰੀਆਂ ਸ਼ਰਤਾਂ ਮੰਨਵਾਉਣ ਵਾਲੇ ਤਜ਼ਰਬੇ ਪੂਰਬੀ ਯੂਰਪ ’ਚ ਅਜੇ ਵੀ ਹੋਈ ਜਾਂਦੇ ਹਨ”। ਉਹ ਅੱਗੇ ਲਿਖਦੇ ਹਨ,

“ਇਹ ਲੜਾਈ ਫਿਰ ਛੇੜ ਲਈ ਗਈ ਹੈ। ਫਰਕ ਸਿਰਫ ਇਹ ਹੈ ਕਿ ਐਤਕੀ ਰਾਸ਼ਟਰੀ ਮੁੱਦੇ ਦਾ ਰਾਗ ਅਲਾਪਿਆ ਗਿਆ ਹੈ। ਕੌਣ ਦੇਸ਼ ਭਗਤ ਹੈ ਤੇ ਕੋਣ ਨਹੀਂ, ਇਹ ਫੈਸਲਾ ਹੁਣ ਓ.ਪੀ. ਸ਼ਰਮੇ ਕਰਨਗੇ। ਦੇਸ਼-ਧਰੋਹ ਦਾ ਠੱਪਾ ਤਾਂ ਸਹਿਜੇ ਹੀ ਲਾਇਆ ਜਾ ਸਕਦਾ ਹੈ।”

ਬਿਲਕੁੱਲ ਮੁਸਲਮ ਦੇਸ਼-ਧਰੋਹੀ, ਦਲਿਤਾਂ ਦੀ ਰਿਜਰੇਵਸ਼ਨ ਮੁੱਖ ਦੁਸ਼ਮਣ, ਘੱਟ ਗਿਣਤੀਆਂ ਆਪਣੇ ਆਪ ਨੂੰ ਹਿੰਦੂ ਮੰਨਣ ਜਾਂ ਫਿਰ ਪਾਕਿਸਤਾਨ ਜਾਣ, ਕਸ਼ਮੀਰੀ, ਮੀਜ਼ੋ, ਆਸਾਮੀ, ਨਾਗੇ ਸਭ ਦੇਸ਼-ਧਰੋਹੀ। ਅਤੇ ਹੱਦ ਤਾਂ ਇਹ ਹੈ ਕਿ ਹੁਣ ਨਿਆਂਪਾਲਿਕਾ ਦੀ ਚਾਰਦੀਵਾਰੀ ’ਚ ਮਿੱਥਕੇ ਦੇਸ਼ ਭਗਤੀ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਇੱਕ ਡੂੰਘੀ ਸਾਜ਼ਸ ਤਹਿਤ, ਖੁਲ੍ਹੇਪਨ ਤੇ ਸੰਵਾਦ ਲਈ ਚਰਚਿਤ ਤੇ ਮਸ਼ਹੂਰ ਯੂਨੀਵਰਸਿਟੀ ਨੂੰ ਸੰਘ-ਪਰਿਵਾਰ ਦਾ ਅੱਡਾ ਬਣਾਉਣ ਲਈ ਇੱਕ ਨਿਰਦੋਸ਼ ਵਿਦਿਆਰਥੀ ਆਗੂ ਨੂੰ ਰਾਸ਼ਟਰ-ਧਰੋਹੀ ਕਰਾਰ ਦੇ ਕੇ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰ ਦਿੱਤਾ ਹੈ। ਆਰ.ਐਸ.ਐਸ ਦੇ ਫਿਰਕੂ ਗੁੰਡੇ, ਕਨ੍ਹੱਈਆ ਕੁਮਾਰ ’ਤੇ ਦੂਜੀ ਪੇਸ਼ੀ ’ਤੇ ਫਿਰ ਹਮਲਾ ਕਰਦੇ ਹਨ । ਪੱਤਰਕਾਰਾਂ ਨੂੰ ਕੁੱਟਦੇ ਹਨ, ਵਿਦਿਆਰਥੀਆਂ ਵਰਕਰਾਂ ਦਾ ਸ਼ਰੇਆਮ ਕੁਟਾਪਾ ਕਰਦੇ ਹਨ। ਪੱਤਰਕਾਰ ਔਰਤਾਂ ਨੂੰ ਕੈਮਰੇ ਤੇ ਹੱਡੀਆਂ ਭੰਨਣ ਦੀਆਂ ਧਮਕੀਆਂ ਦਿੰਦੇ ਹਨ। ਔਰਤ ਵਿਦਿਆਰਥੀ ਵਰਕਰਾਂ ਨੂੰ ਰੰਡੀਆਂ ਆਖਦੇ ਹਨ ਤੇ ਕਮਿਊਨਿਸਟਾਂ ਨੂੰ ਕੁੱਤੇ ਦੇ ਪਿੱਲੇ ।




ਫਿਰਕੂ ਫਾਸ਼ੀਵਾਦ ਆਪਣੀ ਚਰਮਸੀਮਾ ’ਤੇ ਪੁੱਜ ਚੁੱਕਾ ਹੈ। ਬਿਨਾਂ

(ਬਾਕੀ ਸਫ਼ਾ 14 ’ਤੇ)

# ਇਨਕਲਾਬੀ ਕੇਂਦਰ ਪੰਜਾਬ ਨੇ ਵੱਖ-ਵੱਖ ਥਾਵਾਂ 'ਤੇ ਸ਼ਹੀਦੀ ਦਿਹਾੜਾ ਮਨਾਇਆ

## ਇਨਕਲਾਬ ਦੇ ਰਾਹ ਅੱਗੇ ਤੁਰਨ ਅਤੇ ਲੁੱਟ ਰਹਿਤ ਸਮਾਜ ਸਿਰਜਣ ਦਾ ਜ਼ੋਰਦਾਰ ਹੋਕਾ









- ਨਰੈਣ ਦੱਤ -

ਸ਼ਹੀਦੇ ਆਜ਼ਮ ਦਾ 85ਵਾਂ ਸ਼ਹੀਦੀ ਦਿਹਾੜਾ ਵੱਖ-ਵੱਖ ਥਾਵਾਂ (ਬਰਨਾਲਾ, ਜਗਰਾਉਂ, ਲੁਧਿਆਣਾ, ਰਾਮਪੁਰਾ, ਬਰੇਟਾ) ਤੇ ਇਨਕਲਾਬੀ ਮਾਰਚ, ਸੈਮੀਨਾਰਾਂ, ਮੀਟਿੰਗਾਂ ਨਾਲ ਮਨਾਉਂਦਿਆ ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਨੇ ਮਿਹਨਤਕਸ਼ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਂਦਿਆਂ ਲੁੱਟ ਰਹਿਤ ਸਮਾਜ ਸਿਰਜਣ ਲਈ ਜੱਦੋਜਹਿਦ ਨੂੰ ਹੋਰ ਤਿੱਖਾ ਕਰਨ ਦੀ ਅਪੀਲ ਕੀਤੀ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਕਾਮਰੇਡ ਨਰੈਣ ਦੱਤ ਨੇ ਸ਼ਹੀਦ ਭਗਤ ਸਿੰਘ ਦੇ ਬੌਧਿਕ ਪੱਖ ਬਾਰੇ ਗੱਲ ਕਰਦਿਆਂ ਕਿਹਾ ਕਿ ਭਗਤ ਸਿੰਘ ਅੰਦਰ ਵਿਚਾਰਧਾਰਾ ਦਾ ਨਿਖਾਰ ਜੇਲ੍ਹ 'ਚ ਜਾਣ ਤੋਂ ਬਾਅਦ ਜਦੋਂ ਸਾਹਿਤ ਨੂੰ ਉਸ ਨੇ ਜਿੰਦਗੀ ਦਾ ਆਪਣਾ ਹਿੱਸਾ ਬਣਾਇਆ ਤਾਂ ਵੇਖਣ ਨੂੰ ਮਿਲਦਾ ਹੈ ਜਦੋਂ ਸ਼ਹੀਦ ਭਗਤ ਸਿੰਘ ਖੁਦ ਕਹਿੰਦਾ ਕਿ ਮੈਂ ਪਹਿਲਾਂ ਸਿਰਫ ਰੋਮਾਂਸਵਾਦੀ ਸਾਂ ਪਰ ਉਹ ਨੌਜਵਾਨਾਂ ਦੇ ਨਾਂ ਸੁਨੇਹੇ ਵਿਚ ਕਹਿੰਦਾ ਹੈ ਕਿ ਮੈਂ ਤੁਹਾਨੂੰ ਬੰਬ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦਿੰਦਾ ਤੁਹਾਨੂੰ ਫੈਕਟਰੀਆਂ ਵਿੱਚ ਕੰਮ ਕਰਦੇ ਲੱਖਾਂ ਕਰੋੜਾਂ ਮਜਦੂਰਾਂ ਕੋਲ ਝੁੱਗੀਆਂ ਅਤੇ ਪੇਂਡੂ ਝੌਂਪੜੀਆਂ ਗਰੀਬ ਕਿਸਾਨਾਂ-ਮਜਦੂਰਾਂ ਵਿੱਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਕੋਨੇ-ਕੋਨੇ 'ਚ ਪਹੁੰਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ ਜਿਹੜਾ ਆਜਾਦੀ ਲਿਆਵੇਗਾ ਜਿਸ ਵਿੱਚ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਅਸੰਭਵ ਹੋਵੇਗੀ। ਸਾਮਰਾਜੀਆਂ ਵੱਲੋਂ ਗੰਧਲੇ ਕੀਤੇ ਸੱਭਿਆਚਾਰ ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਨੌਜਵਾਨਾਂ ਵਿੱਚ ਮਾਰ-ਧਾੜ, ਫੁਕਰਾਪੰਥੀ, ਖਪਤਵਾਦੀ, ਨਸ਼ਿਆਂ, ਫਿਰਕੂ ਸ਼ਾਵਨਵਾਦ ਦੀਆਂ ਅਲਾਮਤਾਂ ਨਾਲ ਨੌਜਵਾਨਾਂ ਦਾ ਧਿਆਨ ਗਹਿਰ ਗੰਭੀਰ ਮੁੱਦਿਆਂ ਤੋਂ ਪਾਸੇ ਕਰਦੇ ਹਨ। ਭਗਤ ਸਿੰਘ ਨੇ ਆਪਣੇ ਲੇਖ ਵਿੱਚ ਕਿਹਾ ਸੀ ਕਿ ਕਿਸੇ ਸਮਾਜ ਤੇ ਦੇਸ਼ ਨੂੰ ਪਹਿਚਾਨਣ ਦੇ ਲਈ ਉਸ ਸਮਾਜ ਜਾਂ ਦੇਸ਼ ਦੇ ਸਾਹਿਤ ਨਾਲ ਜਾਣ-ਪਛਾਣ ਹੋਣ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ, ਕਿਉਂਕਿ ਸਮਾਜ ਦੇ ਪ੍ਰਾਣਾਂ ਦੀ ਚੇਤਨਾ ਉਸ ਸਮਾਜ ਦੇ ਸਾਹਿਤ ਵਿੱਚ ਹੀ ਜ਼ਾਹਿਰ ਹੋਇਆ ਕਰਦੀ ਹੈ। ਪਰ ਅੱਜ ਸਾਡੇ ਸਮਾਜ ਵਿੱਚ ਬੇਅਰਥ, ਜੰਗੀਰੂ ਸੱਭਿਆਚਾਰ ਵਾਲੇ ਗੀਤ ਫਿਲਮਾਂ ਦੀ ਭਰਮਾਰ ਹੈ, ਜਦਕਿ ਲੋਕ ਪੱਖੀ ਸੰਵਾਦ ਪੈਦਾ ਕਰਨ ਵਾਲੀਆ ਫਿਲਮਾਂ, ਗੀਤਾਂ ਨੂੰ ਸਾਨੂੰ ਬਦਲ ਦੇ ਰੂਪ ਵਿੱਚ ਲੋਕਾਂ ਤੱਕ ਲਿਜਾਣਾ ਚਾਹੀਦਾ ਹੈ। ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਵੱਲੋਂ ਵਧੀਆ ਸਾਹਿਤ, ਗੀਤਾਂ, ਫਿਲਮਾਂ ਨੂੰ ਉਤਸ਼ਾਹਿਤ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਸਾਨੂੰ ਇਹਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਘੱਟ ਗਿਣਤੀਆ, ਦਲਿਤਾਂ ਉਪਰ ਵਿੱਢੇ ਹੱਲੇ ਦੇ ਵਿਰੋਧ ਵਿੱਚ ਬੋਲਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਗਤ ਸਿੰਘ ਜਾਤਾਂ ਪਾਤਾਂ, ਧਾਰਮਿਕ ਵਖਰੇਵਿਆਂ ਤੋਂ ਰਹਿਤ ਸਮਾਜ ਸਿਰਜਨ ਦਾ ਸੁਪਨਾ ਲੈਂਦੇ ਸਨ। ਆਪਣੇ ਲੇਖ ਅਛੂਤ ਦਾ ਸੁਆਲ ਵਿੱਚ ਭਗਤ ਸਿੰਘ ਜਾਤ ਪਾਤੀ ਤੁਅੱਸਬਾਂ ਨੂੰ ਮੁਖਾਤਿਬ ਹੁੰਦੇ ਹੋਏ ਲਿਖਦੇ ਹਨ ਕਿ ਸਾਡੇ ਮੁਲਕ ਜਿੰਨੀ ਭੈੜੀ ਹਾਲਤ ਹੋਰ ਕਿਸੇ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇੱਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ ਤੀਹ ਕਰੋੜ ਦੀ ਅਬਾਦੀ ਵਾਲੇ ਮੁਲਕ ਵਿੱਚ ਜੋ ਛੇ ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਹਨਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਹਨਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ ਦੇਵਤੇ ਨਰਾਜ਼ ਤੇ ਨਾ ਹੋ ਜਾਣਗੇ? ਕੀ ਉਹਨਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ 20ਵੀਂ ਸਦੀ ਵਿੱਚ ਕੀਤੇ ਜਾ ਰਹੇ ਹਨ, ਜਿਨ੍ਹਾਂ ਸੁਣਦਿਆਂ ਹੀ ਸ਼ਰਮ ਆਉਂਦੀ ਹੈ। ਪਰ ਹੁਣ ਵੀ ਇਹ ਸੁਆਲ ਖੜਾ ਹੈ, ਸਾਨੂੰ ਇਹਨਾਂ ਧਾਰਮਿਕ, ਜਾਤੀ ਪਾਤੀ ਕੱਟੜਪੰਥੀ ਫਿਰਕਾਪਰਸਤ ਤਾਕਤਾਂ ਦਾ ਵੀ ਟਾਕਰਾ ਕਰਨਾ ਹੋਵੇਗਾ ਜੋ ਲੋਕ ਸ਼ਕਤੀ ਵੰਡਦੇ ਹੋਏ ਸਮਰਾਜੀ ਲੁਟੇਰਿਆਂ ਦੇ ਮਨਸੂਬੇ ਪੂਰੇ ਕਰਦੇ ਹਨ। ਕੇਂਦਰ ਦੇ ਸੂਬਾਈ ਆਗੂ ਮੁਖਤਿਆਰ ਪੂਹਲਾ ਨੇ ਭਗਤ ਸਿੰਘ ਦੇ ਚਿੰਤਨੀ ਪੱਖ ਤੇ ਗੱਲ ਕਰਦਿਆਂ ਕਿਹਾ ਕਿ ਭਗਤ ਸਿੰਘ ਮਾਰਕਸਵਾਦੀ ਢੰਗ ਨਾਲ ਸੋਚਦੇ ਸਨ, ਗਦਰ ਲਹਿਰ ਵਿੱਚ ਕੰਮ ਕਰਨ ਵਾਲੇ ਲਾਲਾ ਰਾਮ ਸ਼ਰਨ ਦਾਸ ਦੀ ਕਵਿਤਾ ਦੀ ਪੁਸਤਕ 'ਡਰੀਮਲੈਂਡ' ਦੀ ਭੂਮਿਕਾ ਵਿੱਚ ਲਿਖਦੇ ਹਨ ਮੈਂ ਕਿਤਾਬ ਬਾਰੇ ਤ.ਫਸੀਲ ਵਿੱਚ ਚਰਚਾ ਕਰ ਲਈ ਹੈ। ਮੈਂ ਤਾਂ ਸਗੋਂ ਇਹਦੀ ਅਲੋਚਨਾ ਕੀਤੀ ਹੈ। ਪਰ ਮੈਂ ਕਿਤਾਬ ਵਿੱਚ ਕਿਸੇ ਕਿਸਮ ਦੀ ਤਬਦੀਲੀ ਕਰਨ ਲਈ ਨਹੀਂ ਕਹਾਂਗਾ, ਕਿਉਂਕਿ ਇਸਦਾ ਇਤਿਹਾਸਕ ਮੁੱਲ ਹੈ। 1914-15 ਦੇ ਇਨਕਲਾਬੀਆਂ ਦੇ ਇਹੀ ਵਿਚਾਰ ਹੁੰਦੇ ਸਨ। ਮੈਂ ਖਾਸ ਕਰ ਨੌਜਵਾਨਾਂ ਨੂੰ ਇਹ ਕਿਤਾਬ ਪੜ੍ਹਨ ਦੀ ਜ਼ੋਰਦਾਰ ਸਿ.ਫਾਰਸ਼ ਕਰਦਾ ਹਾਂ, ਪਰ ਨਾਲ ਤਾੜਨਾ ਵੀ ਕਰਦਾ ਹਾਂ, ਮਿਹਰਬਾਨੀ ਕਰਕੇ ਇਹਨੂੰ ਅੱਖਾਂ ਬੰਦ ਕਰਕੇ ਨਾ ਪੜ੍ਹੋ ਅਤੇ ਇਹ ਨਾ ਸਮਝ ਲਈਓ ਕਿ ਜੋ ਇਸ ਵਿੱਚ ਲਿਖਿਆ ਹੈ; ਉਹ ਅਟੱਲ ਹੈ। ਇਹਨੂੰ ਪੜ੍ਹੋ, ਇਹਦੀ ਅਲੋਚਨਾ ਕਰੋ, ਇਹਦੇ ਬਾਰੇ ਸੋਚੋ ਅਤੇ ਇਹਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ ਕਰੋ। ਵੱਖ-ਵੱਖ ਥਾਵਾਂ ਉੱਪਰ ਹੋਏ ਸਮਾਗਮਾਂ ਨੂੰ ਸੁਖਦੇਵ ਭੂੰਦੜੀ, ਜਸਵੰਤ ਜੀਰਖ,ਤਾਰਾ ਚੰਦ ਬਰੇਟਾ ਅਤੇ ਜਗਜੀਤ ਲਹਿਰਾਮੁਹੱਬਤ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾ ਦੀ ਵਿਚਾਰਧਾਰਾ ਲੋਕ ਮਨਾਂ ਦ ਹਿੱਸਾ ਬਨਾਉਣ ਲਈ ਸਿਰਫ 23 ਮਾਰਚ ਨੂੰ ਖਾਨਾਪੂਰਤੀ ਕਰਕੇ ਨਹੀਂ ਸਗੋਂ ਕਿਰਤੀ ਲੋਕਾਂ ਨੂੰ ਸੰਘਰਸ਼ ਕਰਦੇ ਸਮੇਂ ਵਿਚਾਰ ਦੇ ਰੂਪ ਜਿੰਦਗੀ ਦਾ ਹਿੱਸਾ ਬਨਾਉਣ ਲਈ ਪੰਦਰਵਾੜਾ ਮਨਾਉਣ ਦਾ ਸਫਰ 30 ਮਾਰਚ ਤੱਕ ਇਸੇ ਤਰਾਂ ਜਾਰੀ ਰਹੇਗਾ।ਨਾਂ ਸਿਰਫ ਪਿੰਡਾਂ ਕਸਬਿਆਂ ਨੂੰ ਹੀ ਇਸ ਦਾ ਹਿੱਸਾ ਬਣਾਇਆ ਸਗੋਂ ਸਕੂਲਾਂ ਕਾਲਜਾਂ ਤੱਕ ਵੀ ਇਹ ਮੁਹਿੰਮ ਪੂਰੇ ਜੋਰਸ਼ੋਰ ਨਾਲ ਲਿਜਾਈ ਜਾਵੇਗੀ। ਹੁਣ ਤੱਕ ਜਿੱਥੇ ਦਰਜਨਾਂ ਪਿੰਡ ਕਵਰ ਕੀਤੇ ਜਾ ਚੁੱਜੇ ਹਨ ਉੱਥੇ ਐੱਸਐੱਸਡੀ ਕਾਲਜ ਬਰਨਾਲਾ, ਯੂਨੀਵਰਸਿਟੀ ਕਾਲਜ ਜੈਤੋਂ, ਮਾਲਵਾ ਕਾਲਜ ਬਠਿੰਡਾ ਅਤੇ ਸਦਭਾਵਨਾ ਕਾਲਜ ਰਾਏਕੋਟ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਹੋਇਆ ਗਿਆ ਹੈ। ਇਸ ਮੁਹਿੰਮ 'ਚ ਸਾਰੀਆ ਇਲਾਕਾ ਕਮੇਟੀਆਂ ਪੂਰੀ ਜੀਅ ਜਾਨ ਨਾਲ ਜੁਟੀਆਂ ਹੋਈਆਂ ਹਨ। 23 ਮਾਰਚ 1988 ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਹੋਏ ਯੁੱਗ ਕਵੀ ਅਵਤਾਰ ਪਾਸ਼ ਦੀ ਸਹਾਦਤ ਨੂੰ ਉਚਿਆਉਂਦਿਆ ਸਾਹਿਤ ਦੇ ਖੇਤਰ ਅੰਦਰ ਉਸ ਦੀ ਅਮਿੱਟ ਦੇਣ ਨੂੰ ਲੋਕ ਮਨਾਂ ਦਾ ਹਿੱਸਾ ਬਨਾਉਣ ਤੇ ਜੋਰ ਦਿੱਤਾ। ਮਤਿਆਂ ਰਾਹੀਂ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਤੂੜੀ ਬਜਾਰ ਫਿਰੋਜਪੁਰ ਵਿਖੇ ਗੁਪਤ ਟਿਕਾਣੇ ਨੂੰ ਸ਼ਹੀਦ ਸਮਾਰਕ ਵਜੋਂ ਸੰਭਾਲਣ ਅਤੇ ਕੌਮੀ ਵਿਰਾਸਤ ਦਾ ਦਰਜਾ ਦੇਣ ਦੀ ਮੰਗ ਕੀਤੀ










ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ

# ਕੈਲਗਰੀ ’ਚ ਮਾਰਚ ਮਹੀਨੇ ਦੇ ਦਿਹਾੜਿਆਂ ਨੂੰ ਸਮਰਪਿਤ ਵਿਚਾਰ ਗੋਸ਼ਟੀ

## ਸ਼ਹੀਦ ਭਗਤ ਸਿੰਘ, ਔਰਤ ਦਿਵਸ ਅਤੇ ਪਾਸ਼ ਬਾਰੇ ਵਿਚਾਰਾਂ ਹੋਈਆਂ











- ਮਾਸਟਰ ਭਜਨ -

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮਾਰਚ ਮਹੀਨੇ ਦੀ ਮੀਟਿੰਗ ਦੌਰਾਨ ਇਸ ਮਹੀਨੇ ਵਿੱਚ ਪੈਂਦੇ ਦਿਹਾੜਿਆਂ ਨੂੰ ਸਮਰਪਿਤ ਵਿਚਾਰ ਗੋਸ਼ਟੀ ਦੌਰਾਨ ਬੁਲਾਰਿਆਂ ਨੇ ਵਿਚਾਰ ਪ੍ਰਗਟ ਕੀਤੇ। ਕੈਲਗਰੀ ਦੇ ਕੋਸੋ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ 23 ਮਾਰਚ ਦੇ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਤਾ ਤੋਂ ਇਲਾਵਾ ਅੰਤਰਰਾਸ਼ਟਰੀ ਔਰਤ ਦਿਵਸ (8 ਮਾਰਚ) ਅਤੇ ਕ੍ਰਾਂਤੀਕਾਰੀ ਕਵੀ ਪਾਸ਼ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ।






ਰੈਡ ਐਫ. ਐਮ. ਰੇਡੀਓ ਦੇ ਪੱਤਰਕਾਰ ਰਮਨਜੀਤ ਸਿੱਧੂ ਨੇ 23 ਮਾਰਚ ਦੇ ਸ਼ਹੀਦਾਂ ਬਾਰੇ ਬੋਲਦਿਆਂ ਕਿਹਾ ਕਿ ਭਗਤ ਸਿੰਘ ਨੇ ਜ਼ਿਆਦਾ ਜ਼ੋਰ ਅਧਿਐਨ ਤੇ ਦਿੱਤਾ ਅਤੇ ਸਮਾਜ ਨੂੰ ਆਰਥਿਕ ਅਤੇ ਸਮਾਜਿਕ ਤੌਰ ’ਤੇ ਸਮਝ ਕੇ ਸੰਘਰਸ਼ ਨੂੰ ਅੱਗੇ ਤੋਰਿਆ। ਰਮਨਜੀਤ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਭਗਤ ਸਿੰਘ ਦੇ ਪੈਰੋਕਾਰਾਂ ਨੇ ਬੌਧਿਕ ਅਤੇ ਹਥਿਆਰਬੰਦ ਸੰਘਰਸ਼ ਦੇ ਪੱਖਾਂ ਨੂੰ ਉਲਾਰ ਪ੍ਰਵਿਰਤੀ ਦੇ ਤੌਰ ਦੇ ਦੇਖਿਆ ਪਰ ਲੋਕਾਂ ਨੇ ਦੋਹਾਂ ਪੱਖਾਂ ਦਾ ਸੁਮੇਲ ਨਹੀਂ ਕੀਤਾ। ਇਸੇ ਪ੍ਰਵਿਰਤੀ ਕਾਰਨ ਅੱਜ ਭਾਰਤੀ ਲੋਕਾਂ ਨੂੰ ਫਾਸ਼ੀਵਾਦ ਦੇ ਹੱਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਾਂਧੀ ਦੀ ਅਗਵਾਈ ਹੇਠ ਭਾਰਤ ਦੀ ਅਜ਼ਾਦੀ ਲਈ ਲੜੇ ਸੰਘਰਸ਼ ਬਾਰੇ ਉਹਨਾਂ ਨੇ ਕਿਹਾ ਕਿ ਭਗਤ ਸਿੰਘ ਨੇ ਤਾਂ ਇਸ ਬਾਰੇ ਪਹਿਲਾਂ ਹੀ ਸ਼ਪਸ਼ਟ ਕਰ ਦਿੱਤਾ ਸੀ ਕਿ ਇਹ ਸੰਘਰਸ਼ ਤਾਂ ਅੰਗਰੇਜ਼ੀ ਹਕੂਮਤ ਨਾਲ਼ ਸਮਝੌਤੇ ਦੇ ਰੂਪ ਵਿੱਚ ਲੜਿਆ ਜਾ ਰਿਹਾ ਹੈ।

ਅੰਤਰਰਾਸ਼ਟਰੀ ਔਰਤ ਦਿਵਸ ਦੇ ਸਬੰਧ ਵਿੱਚ ਵਿਚਾਰ ਪੇਸ਼ ਕਰਦਿਆਂ ਕਮਲਪ੍ਰੀਤ ਪੰਧੇਰ ਨੇ ਕਿਹਾ ਕਿ ਆਧੁਨਿਕ ਯੁੱਗ ਵਿੱਚ ਵੀ ਔਰਤ ਨੂੰ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਤੌਰ ’ਤੇ ਅਜ਼ਾਦੀ ਨਹੀਂ ਮਿਲੀ। ਇਹ ਵਿਤਕਰਾ ਸਿਰਫ ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ ਵਿੱਚ ਹੀ ਨਹੀਂ ਸਗੋਂ ਕੈਨੇਡਾ ਵਰਗੇ ਵਿਕਸਤ ਮੁਲਕਾਂ ਵਿੱਚ ਵੀ ਹੋ ਰਿਹਾ ਹੈ। ਉਹਨਾਂ ਨੇ ਔਰਤ ਸੰਘਰਸ਼ਾਂ ਦੇ ਇਤਿਹਾਸ ਬਾਰੇ ਜਾਣਕਾਰੀ ਔਰਤਾਂ ਨਾਲ਼ ਹੋ ਰਹੇ ਬਲਾਤਕਾਰ, ਛੇੜਕਾਨੀ, ਅਗਵਾ, ਭਰੂਣ ਹੱਤਿਆ, ਜ਼ੁਲਮ ਅਤੇ ਯੌਨ ਸ਼ੋਸ਼ਣ ਦੇ ਅੰਕੜਿਆਂ ਸਮੇਤ ਪੇਸ਼ ਕੀਤੀ। ਮਾਸਿਕ ਰਸਾਲੇ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਔਰਤਾਂ ਦੀ ਬਰਾਬਰੀ ਦੀ ਗੱਲ ਕਰਦਿਆਂ ਕਿਹਾ ਕਿ ਧਰਮਾਂ ਨੇ ਵੀ ਨਾਕਾਰਾਆਤਮਿਕ ਭੂਮਿਕਾ ਨਿਭਾਈ ਹੈ ਜਿਸ ਦਾ ਡਟ ਕੇ ਵਿਰੋਧ ਕਰਨਾ ਬਣਦਾ ਹੈ।

ਪੰਜਾਬੀ ਦੇ ਕ੍ਰਾਂਤੀਕਾਰੀ ਕਵੀ ਪਾਸ਼ ਬਾਰੇ ਹਰੀਪਾਲ ਨੇ ਕਿਹਾ ਕਿ ਇਸ ਦੂਰ ਅੰਦੇਸ਼ੀ ਲੇਖਕ ਨੇ ਪੰਜਾਬੀ ਸਾਹਿਤ ਨੂੰ ਉੱਚਾ ਸਥਾਨ ਹਾਸਲ ਕਰਵਾਉਣ ਵਿੱਚ ਵੱਡਾ ਯੋਗਦਾਨ ਪਾਇਆ। ਨਕਸਲਵਾੜੀ ਅੰਦੋਲਨ ਤੋਂ ਪ੍ਰਭਾਵਿਤ ਇਸ ਕਵੀ ਨੇ ਮਰਦੇ ਦਮ ਤੱਕ ਸਮਾਜ ਦੇ ਹਰ ਗਲਤ ਵਰਤਾਰੇ ਦਾ ਤਿੱਖਾ ਵਿਰੋਧ ਕੀਤਾ। ਓਹਨਾਂ ਕਿਹਾ ਕਿ ਅਜੋਕੇ ਲੇਖਕਾਂ ਨੂੰ ਵੀ ਪਾਸ਼ ਦਾ ਅਧਿਐਨ ਕਰਕੇ ਉਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਦੱਖਣੀ ਅਮਰੀਕਾ ਦੇ ਸ਼ਹਿਰ ਹੌਂਡੂਰਸ ਵਿੱਚ ਵਾਤਾਵਰਨ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲ਼ੀ ਬਰਟਾ ਕੈਸਰਜ਼ ਦੇ ਪਿਛਲੇ ਦਿਨੀਂ ਹੋਏ ਕਤਲ ਖਿਲਾਫ ਮਤਾ ਪਾਸ ਕਰਕੇ ਉਸ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਇਸੇ ਦੌਰਾਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕਲਾ ਮੰਚ ਟੀਮ ਵਲੋਂ ਕਮਲਪ੍ਰੀਤ ਪੰਧੇਰ ਦੀ ਅਗਵਾਈ ਹੇਠ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ‘ਕੋਮਲ ਹੈ ਕਮਜ਼ੋਰ ਨਹੀਂ’ ਗੀਤ ਰਾਹੀਂ ਪੇਸ਼ ਇਸ ਕੋਰੀਓਗਰਾਫੀ ਵਿੱਚ ਬੱਚੀਆਂ ਨੇ ਬਹੁਤ ਹੀ ਵਧੀਆ ਪੇਸ਼ਕਾਰੀ ਕੀਤੀ। ਪੰਜਾਬ ਸਟੂਡੈਂਟਸ ਯੂਨੀਅਨ ਨਾਲ਼ ਲੰਮਾ ਅਰਸਾ ਜੁੜੇ ਰਹੇ ਨਵਤੇਜ ਉਗੋਕੇ ਨੇ ਵਿਚਾਰ ਪੇਸ਼ ਕੀਤੇ। ਪੰਜਾਬ ਦੀ ਫੇਰੀ ਤੋਂ ਪਰਤੇ ਪੈਰੀ ਮਾਹਿਲ ਨੇ ਪੰਜਾਬ ਦੇ ਹਾਲਾਤਾਂ ਬਾਰੇ ਵਿਚਾਰ ਸਾਂਝੇ ਕੀਤੇ। ਜਸਵਿੰਦਰ ਲੰਮ੍ਹੇ ਨੇ ਅਪਰੈਲ ਦੇ ਮਹੀਨੇ ਹਾਕਸ ਫੀਲਡ ਹਾਕੀ ਅਕਾਦਮੀ ਦੀ ਅਗਵਾਈ ਵਿੱਚ ਸ਼ੁਰੂ ਹੋਣ ਵਾਲ਼ੀਆਂ ਪੰਜਾਬੀ ਜਮਾਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਦੌਰਾਨ ਚੱਲੇ ਉਸਾਰੂ ਕਵਿਤਾਵਾਂ ਦੇ ਦੌਰ ਵਿੱਚ ਅਵੀ ਜਸਵਾਲ, ਸੁਰਿੰਦਰ ਗੀਤ ਅਤੇ ਗੁਰਦੀਸ਼ ਕੌਰ ਗਰੇਵਾਲ ਨੇ ਹਾਜ਼ਰੀ ਲਵਾਈ। ਰੇਡੀਓ ਰੈੱਡ ਐਫ. ਐਮ. ਤੋਂ ਰਿਸ਼ੀ ਨਾਗਰ, ਚੈਨਲ ਪੰਜਾਬੀ ਤੋਂ ਹਰਬੰਸ ਬੁੱਟਰ ਅਤੇ ਸਿੱਖ ਵਿਰਸਾ ਤੋਂ ਗੁਰਦੀਪ ਕੌਰ ਪਰਹਾਰ ਹਾਜ਼ਰ ਸਨ। ਸਕੱਤਰ ਮਾਸਟਰ ਭਜਨ ਨੇ ਦੱਸਿਆ ਕਿ ਅਪਰੈਲ ਮਹੀਨੇ ਦੀ ਮੀਟਿੰਗ 3 ਅਪਰੈਲ (ਐਤਵਾਰ) ਨੂੰ 2 ਵਜੇ ਕੋਸੋ ਹਾਲ (102,3208-8 ਐਵਨਿਊ, ਨਾਰਥ ਈਸਟ) ਵਿੱਚ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨਾਲ਼ ਫੋਨ ਨੰਬਰ 403-455-4220 ਜਾਂ ਗੋਪਾਲ ਕਾਉਂਕੇ ਨਾਲ਼ 403-970-3588 ਤੇ ਸੰਪਰਕ ਕੀਤਾ ਜਾ ਸਕਦਾ ਹੈ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਡਰੱਗ ਅਵੇਅਰਨੈਸ ਫਾਊਡੇਸ਼ਨ ਕੈਲਗਰੀ ਵਲੋਂ ਜਾਗਰੂਕਤਾ ਸੈਮੀਨਾਰ ਆਯੋਜਿਤ










- ਚੰਦ ਸਿੰਘ ਸਦਿਉੜਾ -

ਅਜੋਕੇ ਯੁੱਗ ਵਿਚ ਜਿਉਂ-ਜਿਉਂ ਮਨੁੱਖ ਅਣਕਿਆਸੇ ਉਨਤ ਦਿਸਹੱਦਿਆਂ ਵਲ ਵਧਣ ਲਈ ਯਤਨਸ਼ੀਲ ਹੈ। ਤਿਉਂ-ਤਿਉਂ ਹੀ ਨਿਰਾਰਥਕ ਖਾਈਆਂ ਵੱਲ ਵੀ ਤੇਜ਼ੀ ਨਾਲ ਵਧ ਰਿਹਾ ਹੈ। ਜਿਵੇਂ ਜਿਵੇਂ ਸਿਹਤ ਵਰਧਕ ਉਤਪਾਦਾਂ ਦੀ ਉਤਪਤੀ ਹੋ ਰਹੀ ਹੈ ਤਿਵੇਂ ਤਿਵੇਂ ਵਿਸ਼ਵ ਦੀ ਜਵਾਨੀ ਦਾ ਘਾਣ ਕਰਨ ਵਾਲੀਆਂ ਗੈਰ ਕਾਨੂੰਨੀ ਦਵਾਈਆਂ (ਡਰੱਗਜ਼) ਦਾ ਉਤਪਾਦਨ ਹੋਣ ਦੇ ਨਾਲ ਨਾਲ ਸਿਖਲਾਈ ਮੱਕੜ ਜਾਲ ਵੀ ਵਿਛ ਰਿਹਾ ਹੈ। ਸੋ ਇਹ ਅਤਿ-ਸੰਵੇਦਨਸ਼ੀਲ ਵਿਸ਼ਾ ਸਮੁੱਚੇ ਸੰਸਾਰ ਅਤੇ ਸਰਕਾਰਾਂ ਦੇ ਤੁਰੰਤ ਧਿਆਨ ਦੀ ਮੰਗ ਕਰਦਾ ਹੈ। ਬਹੁਤ ਸਾਰੇ ਮਾਪੇ, ਸੰਸਥਾਵਾਂ ਅਤੇ ਸਰਕਾਰਾਂ ਦੀ ਤਰਜ਼ 'ਤੇ ਕੈਲਗਰੀ ਸ਼ਹਿਰ ਵਿਚ ਵੀ 'ਨਸ਼ਾ ਜਾਗਰੂਕਤਾ ਸੰਸਥਾ' ਨਾਮੀ ਸੰਗਠਨ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸ੍ਰੀ ਬਲਵਿੰਦਰ ਕਾਹਲੋਂ ਦੀ ਅਗਵਾਈ ਵਿਚ ਸ਼ੁਰੂ ਹੈ, ਅੱਜ ਸਕੂਲੀ ਬੱਚਿਆਂ ਤੇ ਮਾਪਿਆਂ ਦੀ ਸ਼ਮੂਲੀਅਤ ਨਾਲ ਇਕ ਨਾਮੀ ਸੰਗਠਨ ਬਣ ਚੁੱਕਾ ਹੈ, ਸੋ ਰੇਡੀਓ ਪ੍ਰੋਗਰਾਮ, ਸੈਮੀਨਾਰ, ਜਾਗਰੂਕਤਾ ਵਾਕ ਅਤੇ ਖ਼ੂਨਦਾਨ ਕੈਂਪਾਂ ਰਾਹੀਂ ਸਮਾਜਿਕ ਜਾਗ੍ਰਤੀ ਪੈਦਾ ਕਰਦਾ ਹੈ।

19 ਮਾਰਚ 2016 ਦੀ ਬਾਅਦ ਦੁਪਹਿਰ ਫਾਲਕਿਨਰਿਜ ਕੈਸਲਰਿਜ਼ ਕਮਿਊਨਿਟੀ ਐਸੋਸੀਏਸ਼ਨ ਦੇ ਖੁੱਲ੍ਹੇ ਡੁੱਲੇ ਹਾਲ ਵਿਚ ਇਸੇ ਸੰਸਥਾ ਵਲੋਂ ਨਸ਼ਾ ਜਾਗਰੂਕਤਾ ਸੈਮੀਨਾਰ ਦਾ ਆਯੋਜਿਨ ਕੀਤਾ ਗਿਆ। ਲਾਲ ਟੀ ਸ਼ਰਟਾਂ ਪਹਿਨੀ, ਜਿਨ੍ਹਾਂ ਉਤੇ ਨਸ਼ਾ ਵਿਰੋਧੀ ਨਾਅਰੇ ਉਕਰੇ ਹੋਏ ਸਨ, ਇਸ ਸੰਸਥਾ ਦੇ ਮੈਂਬਰ ਵਿਸ਼ੇਸ਼ ਸ਼ੋਭਾ ਦੀ ਦਿੱਖ ਉਭਾਰ ਰਹੇ ਸਨ। ਸਮਾਗਮ ਦੀ ਸ਼ੁਰੂਆਤ ਕਰਦੇ ਹੋਏ, ਇਕ ਨੌਜਵਾਨ ਪੰਜਾਬੀ ਲੜਕੀ ਸਿਮਰਨ, ਮੰਚ ਸੰਚਾਲਨ ਦੀ ਸੇਵਾ ਸੰਭਾਲ ਰਹੀ ਸੀ।

ਪ੍ਰੋਗਰਾਮ ਦੇ ਸ਼ੁਰੂ ਵਿਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਹਾਕਸ ਫੀਲਡ ਅਕੈਡਮੀ ਵਲੋਂ ਸਿੱਖਿਅਤ 8 ਤੋਂ 12 ਸਾਲ ਦੀਆਂ 4 ਲੜਕੀਆਂ ਨੇ ਕਰਮਵਾਰ ਡਰੱਗਰਜ਼ ਦੇ ਮਾੜੇ ਪ੍ਰਭਾਵਾਂ ਅਤੇ ਇਸ ਤੋਂ ਪੀੜਤ ਜਵਾਨੀ ਦਾ ਵੇਰਵਾ ਦਿੱਤਾ ਅਤੇ ਅੰਤ ਵਿਚ Say No To Drugs ਕਾਰਡਜ਼ ਰਾਹੀਂ ਸੁਨੇਹਾ ਦਿੱਤਾ। ਸ੍ਰੀ ਹਰਚਰਨ ਪ੍ਰਹਾਰ ਚੀਫ਼ ਐਡੀਟਰ 'ਸਿੱਖ ਵਿਰਸਾ' ਨੇ ਸਮੁੱਚੇ ਇਕੱਠ ਨੂੰ ਜੀ ਆਇਆਂ ਕਿਹਾ, ਇਸ ਸੰਸਥਾ ਵਲੋਂ ਸਿੱਖਿਆ ਤੇ ਜਾਗਰੂਕਤਾ ਦੇ ਨਾਲ ਨਾਲ ਡਰੱਗਜ਼ ਵਿਚ ਫਸੇ ਲੋਕਾਂ ਦੀ ਕੀਤੀ ਸਹਾਇਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਬੜੀ ਮਿਹਨਤ ਨਾਲ ਇਕੱਠੇ ਕੀਤੇ ਅੰਕੜਿਆਂ ਦੇ ਆਧਾਰ 'ਤੇ ਕਿਹਾ ਕਿ ਮੌਜੂਦਾ ਸਥਿਤੀ ਬਹੁਤ ਗੰਭੀਰ ਹੈ ਅਤੇ ਡਰੱਗ ਡੀਲਰਾਂ ਵਲੋਂ 12 ਤੋਂ 24-25 ਸਾਲ ਦੇ ਸਕੂਲੀ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਡਰੱਗਜ਼ ਸ਼ਰਾਬ ਤੇ ਤੰਮਾਕੂ ਦੇ ਨਾਲ ਕੋਕੀਨ, ਹੀਰੋਇਨ ਅਤੇ ਕਪੈਕਸਟੈਸੀ ਵਰਗੀਆਂ ਅਨੇਕਾਂ ਗੈਰ ਕਾਨੂੰਨੀ ਡਰੱਗਜ਼ ਵਿਸ਼ਵ ਦੀ ਜਵਾਨੀ ਦੀਆਂ ਜੜ੍ਹਾਂ ਵਿਚ ਤੇਲ ਦੇ ਰਹੀਆਂ ਹਨ। ਉਨ੍ਹਾਂ ਇਕ ਸਨਸਨੀਖੇਜ਼ ਪ੍ਰਗਟਾਵੇ ਰਾਹੀਂ ਕਿਹਾ ਕਿ ਕੈਨੇਡਾ ਵਿਚ ਹਰ ਸਾਲ 47000 ਲੋਕਾਂ ਦੀ ਮੌਤ ਡਰੱਗਜ਼ ਦੀ ਵਰਤੋਂ ਕਰਕੇ ਹੁੰਦੀ ਹੈ ਅਤੇ 70 ਤੋਂ 80% ਹਾਈ ਸਕੂਲ ਜਾਂਦੇ ਬੱਚੇ ਸ਼ਰਾਬ ਜਾਂ ਤੰਮਾਕੂ ਦਾ ਸੇਵਨ ਕਰਦੇ ਹਨ। ਦੇਸ਼ ਦੇ ਸਰਮਾਏ ਦਾ ਵੱਡਾ ਹਿਸਾ ਕਰੀਬ 87 ਬਿਲੀਅਨ ਡਾਲਰ ਡਰੱਗੀ ਲੋਕਾਂ ਦੀ ਦੇਖਭਾਲ ਤੇ ਖਰਚ ਹੁੰਦਾ ਹੈ। ਪੰਜਾਬ ਦੀ 75% ਜਵਾਨੀ ਡਰੱਗਜ਼ ਦੇ ਮਾਰੂ ਪ੍ਰਭਾਵਾਂ ਥੱਲੇ ਆ ਚੁੱਕੀ ਹੈ।

ਸੁਖਵੀਰ ਗਰੇਵਾਲ ਅਤੇ ਬੀਬਾ ਕੰਵਲ ਪੰਧੇਰ ਦੀ ਅਗਵਾਈ ਹੇਠ ਚਾਰ ਸਟੇਜ ਕਲਾਕਾਰਾਂ ਵਲੋਂ ਕੀਤੀ ਗਈ ਕਾਵਿਕ ਕੋਰੀਓਗਰਾਫ਼ੀ "ਪੁੱਤ ਪੰਜ ਦਰਿਆਵਾਂ ਦੇ ਭਲਾ ਕਿਉਂ ਨਸ਼ਿਆਂ ਜੋਗੇ ਰਹਿ ਗਏ', ਸੱਚਮੁੱਚ ਹੀ ਫਿਕਰ ਅਤੇ ਲੂ ਕੰਡੇ ਖੜ੍ਹੇ ਕਰ ਦੇਣ ਵਾਲੀ ਪੇਸ਼ਕਾਰੀ ਸੀ। ਸੰਸਥਾ ਦੇ ਵਿਸ਼ੇਸ਼ ਸੱਦੇ 'ਤੇ ਪਹੁੰਚੇ, ਪਹਿਲੇ ਮਹਿਮਾਨ ਸਪੀਕਰ ਡਾਕਟਰ ਸ੍ਰੀ ਸਟੀਫ਼ਨ ਮੁਸਤਫਾ, ਕਿਡਨੀ ਸਪੈਸ਼ਲਿਸਟ ਨੇ ਡਰੱਗਜ਼ ਦੇ ਮਾਰੂ ਅਸਰਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਡਨੀ ਨਾਲ ਸਬੰਧਤ ਬੀਮਾਰੀਆਂ ਦੇ ਕਾਰਨ ਪ੍ਰਹੇਜ ਤੇ ਇਲਾਜ ਬਾਰੇ ਸੇਧ ਦਿੱਤੀ। ਕੈਲਗਰੀ ਵਾਸੀ ਪੰਜਾਬੀ ਵਕੀਲ ਸ੍ਰੀ ਤਰਨਜੀਤ ਔਜਲਾ ਨੇ ਡਰੱਗਜ਼ ਅਤੇ ਡਰੱਗਜ਼ ਦੇ ਜੁਰਮਾਂ ਤੋਂ ਪ੍ਰਭਾਵਤ ਟਰੈਫਿਕ ਅਤੇ ਪ੍ਰਵਾਸ ਤੇ ਪੈਣ ਵਾਲੇ ਮਾਰੂ ਕਾਨੂੰਨੀ ਅਸਰਾਂ ਤੋਂ ਸਮੁੱਚੇ ਇਕੱਠ ਨੂੰ ਜਾਗਰੂਕ ਕੀਤਾ।

ਦੂਸਰੇ ਮੁੱਖ ਮਹਿਮਾਨ ਸ੍ਰੀ ਜਿੰਮ ਮਰੇ ਜੋ ਇਕ ਮਸ਼ਹੂਰ ਕੰਪਨੀ ਦੇ ਰਿਟਾਇਰਡ ਸੀ.ਈ.ਓ. ਇਕ ਦਾਨੀ ਅਤੇ ਵਾਈ. ਐਮ. ਸੀ. ਏ. ਸੰਸਥਾ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ, ਨੇ ਕਿਹਾ ਕਿ ਲੋਕਾਂ ਨੂੰ ਹੈਲਦੀ ਲਾਈਫ਼ ਸਟਾਈਲ ਅਪਣਾਉਣ ਲਈ ਸਿਹਤ ਦਾ ਧਿਆਨ ਰੱਖਣ ਦੀ ਲੋੜ ਹੈ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਹੀ ਉਨ੍ਹਾਂ ਦੀ ਭਲਾਈ ਹੈ। ਨੀਨਾ ਨਾਮੀ ਇਕ ਇੰਜੀਨੀਅਰ ਪੰਜਾਬੀ ਲੜਕੀ, ਜਿਸ ਦਾ ਭਰਾ, ਇਕ ਗੰਨ ਫਾਇਰ ਵਿਚ ਮਾਰਿਆ ਗਿਆ ਸੀ, ਨੇ ਆਪਣੇ ਪਰਿਵਾਰ ਦੁਆਰਾ ਹੰਢਾਏ ਸੰਤਾਪ ਬਾਰੇ ਸਾਂਝ ਪਾਈ ਅਤੇ ਆਪਣੀ ਉਸਾਰੂ ਗੱਲਬਾਤ ਵਿਚ ਜਵਾਨੀ ਨੂੰ ਪੜ੍ਹਾਈ ਵੱਲ ਪ੍ਰੇਰਿਤ ਕੀਤਾ। ਸੰਸਥਾ ਦੇ ਮੁੱਖ ਪ੍ਰਬੰਧਕ ਸ੍ਰੀ ਬਲਵਿੰਦਰ ਕਾਹਲੋਂ ਨੇ ਸਮਾਗਮ ਵਿਚ ਸ਼ਾਮਲ ਸਿਆਸੀ ਸ਼ਖਸੀਅਤਾਂ ਸ੍ਰੀ ਦਰਸ਼ਨ ਕੰਗ ਮੈਂਬਰ ਪਾਰਲੀਮੈਂਟ ਸਕਾਈਵਿਓ, ਸ੍ਰੀ ਇਰਫ਼ਾਨ ਸਬੀਰ ਅਤੇ ਜੋ ਸੀ ਸੀ ਅਲਬਰਟਾ ਮੰਤਰੀ ਸਹਿਬਾਨ ਅਤੇ ਸ੍ਰੀ ਜਗਰੂਪ ਗੱਲ ਐਮ.ਐਲ. ਏ. ਸਰੀ ਦਾ ਸਮਾਗਮ ਵਿਚ ਸ਼ਿਰਕਤ ਲਈ ਵਿਸ਼ੇਸ਼ ਧੰਨਵਾਦ ਕੀਤਾ। ਸੰਸਥਾ ਦੇ ਪ੍ਰਧਾਨ ਸ੍ਰੀ ਸੁਰਿੰਦਰ ਦਿਆਲ ਨੇ ਆਪਣੇ ਸੰਬੋਧਨ ਵਿਚ ਸਮੂਹ ਬੁਲਾਰਿਆਂ ਸ਼ਾਮਲ ਲੋਕਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵਲੋਂ ਬੁਲਾਰਿਆਂ ਨੂੰ ਡਰੱਗ ਅਵੇਅਰਨੈਸ ਨਾਲ ਟੀ-ਸ਼ਰਟਾਂ ਦੁਆਰਾ ਸਨਮਾਨਿਤ ਕੀਤਾ। ਸੈਮੀਨਾਰ ਵਿਚ ਸ਼ਾਮਲ ਸੱਜਣਾਂ ਲਈ ਪ੍ਰੇਰਣਾ ਸਰੋਤ 8 ਗਿਫਟ ਕਾਰਡ ਇਨਾਮ ਵਿਚ ਕੱਢੇ ਗਏ। ਪ੍ਰਧਾਨ ਵਲੋਂ ਸੰਸਥਾ ਦੀ ਸਮੁੱਚੀ ਸੇਵਾਦਾਰ ਟੀਮ ਦਾ ਪ੍ਰਬੰਧਕੀ ਸੇਵਾ ਲਈ ਧੰਨਵਾਦ ਕੀਤਾ ਗਿਆ। ਸੈਮੀਨਾਰ ਦੌਰਾਨ ਵੰਨ-ਸੁਵੰਨੀਆਂ ਕਿਤਾਬਾਂ ਦੀ ਸਟਾਲ ਲਾਉਣ ਲਈ ਮਾ. ਭਜਨ ਗਿੱਲ ਜਿਨ੍ਹਾਂ ਨੂੰ 'ਪੁਸਤਕਾਂ ਦਾ ਵਣਜਾਰਾ' ਕਹਿ ਕੇ ਸਨਮਾਨਿਆ ਜਾਂਦਾ ਹੈ, ਦੀ ਵਿਸ਼ੇਸ਼ ਸ਼ਲਾਘਾ ਨਾਲ ਧੰਨਵਾਦ ਕੀਤਾ। ਸਮੁੱਚੀ ਇਕੱਤਰਤਾ ਲਈ ਪ੍ਰਬੰਧਕ ਸੱਜਣਾਂ ਵਲੋਂ ਚਾਹ ਪਾਣੀ ਤੇ ਸਨੈਕਸ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਪੰਜਾਬੀ ਮੀਡੀਆ ਵਲੋਂ ਸ੍ਰੀ ਜਸਜੀਤ ਧਾਮੀ, ਹਰਬੰਸ ਬੁੱਟਰ, ਸੁਖਵੀਰ ਗਰੇਵਾਲ, ਜਗਤਾਰ ਖਰੇ, ਸਤਵਿੰਦਰ ਸਿੰਘ, ਸ੍ਰੀ ਰਿਸ਼ੀ ਨਾਗਰ ਅਤੇ ਚੰਦ ਸਿੰਘ ਸਦਿਉੜਾ ਨੇ ਇਸ ਅਹਿਮ ਸਮਾਗਮ ਦੀ ਕਵਰੇਜ ਕੀਤੀ।

ਪ੍ਰਬੰਧਕਾਂ ਦੀ ਕੋਸ਼ਿਸ਼ ਤੇ ਸੁਹਿਰਦਤਾ ਦੇ ਸਿੱਟੇ ਵਜੋਂ ਭਾਵੇਂ ਕਾਫ਼ੀ ਇਕੱਠ ਸੀ, ਇਸ ਸਮਾਗਮ ਵਿਚ, ਪਰ ਇਸ ਕਲਮ ਦੀ ਨਜ਼ਰੇ, ਇਸ ਅਲਾਮਤ ਹੱਥੋਂ ਅਸਰ ਅੰਦਾਜ਼, ਸਕੂਲ ਜਾਣ ਵਾਲੀ ਜਵਾਨ ਪੀੜ੍ਹੀ, ਵਿਸ਼ੇਸ਼ ਤੌਰ 'ਤੇ ਲੜਕਿਆਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਹੀ ਸੀ। ਸੋ ਅਗਾਊਂ ਸਮਾਗਮਾਂ ਵਿਚ ਪ੍ਰਭਾਵਿਤ ਪੀੜ੍ਹੀ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਵਧੇਰੇ ਅਸਰਦਾਰ ਕਦਮ ਚੁੱਕਣ ਦੀ ਜ਼ਰੂਰਤ ਹੈ ਤਾਂ ਹੀ ਅਜਿਹੇ ਸੈਮੀਨਾਰ ਸਾਰਥਿਕ ਸਿੱਧ ਹੋ ਸਕਣਗੇ। ਸਮੁੱਚੀ ਪ੍ਰਬੰਧਕੀ ਟੀਮ ਦਾ ਜਵਾਨ ਪੀੜ੍ਹੀ ਨੂੰ ਸਾਰਥਿਕ ਸੇਧ ਦੇਣ ਦੇ ਯਤਨਾਂ ਲਈ ਸ਼ੁਭ ਕਾਮਨਾਵਾਂ।

## 7ਵਾਂ ਸਾਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ 4 ਸਤੰਬਰ ਨੂੰ

ਕੈਲਗਰੀ : ਹਰ ਸਾਲ ਦੀ ਤਰ੍ਹਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 7ਵਾਂ ਸਾਲਾਨਾ ਤਰਕਸ਼ੀਲ ਸਭਿਅਚਾਰਕ ਨਾਟਕ ਸਮਾਗਮ 4 ਸਤੰਬਰ ਦਿਨ ਐਤਵਾਰ ਦੁਪਹਿਰ 2:30 ਵਜੇ ਤੋਂ 6 ਵਜੇ ਤੱਕ ਯੂਨੀਵਰਸਿਟੀ ਥੀਏਟਰ ਕੈਲਗਰੀ ਵਿਖੇ ਕਰਵਾਇਆ ਜਾਵੇਗਾ। ਦਰਸ਼ਕਾਂ ਨੂੰ ਬੇਨਤੀ ਹੈ ਕਿ ਤਾਰੀਖ ਨੋਟ ਕਰਕੇ ਆਪਣੇ ਕੈਲੰਡਰ ਵਿੱਚ ਪਾ ਲਉ। ਇਸ ਸਮਾਗਮ ਵਿੱਚ ਲੋਕ ਪੱਖੀ ਤੇ ਉਸਾਰੂ ਗੀਤ ਸੰਗੀਤ ਤੋਂ ਇਲਾਵਾ ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਦੇ ਸਹਿਯੋਗ ਨਾਲ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਵਲੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਨਾਟਕ ਖੇਡਿਆ ਜਾਵੇਗਾ। ਤੁਸੀਂ ਵੀ ਅਗਰ ਡਰਾਮਾ ਟੀਮ ਵਿੱਚ ਸ਼ਾਮਿਲ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ 'ਤੇ ਹਮੇਸ਼ਾ ਦੀ ਤਰ੍ਹਾਂ ਤਰਕਸ਼ੀਲ ਤੇ ਉਸਾਰੂ ਸਾਹਿਤ ਦੀਆਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਸਮਾਗਮ ਵਿੱਚ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਜਾਂ ਉਸਾਰੂ ਸੁਝਾਵਾਂ ਲਈ ਵੀ ਤੁਸੀਂ ਸੰਪਰਕ ਕਰ ਸਕਦੇ ਹੋ। ਸਾਰੇ ਕੈਲਗਰੀ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# Chamber of Commerce Privatization Report Poorly Researched, Not in Public Interest: Health Coalition

Toronto – The Ontario's Chamber of Commerce waded into health care reform today with a poorly-researched and argued report that would cause Ontarians harm if implemented, noted the Ontario Health Coalition. The OCC report is not grounded in evidence. It is comprised of a hodgepodge of anecdotes that are often inaccurate and contradictory. The OCC's stated goal in their report is to expand privatization. Aside from the poor quality of the research and manipulative use of data in the report, the report's authors provide no evidence to support privatization as a solution for any problems that they identify.

The Chamber report repeatedly overstates expenditure data. For the record, health spending has been declining as a share of Ontario's budget for years. According to Ontario Ministry of Finance 2016 Ontario Budget health spending is now at 38.7% -- a far cry from the 50% figure repeatedly misreported in the Chamber's report.

For years Ontarians and Canadians have been subjected to this rhetoric of crisis and unsustainability by private interests who are trying to win health reform so that they can take profit from the health care system. These tactics have never worked. Repeated polls show that Canadians strongly believe in the core values of equitable access to care based on need, not wealth.

The fact is that for-profit privatization is incompatible with the core principle shared by the vast majority of Canadians that equal access to health care should be based on need not wealth. We will not have any universal single-tier public health system if we allow for-profit privatization of medically needed hospital and physician services. Already, patients experience the hardship of for-profit health care in home and long-term care.

In fact, the evidence is irrefutable that for-profit privatization results in increased user fees for patients, greater inequality in access, hardship for patients, and higher costs for public insurers. The Ontario Health Coalition has conducted repeated studies in which we have directly called every private clinic in our province and every private clinic across the country. We have found that the majority of private clinics charge OHIP and charge patients on top in extra user fees -- for the same service. The fees charged in private clinics far exceed costs under the public health care system. In private cataract surgery clinics, for example, clinics not only bill OHIP approx. $500 per cataract surgery (2014 Ministry of Health data) but they also bill patients hundreds of dollars extra for administrative fees and add-ons such as medically unnecessary tests. Many clinics violate the Canada Health Act and charge patients $1,200 to $3,000 for the cataract surgery – even though the patient has already paid in their taxes and should receive the surgery without charge under OHIP and the Canada Health Act. In private MRI clinics, patients are regularly charged $1,000 or more for an MRI which costs on average approximately $250 under OHIP (2011 Ministry of Health data). In addition, the private clinics locate in large urban centres, and take scarce staff out of local public hospitals reducing care levels. While they take resources out of public hospitals, they only take the lightest most "profitable" patients, while leaving behind the heaviest care patients with fewer resources to care for them.

While it may be that for-profit clinics have lobbied the Chamber to take this position, the fact is that the expansion of privatization is not in the public interest. Moreover, it is not in the interest of most businesses in Ontario to have to pay the higher costs of private clinics, public-private partnership and medically-unnecessary add-ons that would result from expanded health care privatization.

It should be noted that private clinics locate in large urban centres where there is a sizeable market of wealthy people who can pay their extra user fees. This causes further loss of local health services for rural and smaller communities. To pretend that privatization is a solution for cuts to local public hospitals that have devastated mid-sized, smaller and rural towns is pretense indeed. Privatization would only make their situations worse.

The Ontario Health Coalition has provided a full analysis of the Chamber report on its website at www.ontariohealthcoalition.ca

Quotes: "We are disappointed that the Chamber came out with this report which is neither in the interests of Ontarians nor in the interests of many of the Chamber's members," noted Natalie Mehra, executive director. "Privatization is not an add-on to public health care, it is a take-away. It drives up costs, deprives our local towns of needed services and results in user fees of hundreds or even thousands of dollars for patients when they are sick, elderly and least able to pay."

"There are so many improvements that the Chamber of Commerce can and should advocate, rather than privatization. Ontarians – and Ontario businesses – need an expansion of public health care to cover prescription drugs, thereby reducing the cost and expanding coverage to all Canadians," said Ross Sutherland, MA, RN, chair of the Ontario Health Coalition. "We need improved planning, better management of overused prescription drugs and medical technologies, and integration of home care into a public non-profit system that gets funding to the front-lines more efficiently, for example. We hope that the Chamber revisits their position prior to its upcoming series of reports and recommendations."

For more information: Natalie Mehra, Executive Director, 416-441-2502 (office).


Hiring Drivers/Owners/Operators

GALAXY Frightline inc.

We Offer:
- Competitive Salary
- Fuel Cards
- Late Model Equipment
- NewPay Package
- On Site Maintenance Facility
- Extra Drops and Pickups Paid
- Guaranteed Miles Per Month
- Guaranteed Home Time

We Require:
- 2 Years Experience
- Clean Current Abstract
- Ability to Cross Border
- Positive, Professional Attitude

For:
- GTA
- ON-QC
- ON-MB-AB-BC
- USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Brittania Road East *Mississauga *ON *L4W 1J2





MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
7033 Telford Way, Unit # 9, Mississauga, ON L5S 1V4
Tel. 905-672-7800, Fax. 905-672-7804
Email: vipanmarok@gmail.com
www.maroklaw.com



ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਅਖੇ ਅਸੀਂ ਜੱਟ ਹੁੰਨੇ ਆਂ

-ਬਲਜੀਤ ਮਲਹਾਂਸ

ਮੈਂ ਇੱਕ ਜੱਟ ਦੀ ਧੀ ਹਾਂ। ਮੇਰਾ ਪਿਓ ਸਰਦਾਰ ਸੀ....ਪਰਵਾਸੀ ਮਜ਼ਦੂਰਾਂ ਦਾ ਸਰਦਾਰ।

ਉਂਝ ਜਦੋਂ ਤੋਂ ਮੇਰੀ ਸੁਰਤ ਸੰਭਲ਼ੀ, ਮੈਂ ਬੇਬੇ ਬਾਪੂ ਨੂੰ ਹਮੇਸ਼ਾ ਕਰਜ਼ੇ ਦੀਆਂ... ਗੱਲਾਂ ਕਰਦੇ ਹੀ ਸੁਣਿਆ ।

ਜ਼ਮੀਨ ਠੇਕੇ 'ਤੇ ਲੈਣੀ ਹੁੰਦੀ ਜਾਂ



ਯੂਰੀਆ ਖਰੀਦਣਾ ਹੁੰਦਾ, ਸਪਰੇਹ ਕਰਨੀ ਹੁੰਦੀ ਜਾਂ ਨਾਨਕ ਛੱਕ ਪੂਰਨ ਜਾਣਾ ਹੁੰਦਾ......ਹਰ ਵਾਰ ਬਾਪੂ ਦਾ ਅੰਗੂਠਾ ਸ਼ਾਹੂਕਾਰ ਦੀ ਵਹੀ 'ਤੇ ਲੱਗਦਾ ।

ਹਰ ਛਿਮਾਹੀ ਭਰਵੀਂ ਫ਼ਸਲ ਹੁੰਦੀ, ਟਰਾਲੀਆਂ ਭਰ ਭਰ ਮੰਡੀ ਵੱਲ ਜਾਂਦੀਆਂ ।

ਹਰ ਛਿਮਾਹੀ ਮਾਂ ਆਖਦੀ, "ਐਤਕੀਂ ਮੈਂ ਵੀ ਅਉਣ-ਜਾਣ ਨੂੰ ਨਮਾਂ ਸੂਟ ਲੈਣਾ।"

ਪਰ ਮਾਂ ਦੇ ਜਿਉਂਦੇ ਜੀਅ ਉਹ ਛਿਮਾਹੀ ਕਦੇ ਨਾ ਆਈ।

ਹਰ ਵਾਰ ਬਾਪੂ ਖਾਲੀ ਖੀਸਾ ਤੇ ਨੀਲਾ 'ਗੂਠਾ ਲੈ ਮੰਡੀਓਂ ਮੁੜਦਾ। ਕਈ ਵਾਰ ਨੀਲੀ ਸਿਆਹੀ ਉਸਦੀਆਂ ਅੱਖਾਂ ਦੇ ਕੋਇਆਂ 'ਤੇ ਵੀ ਲੱਗੀ ਹੁੰਦੀ। ਉਸ ਰਾਤ ਬਾਪੂ ਰੱਜ ਕੇ ਦਾਰੂ ਪੀਂਦਾ ਤੇ ਬਿਨਾਂ ਰੋਟੀ ਖਾਧੇ ਸੌਂ ਜਾਂਦਾ।

ਮੈਨੂੰ ਯਾਦ ਹੈ ਇੱਕ ਵਾਰ ਜਦੋਂ ਸਾਰੇ ਘਰਦਿਆਂ ਨੇ ਭੂੱਵੜ ਦੀ ਮਕਾਣ ਜਾਣਾ ਸੀ ਤਾਂ ਬੇਬੇ ਨੇ ਬਾਪੂ ਦੀ ਜੁੱਤੀ ਗੰਢਵਾਉਣ ਮੈਨੂੰ ਜੀਤੇ ਮੋਚੀ ਕੋਲ਼ ਭੇਜਿਆ ਸੀ ।

ਜੀਤੇ ਮੋਚੀ ਨੇ ਜੁੱਤੀ ਨੂੰ ਪੁੱਠੀ-ਸਿੱਧੀ ਕਰਦਿਆਂ ਕਿਹਾ ਸੀ, "ਕੁੜੀਏ! ਇਹ ਨੀ ਗੰਢੀ ਜਾ ਸਕਦੀ ਹੋਰ ਕਿਤਿਓਂ, ਪਹਿਲਾਂ ਈ ਬਥੇਰੀ ਵਾਰ ਗੰਢ ਚੁੱਕਾਂ।"

ਤੇ ਫਿਰ ਉਸ ਅਪਣੇ ਬਕਸੇ ਜਿਹੇ 'ਚੋਂ ਇੱਕ ਜੁੱਤੀ ਕੱਢ ਮੈਨੂੰ ਦਿੰਦਿਆਂ ਕਿਹਾ ਸੀ, "ਲੈ ਫੜ ਮੱਲਾ! ਆਹ ਲੈਜਾ....ਸਾਲ ਭਰ ਤੋਂ ਪਈ ਆ ਐਥੇ ...ਇਹਦਾ ਕੋਈ ਵਾਲੀ-ਵਾਰਸ ਨੀ ਹੈਗਾ।"

ਮੈਂ ਜੁੱਤੀ ਫੜ ਸਾਹੋ-ਸਾਹ ਹੋਈ ਬਾਪੂ ਕੋਲ਼ ਭੂਰੇ ਆਲ਼ੀ ਮੋਟਰ 'ਤੇ ਜਾ ਪਹੁੰਚੀ। ਪਰ ਜੁੱਤੀ ਨੂੰ ਵੇਖ ਬਾਪੂ ਪਤਾ ਨੀ ਕਿਉਂ ਅੱਗ ਵਾਂਗੂੰ ਮੱਚ ਉਠਿਆ ਸੀ ।

ਸ਼ਾਮ ਨੂੰ ਘਰ ਦੀ ਕੱਢੀ ਦਾ ਗਲਾਸ ਅੰਦਰ ਸਿੱਟ ਉਸ ਜੀਤੇ ਮੋਚੀ ਸਮੇਤ ਸਾਰੇ ਪਿੰਡ ਦੀ ਮਾਂ-ਭੈਣ ਇਕ ਕਰ ਦਿੱਤੀ ਸੀ। ...ਅਖੇ 'ਅਸੀਂ ਜੱਟ ਹੁੰਨੇ ਆਂ, ਮੰਗਤੇ ਨੀ।'

ਮੈਨੂੰ ਤਾਂ ਇਹ ਵੀ ਯਾਦ ਐ ਕਿ ਮਾਂ ਜਦੋਂ ਵੀ ਪੇਕਿਆਂ ਤੋਂ ਆਉਂਦੀ, ਕੁੱਜੇ, ਭੜੋਲੀਆਂ ਵਿੱਚ ਕੁੱਝ ਲੁਕੋਂਦੀ ਰਹਿੰਦੀ । ਜਦੋਂ ਮੈਂ ਤੇ ਮੇਰਾ ਛੋਟਾ ਭਰਾ ਸਕੂਲ ਦੀ ਫ਼ੀਸ ਲਈ ਪੈਸੇ ਮੰਗਦੇ ਜਾਂ ਕੋਈ ਨਿੱਕੀ-ਮੋਟੀ ਚੀਜ਼ ਲੈਣ ਦੀ ਜ਼ਿੱਦ ਕਰਦੇ ਤਾਂ ਮਾਂ ਓਹੀ ਕੁੱਜੇ, ਭੜੋਲੀਆਂ ਫ਼ੋਲ ਮੁੜੇ-ਤੁੜੇ ਨੋਟ ਸਾਨੂੰ ਦਿੰਦੀ।

ਹਾਂ ਸੱਚ, ਇਹ ਤਾਂ ਦੱਸਣੋਂ ਰਹਿ ਈ ਗਿਆ ਕਿ ਜਿਵੇਂ ਮੇਰਾ ਬਾਪੂ ਸਰਦਾਰ ਸੀ ਉਵੇਂ ਮੇਰੀ ਬੇਬੇ ਵੀ ਸਰਦਾਰਨੀ ਸੀ। ਨਰਮਾ ਜਾਂ ਕਪਾਹ ਚੁੱਗ ਕੇ ਆਈਆਂ ਚੁਗਾਵੀਆਂ ਉਸ ਦੇ ਬਰਾਬਰ ਮੰਜੇ ਤੇ ਨਹੀਂ ਸੀ ਬਹਿੰਦੀਆਂ ਸਗੋਂ ਭੁੰਜੇ ਬਹਿੰਦੀਆਂ ਤੇ ਮਾਂ ਨੂੰ ਸਰਦਾਰਨੀ-ਸਰਦਾਰਨੀ ਕਹਿੰਦੀਆਂ ।

ਜ਼ਮੀਨ ਤਾਂ ਬਾਪੂ ਦੇ ਜਿਉਂਦਿਆਂ ਹੀ ਮੁੱਕ ਗਈ ਸੀ ਤੇ ਬਾਪੂ ਦੇ ਨਹਿਰ 'ਚ ਡੁੱਬਣ ਤੋਂ ਬਾਅਦ ਘਰ ਵੀ ਕੁਰਕੀ ਹੋ ਗਿਆ ਸੀ। ਮਾਂ ਨੇ ਅਜਿਹਾ ਹੌਕਾ ਲਿਆ ਕਿ ਪੇਕੇ ਜਾ ਦਿਨਾਂ ਵਿੱਚ ਹੀ ਮੁੱਕ ਗਈ ।

ਉਸਦੀਆਂ ਅੰਤਮ ਰਸਮਾਂ ਨਿਭਾਉਣ ਆਏ ਮਾਮੇ ਪਿੰਡ ਦੀਆਂ ਸਾਰੀਆਂ ਲਾਗਣਾਂ ਨੂੰ ਸੂਟ ਦੇ ਕੇ ਗਏ ਸੀ ...ਅਖੇ 'ਤਾਂ ਕੀ ਹੋਇਆ ਜੇ ਅੱਜ ਘਰਬਾਰ ਨੀ ਰਿਹਾ..... ਆਖਿਰ ਨੂੰ ਜੱਟ ਹੁੰਨੇ ਆਂ, ਲਾਗੀਆਂ ਦਾ ਲਾਗ ਥੋੜ੍ਹੀ ਮਾਰਨਾ'

ਹੁਣ ਹਾਲਾਤ ਕੁੱਝ 'ਬਦਲ' ਗਏ ਨੇ!

ਮੈਂ ਅਪਣੇ ਦਹਾਜੂ ਪਤੀ ਤੇ ਉਸਦੇ ਪਹਿਲੇ ਤਿੰਨ ਨਿਆਣਿਆਂ ਨਾਲ਼ ਉਥੇ ਬਾਹਰਲੇ ਮੁਲਕ ਵਿੱਚ 'ਸੈੱਟ' ਹਾਂ ।

ਰਾਤ ਨੂੰ ਫੈਕਟਰੀ ਵਿੱਚ ਕੰਮ ਕਰਦੀ ਹਾਂ ਤੇ ਦਿਨੇ ਜੇ ਵਿਹਲ ਮਿਲ਼ੇ ਤਾਂ ਆਹ ਸਭ ਲਿਖ ਲੈਂਦੀ ਹਾਂ ।

ਕਦੀ ਕਦੀ ਵੀਰੇ ਦੀ ਬਹੁਤ ਯਾਦ ਆਉਂਦੀ ਆ ਜਿਸਨੇ ਪਿੰਡ ਤੋਂ ਕਿਤੇ ਦੂਰ ਚਾਹ ਦੀ ਦੁਕਾਨ ਕਰ ਲਈ ਸੀ .... ਅਖੇ 'ਪਿੰਡ 'ਚ ਇਹ ਕੰਮ ਕੀਤਾ ਤਾਂ ਲੋਕ ਕੀ ਕਹਿਣਗੇ ......ਫ਼ੇਰ ਵੀ ਆਪਾਂ ਜੱਟ ਹੁੰਨੇ ਆਂ'

ਕੋਟਲ਼ੇ ਧਾਗਾ ਮਿੱਲ 'ਚ ਕੰਮ ਕਰਦੀ ਭਰਜਾਈ ਨਾਲ਼ ਦੁੱਖ-ਸੁੱਖ ਕਰ ਲਈਦਾ। ਉਹ ਵੀ ਕਈ ਵਾਰ ਨਿਰਾਸ਼ ਜਿਹੀ ਹੋ ਕੇ ਆਖਦੀ ਆ, "ਬੀਬੀ! ਤੇਰੇ ਭਤੀਜੇ ਦੇ ਲੱਛਣ ਠੀਕ ਜੇ ਨੀ ਲੱਗਦੇ ....ਬਾਣੀਆਂ ਦੀ ਕੁੜੀ ਦਾ ਖਹਿੜਾ ਈ ਨੀ ਛੱਡਦਾ ਭੈੜਾ....ਡਰ ਲੱਗਦਾ ਕਿਤੇ ਹੋਰ ਜਾਤ-ਕੁਜਾਤ ਨਾ ਵਿਆਹ ਲਿਆਵੇ.... ਐਂ ਜਰਿਆ ਨੀ ਜਾਣਾ ਅੜੀਏ....ਆਪਾਂ ਤਾਂ ਫੇਰ ਵੀ ਜੱਟ ਆਂ"

ਤੇ ਓਧਰ ਭਤੀਜਾ ਸਾਰਾ ਦਿਨ ਫੇਸਬੁੱਕ 'ਤੇ ਸੈਲਫੀਆਂ ਜਿਹੀਆਂ ਖਿੱਚ-ਖਿੱਚ ਪਾਈ ਜਾਂਦਾ....'ਅਖੇ ...' ਜੱਟ ਤਾਂ ਜੁਗਾੜੀ ਹੁੰਦੇ ਆ'

ਪਤਾ ਨੀ ਉਹ ਕਿਹੜਾ ਜੁਗਾੜ ਸੀ ਜੋ ਬਾਪੂ ਤੇ ਵੀਰੇ ਨੂੰ ਲੜਾਉਣਾ ਨੀ ਆਇਆ?

ਜੱਟ ਹੋਣਾ ਵਰ ਹੈ ਕਿ ਸਰਾਪ ? ਸਮਝ ਨੀ ਆਉਂਦੀ.....

# ਭਾਰਤੀ ਯੂਨੀਵਰਸਿਟੀਆਂ 'ਤੇ ਭਗਵੇਂ ਫਾਸ਼ੀਵਾਦ ਦਾ ਹਮਲਾ

(ਸਫ਼ਾ 1 ਦੀ ਬਾਕੀ)

ਲੈਕੇ ਯੂਨੀਵਰਸਿਟੀ ਵਿਦਿਆਰਥੀ ਜੱਥੇਬੰਦੀ ਦੇ ਪ੍ਰਧਾਨ ਕਨ੍ਹਈਆ ਕੁਮਾਰ ਅਤੇ ਹੋਰ ਵਿਦਿਆਰਥੀ ਆਗੂਆਂ ਖਿਲਾਫ ਦੇਸ਼ਧ੍ਰੋਹ ਦੇ ਕੇਸ ਅਤੇ ਗ੍ਰਿਫ਼ਤਾਰੀਆਂ ਦਾ ਫਾਸ਼ੀਵਾਦੀ ਤਰੀਕਾ ਅਪਣਾਇਆ ਜਾ ਰਿਹਾ ਹੈ। ਇਲਾਹਾਬਾਦ ਯੂਨੀਵਰਸਿਟੀ ਦੀ ਵਿਦਿਆਰਥੀ ਪ੍ਰਧਾਨ ਰੀਚਾ ਸਿੰਘ ਵੀ ਦਮਨ ਚੱਕਰ ਦਾ ਸ਼ਿਕਾਰ ਬਣਾਈ ਜਾ ਰਹੀ ਹੈ। ਪੂਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਵੀ ਸੰਘ ਪਰਿਵਾਰ ਖਿਲਾਫ ਰੋਸ ਪ੍ਰਦਰਸ਼ਨ ਵਿੱਚ ਭਗਵਾ ਬ੍ਰਿਗੇਡ ਦੇ ਕੁਝ ਅਨਸਰਾਂ ਦੁਆਰਾ ਦੇਸ਼ ਵਿਰੋਧੀ ਨਾਅਰੇ ਲਗਾਉਣ ਦੀ ਸ਼ਰਾਰਤ ਨੂੰ ਬੇਨਕਾਬ ਕੀਤਾ ਹੈ। ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀ ਇੱਕ-ਮੁੱਠਤਾ ਦਾ ਪ੍ਰਗਟਾਵਾ ਕਰਕੇ ਰੋਹਿਤ ਵੈਮੂਲਾ ਲਈ ਇਨਸਾਫ, ਜਵਾਹਰ ਲਾਲ ਯੂਨੀਵਰਸਿਟੀ ਅਤੇ ਹੋਰ ਵਿਦਿਅਕ ਅਦਾਰਿਆਂ ਖਿਲਾਫ ਜਾਰੀ ਦਮਨ ਚੱਕਰ ਦਾ ਡਟਵਾਂ ਵਿਰੋਧ ਕਰ ਰਹੇ ਹਨ ਅਤੇ ਇਨ੍ਹਾਂ ਦੇ ਨਾਲ ਉਨ੍ਹਾਂ ਦਾ ਪ੍ਰੋਫੈਸਰ ਵਰਗ ਵੀ ਡਟਕੇ ਸਾਥ ਦੇ ਰਿਹਾ ਹੈ ।

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਮਈ 2004 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਯੂਨੀਵਰਸਿਟੀਆਂ, ਪੱਤਰਕਾਰਾਂ, ਸਾਹਿਤਕਾਰਾਂ, ਪੱਤਰਕਾਰ ਵਰਗੇ ਬੁੱਧੀਜੀਵੀ ਵਰਗ ਤੇ ਇਹ ਇੱਕ ਹਮਲਾ ਹੀ ਨਹੀਂ ਸਗੋਂ ਭਾਰਤ ਅੰਦਰ ਲਗਾਤਾਰ ਕੁਝ ਅਣਸੁਖਾਵੇਂ ਰਿਕਾਰਡ ਕਾਇਮ ਕਰ ਰਹੀ ਹੈ। ਅਸਮਾਨ ਤੋਂ ਗਿਰਿਆ ਖ਼ਜੂਰ ਤੇ ਅਟਕਿਆ-ਕਾਂਗਰਸ ਦੇ ਭ੍ਰਿਸ਼ਟ ਲੰਬੇ ਸ਼ਾਸ਼ਨਕਾਲ ਤੋਂ ਮੁਕਤੀ ਦੇ ਯਤਨ, ਮੋਦੀ ਦੇ ਅੱਛੇ ਦਿਨਾਂ ਦੇ ਹਸੀਨ ਸੁਪਨਿਆਂ ਦੀ ਆਸ ਨਾਲ ਭਾਰਤੀ ਜਨਤਾ ਅਜੀਬ ਕਿਸਮ ਦੇ ਭੈਅ ਦੇ ਮਾਹੌਲ ਵਿੱਚ ਜੀਅ ਰਹੀ ਹੈ। ਅੱਜ ਤੱਕ ਦੇ ਇਤਿਹਾਸ ਵਿੱਚ ਸ਼ਾਇਦ ਹੀ ਕੋਈ ਅਜਿਹਾ ਸਮਾਂ ਕਾਲ ਹੋਵੇ ਜਦ ਇਸ ਤਰ੍ਹਾਂ ਮਜ਼ਦੂਰਾਂ ਮਿਹਨਤਕਸ਼ਾਂ, ਨੌਜਵਾਨਾਂ, ਵਿਦਿਆਰਥੀਆਂ ਦਲਿਤਾਂ, ਆਦੀਵਾਸੀਆਂ, ਘੱਟ ਗਿਣਤੀਆਂ ਅਤੇ ਆਮ ਆਬਾਦੀ ਦੇ ਹੱਕਾਂ ਨੂੰ ਇਨ੍ਹੀ ਤੇਜ਼ ਰਫਤਾਰ ਨਾਲ, ਇਨ੍ਹਾਂ ਯੋਜਨਾਂਬੰਦ ਢੰਗ ਨਾਲ ਹਮਲਾ ਕੀਤਾ ਗਿਆ ਹੋਵੇ, ਉਹ ਵੀ ਨੰਗੇ ਚਿੱਟੇ ਰੂਪ ਦੀ ਸਰਕਾਰੀ ਸਰਪ੍ਰਸਤੀ ਵਿੱਚ। ਭਗਵਾਂ ਬ੍ਰਿਗੇਡ ਅਤੇ ਆਰ. ਐਸ. ਐਸ. ਦੇ ਨਾਲ ਮਿਲ ਕੇ ਲੋਕਾਂ ਨੂੰ ਮਹਿੰਗਾਈ ਗਰੀਬੀ ਅਤੇ ਭ੍ਰਿਸ਼ਟਾਚਾਰ ਵਰਗੇ ਅਸਲ ਮੁੱਦਿਆਂ ਤੋਂ ਭਟਕਾਉਣ ਲਈ, ਵਿਉਂਤਬੰਦ ਤਰੀਕੇ ਨਾਲ ਹਿੰਦੁਤਵ, ਗੌਅ-ਮਾਸ, ਹਿੰਦੁਤਵ ਵਾਲਾ ਅਖੌਤੀ ਦੇਸ਼ਪ੍ਰੇਮ, ਭਾਰਤ ਮਾਤਾ ਵਰਗੇ ਮੁੱਦੇ ਖੜ੍ਹੇ ਕੀਤੇ ਜਾ ਰਹੇ ਹਨ। ਭਾਰਤ ਦੀਆਂ ਅਨੇਕਾਂ ਮਾਵਾਂ ਦੇ ਗਾਲੀ-ਗਲੋਚ ਦੀ ਭਾਸ਼ਾ ਵਾਲੇ ਲੋਕਾਂ ਵੱਲੋਂ ਖਿਆਲੀ ਭਾਰਤ ਮਾਤਾ ਦਾ ਜੈਅ-ਨਾਦ, ਭਾਰਤ ਦੇ ਜੰਮ-ਪਲ ਮੁਸਲਿਮ ਭਾਈਚਾਰੇ ਨੂੰ ਦੇਸ਼ਧ੍ਰੋਹੀ ਅੱਤਵਾਦੀ ਦਾ ਲੇਬਲ ਲਗਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਬ੍ਰਾਹਮਣ-ਵਾਦੀ ਸਮਾਜਿਕ ਵਿਵਸਥਾ ਦੁਆਰਾ ਸ਼ੋਸ਼ਿਤ ਆਦਿਵਾਸੀ ਅਤੇ ਦਲਿਤਾਂ ਦੇ ਹੱਕਾਂ ਨੂੰ ਦਬਾਉਣਾ, ਸ਼ੋਸ਼ਿਤ ਵਰਗਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਵਿਦਿਆਰਥੀ ਅਤੇ ਬੁੱਧੀਜੀਵੀ ਵਰਗ ਨੂੰ ਦੇਸ਼ਧ੍ਰੋਹੀ ਦਾ ਲੇਬਲ ਲਗਾਇਆ ਜਾ ਰਿਹਾ ਹੈ। ਪੱਤਰਕਾਰਾਂ ਨੂੰ ਗਾਲੀ-ਗਲੋਚ, ਧਮਕੀਆਂ, ਵਿਕਾਊ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਫਿਰਕੂ ਅਫਵਾਹਾਂ ਅਤੇ ਗੁੰਡਾ ਮਾਹੌਲ ਨਾਲ ਦੇਸ਼ ਅੰਦਰ ਦੰਗੇ-ਫਸਾਦਾਂ ਦੇ ਸੰਭਾਵੀ ਖਤਰੇ ਵਾਲਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ-ਜੋ ਆਪਣੇ ਆਪ ਦਾ ਰਿਕਾਰਡ ਹੈ। ਮੁਜ਼ੱਫਰਨਗਰ ਤੋਂ ਲੈ ਕੇ ਭਾਗਲਪੁਰ ਤੱਕ ਛੋਟੇ ਵੱਡੇ ਦੰਗੇ ਅਤੇ ਜਿੱਥੇ ਨਹੀਂ ਹੋਏ ਉਥੇ ਦੰਗਿਆਂ ਵਰਗਾ ਤਣਾਅ ਪੈਦਾ ਕਰਕੇ ਹਿੰਦੂ ਵੋਟ ਬੈਂਕ ਲਈ ਵਿਰਕਾਪ੍ਰਸਤ ਲੀਹਾਂ 'ਤੇ ਸਮਾਜ ਦਾ ਧਰੁਵੀਕਰਨ ਕੀਤਾ ਜਾ ਰਿਹਾ ਹੈ।

ਕਾਂਗਰਸ ਦੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈਕੇ ਬਣੀ ਮੋਦੀ ਸਰਕਾਰ ਇਸ ਮਾਮਲੇ ਵਿੱਚ ਵੀ ਖਰੀ ਨਹੀਂ ਉਤਰ ਸਕੀ। ਇਸ ਦੇ ਇਨ੍ਹੇ ਛੋਟੇ ਅਰਸੇ ਦੇ ਸ਼ਾਸ਼ਨਕਾਲ ਵਿੱਚ ਹੀ ਇਸ ਸਰਕਾਰ ਨੇ ਰਿਕਾਰਡ ਕਾਇਮ ਕਰ ਦਿੱਤਾ ਹੈ। ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਘੋਟਾਲਾ 'ਵਿਆਪਮ', ਮਹਾਰਾਸ਼ਟਰ ਦਾ ਚਿੱਕੀ ਘੋਟਾਲੇ ਸਮੇਤ ਪੰਕਜ ਮੁੰਡੇ ਦੁਆਰਾ ਦੋ ਘੋਟਾਲੇ, ਤਾਵੜੇ ਦੁਆਰਾ ਘੋਟਾਲਾ, ਇਨ੍ਹਾਂ ਸਾਰੇ ਘੋਟਾਲਿਆਂ ਦੇ ਗਵਾਹਾਂ ਦੀਆਂ ਹੱਤਿਆਵਾਂ, ਆਸਾਰਾਮ ਬਾਪੂ ਵਰਗੇ ਬਲਾਤਕਾਰੀ ਦਾ ਖੁੱਲ੍ਹੇ ਰੂਪ ਵਿੱਚ ਬਚਾਅ ਕਰਨਾ, ਆਸਾਰਾਮ ਕੇਸ ਦੇ ਗਵਾਹਾਂ ਦੀਆਂ ਹੱਤਿਆਵਾਂ, ਰਮਨ ਸਿੰਘ ਸਰਕਾਰ ਤਹਿਤ ਘੋਟਾਲੇ, ਲਲਿਤ ਘੋਟਾਲੇ ਵਿੱਚ ਸੁਸ਼ਮਾ ਸਵਰਾਜ ਤੋਂ ਲੈ ਕੇ ਵਸੁੰਧਰਾ ਰਾਜੇ ਦਾ ਫਸਣਾ, ਕਾਨੂੰਨ ਤੋਂ ਭੱਜੇ ਇਸ ਦਲਾਲ ਅਪਰਾਧੀ ਦੀ ਦੇਸ਼ ਤੋਂ ਭੱਜਣ ਵਿੱਚ ਮਦਦ ਕਰਨਾ, ਗੁਜਰਾਤ ਦੇ ਮੁੱਖ ਮੰਤਰੀ ਦੀ ਨਾਜ਼ਾਇਜ਼ ਸੰਪਤੀ ਘੋਟਾਲਾ, ਐਮ.ਪੀ. ਹੇਮਾ ਮਾਲਿਨੀ ਦੇ ਨਾਮ ਸਰਕਾਰੀ ਜ਼ਮੀਨ ਦੀ ਕੌਡੀਆਂ ਭਾਅ ਤਬਦੀਲੀ ਆਦਿ ਸਾਰੇ ਰਿਕਾਰਡ ਇਸੇ ਭਾਜਪਾ ਸਰਕਾਰ ਦੇ ਲੇਖੇ ਹਨ। ਵਿਦੇਸ਼ੀ ਕਾਲਾ ਧਨ ਨੂੰ ਚੁਟਕੀਆਂ ਵਿੱਚ ਵਾਪਸ ਲਿਆ ਕੇ ਹਰ ਇੱਕ ਦੇਸ਼ ਵਾਸੀ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਉਣ ਦੇ ਲਾਰ੍ਹੇ ਨਾਲ ਬਣੀ ਇਹ ਸਰਕਾਰ, ਦੇਸ਼ ਦੀਆਂ ਬੈਂਕਾਂ ਤੋਂ ਕਰੋੜਾਂ ਰੁਪਏ ਲੁੱਟ ਕੇ ਵਿਦੇਸ਼ ਭੱਜਣ ਵਾਲੇ ਸ਼ਰਾਬ ਵਿਉਪਾਰੀ ਵਿਜੇ ਮਾਲਿਆ ਨੂੰ ਵੀ ਇਹ ਸਰਕਾਰ ਰੋਕ ਨਹੀਂ ਸਕੀ ।

ਗੱਲ ਕਿ ਅੱਛੇ ਦਿਨਾਂ ਦੇ ਨਾਮ ਹੇਠ ਜਨਤਾ ਦੇ ਪੱਲੇ ਪਈ ਮਹਿੰਗਾਈ, ਗਰੀਬੀ, ਬੇਰੋਜ਼ਗਾਰੀ, ਭ੍ਰਿਸ਼ਟ ਰਾਜ ਪ੍ਰਬੰਧ ਪਰ ਸੰਘ ਪਰਿਵਾਰ-ਭਾਜਪਾ ਸਰਕਾਰ ਦੇ ਗਿਰੋਹ ਲਈ ਚਾਂਦੀ ਹੀ ਚਾਂਦੀ। ਇਹੀ ਗਰੋਹ ਦੇਸ਼ ਭਗਤੀ ਦੇ ਸਰਟੀਫਿਕੇਟ ਦਾ ਠੇਕੇਦਾਰ ਬਣਕੇ ਸਾਰੀਆਂ ਵਿਰੋਧੀ ਪਾਰਟੀਆਂ ਅਤੇ ਵਿਚਾਰਧਾਰਾਵਾਂ ਨੂੰ ਦੇਸ਼ਧ੍ਰੋਹ ਦੇ ਝੂਠੇ ਕੇਸਾਂ ਵਿੱਚ ਫਸਾਉਣ ਦਾ ਗੈਰ-ਜਮਹੂਰੀ ਢੰਗ ਅਪਨਾ ਰਿਹਾ ਹੈ। ਦੇਸ਼ ਦੀ ਜਮਹੂਰੀਅਤ ਪਸੰਦ ਬਹੁਗਿਣਤੀ ਜਨਤਾ, ਮਜ਼ਦੂਰ-ਕਿਸਾਨ ਵਿਰੋਧੀ, ਆਦਿਵਾਸੀ ਅਤੇ ਦਲਿਤ ਵਿਰੋਧੀ, ਧਾਰਮਿਕ ਘੱਟ-ਗਿਣਤੀ ਵਿਰੋਧੀ ਮਨਸੂਬਿਆਂ ਤਹਿਤ ਅਣ-ਐਲਾਨੀ ਐਮਰਜੈਂਸੀ ਦਾ ਵਿਰੋਧ ਕਰਨ ਲਈ ਇੱਕਮੁੱਠ ਹੋ ਰਹੀ ਹੈ।

# ਹੈਦਰਾਬਾਦ 'ਵਰਸਿਟੀ 'ਚ ਵਿਦਿਆਰਥੀਆਂ ਦੀ ਕੁੱਟਮਾਰ ਤੇ ਅਣ-ਐਲਾਨੀ ਐਮਰਜੈਂਸੀ ਦਾ ਵਿਰੋਧ ਕਰੋ !

ਦੋਸਤੋ, ਜਨਵਰੀ ਮਹੀਨੇ ਹੈਦਰਾਬਾਦ ਯੂਨੀਵਰਸਿਟੀ ਵਿੱਚ ਭਾਜਪਾ ਦੇ ਬੰਦਾਰੂ ਦੱਤਾਤਰੇ ਤੇ ਸਮ੍ਰਿਤੀ ਇਰਾਨੀ ਦੀ ਸ਼ਹਿ 'ਤੇ ਵਾਈਸ ਚਾਂਸਲਰ ਅੱਪਾ ਰਾਓ ਵੱਲੋਂ ਕੀਤੀਆਂ ਵਧੀਕੀਆਂ ਕਾਰਨ ਦਲਿਤ ਵਿਦਿਆਰਥੀ ਰੋਹਿਤ ਵੇਮੂਲਾ ਨੂੰ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ। ਇਸ ਮਾਮਲੇ ਦੇ ਤੂਲ ਫੜ ਜਾਣ ਮਗਰੋਂ ਦੋਸ਼ੀ ਵਾਈਸ ਚਾਂਸਲਰ ਦੋ ਮਹੀਨੇ ਦੀ ਛੁੱਟੀ ਲੈ ਕੇ ਫਰਾਰ ਹੋ ਗਿਆ ਸੀ। ਜਦੋਂ ਮੰਗਲਵਾਰ ਨੂੰ ਵਾਈਸ ਚਾਂਸਲਰ ਅੱਪਾ ਰਾਓ ਬਿਨਾਂ ਸੂਚਨਾ ਦੇ ਮੁੜ ਯੂਨੀਵਰਸਿਟੀ ਪਹੁੰਚਿਆ ਤਾਂ ਵਿਦਿਆਰਥੀਆਂ ਨੇ ਉਸ ਖਿਲਾਫ ਇੱਕ ਮੁਜਾਹਾਰਾ ਕੀਤਾ। ਇਸ ਮੁਜਾਹਰੇ ਉੱਪਰ ਪੁਲਿਸ ਵੱਲੋਂ ਬਰਬਰ ਜਬਰ ਕੀਤਾ ਗਿਆ। ਕੁੜੀਆਂ ਸਮੇਤ ਅਨੇਕਾਂ ਵਿਦਿਆਰਥੀਆਂ ਨੂੰ ਬੇਰਹਿਮੀ ਨਾਲ਼ ਘੜੀਸ ਕੇ ਕੁੱਟਿਆ ਗਿਆ ਤੇ ਕਰੀਬ 36 ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਕੇ ਕਿਸੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ।

ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ। ਉਹਨਾਂ ਦੀ ਮੈੱਸ ਬੰਦ ਕਰਕੇ ਭੋਜਨ, ਪਾਣੀ ਆਦਿ ਬੰਦ ਕਰ ਦਿੱਤਾ ਗਿਆ ਹੈ ਤੇ ਇੰਟਰਨੈੱਟ ਜਿਹੀਆਂ ਸਹੂਲਤਾਂ ਨੂੰ ਵੀ ਬੰਦ ਕਰ ਦਿੱਤਾ। ਅੱਜ ਜਦੋਂ ਮੈੱਸ ਬੰਦ ਹੋਣ ਕਾਰਨ ਵਿਦਿਆਰਥੀਆਂ ਨੇ ਮੈੱਸ ਵਿੱਚ ਖੁਦ ਖਾਣਾ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਵੱਲੋਂ ਇਸਨੂੰ ਗੈਰ-ਕਨੂੰਨੀ ਕਾਰਵਾਈ ਆਖ ਕੇ ਉਹਨਾਂ ਉੱਪਰ ਫੇਰ ਹਮਲਾ ਕੀਤਾ ਗਿਆ ਜਿਸ ਵਿੱਚ ਕਈ ਵਿਦਿਆਰਥੀ ਜਖ਼ਮੀ ਹੋ ਗਏ ਤੇ ਮੁੜ ਕਈਆਂ ਨੂੰ ਫੇਰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਖਮੀ ਵਿਦਿਆਰਥੀਆਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਪਿਛਲੇ ਕੁੱਝ ਸਮੇਂ ਤੋਂ ਦੇਸ਼ ਵਿੱਚ ਜਬਰ, ਹਿੰਦੂਤਵੀ ਫਾਸੀਵਾਦ ਤੇ ਬ੍ਰਾਹਮਣਵਾਦ ਖਿਲਾਫ ਬੋਲਣ ਵਾਲੀਆਂ ਸਭ ਤਾਕਤਾਂ ਨੂੰ ਸੱਤ੍ਹਾ ਵੱਲੋਂ ਜਬਰ ਨਾਲ਼ ਕੁਚਲਿਆ ਜਾ ਰਿਹਾ ਹੈ। ਰੋਹਿਤ ਦੀ ਖੁਦਕੁਸ਼ੀ ਤੇ ਜੇਐਨਯੂ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ। ਮੁੰਬਈ ਵਿੱਚ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਪਰਚੇ ਵੰਡਣ 'ਤੇ ਨੌਜਵਾਨ ਭਾਰਤ ਸਭਾ ਦੇ ਦਫਤਰ 'ਚ ਪੁਲਿਸ ਆ ਧਮਕਦੀ ਹੈ ਐਂਟੀ ਟੈਰਰਿਸਟ ਸੈੱਲ ਉੱਪਰੋਂ ਹੁਕਮ ਮਿਲੇ ਦੱਸ ਕੇ ਆ ਪਰਚਾ ਵੰਡਣ ਤੋਂ ਵੀ ਵਰਜਦੀ ਹੈ। ਇਸ ਤਰ੍ਹਾਂ ਹਾਕਮਾਂ ਦੇ ਦਿਲਾਂ ਵਿੱਚ ਲੋਕਾਂ ਦੇ ਹੱਕਾਂ, ਵਿਚਾਰਾਂ ਦੀ ਗੱਲ ਕਰਨ ਤੇ ਸੱਤ੍ਹਾ ਦੇ ਜਬਰ ਦਾ ਵਿਰੋਧ ਕਰਨ ਵਾਲਿਆਂ ਖਿਲਾਫ ਡਰ ਵਧਦਾ ਜਾ ਰਿਹਾ ਹੈ ਤੇ ਉਹਨਾਂ ਉੱਪਰ ਹੋਰ ਜੋਰ ਨਾਲ਼ ਜਬਰ ਕੀਤਾ ਜਾ ਰਿਹਾ ਹੈ।

ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀਆਂ ਉੱਪਰ ਪੁਲਿਸ ਦੇ ਇਸ ਹਮਲੇ, ਗ੍ਰਿਫਤਾਰੀਆਂ ਤੇ ਅਣ-ਐਲਾਨੀ ਐਮਰਜੈਂਸੀ ਦੇ ਸ਼ਰਮਨਾਕ ਤੇ ਫਾਸੀਵਾਦੀ ਕਾਰੇ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ ਤੇ ਵਿਦਿਆਰਥੀਆਂ ਨੂੰ ਫੌਰੀ ਰਿਹਾਅ ਕੀਤੇ ਜਾਣ, ਉਹਨਾਂ ਦੀਆਂ ਭੋਜਨ, ਪਾਣੀ, ਇੰਟਰਨੈੱਟ ਦੀਆਂ ਸਹੂਲਤਾਂ ਮੁੜ ਮੁਹੱਈਆ ਕਰਵਾਏ ਜਾਣ ਅਤੇ ਵਾਈਸ ਚਾਂਸਲਰ ਅੱਪਾ ਰਾਓ ਨੂੰ ਹਟਾਏ ਜਾਣ ਤੇ ਰੋਹਿਤ ਵੇਮੂਲਾ ਦੀ ਖੁਦਕੁਸ਼ੀ ਵਿੱਚ ਉਸ ਸਮੇਤ ਸਭ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੇ ਜਾਣ ਦੀ ਮੰਗ ਕਰਦੀ ਹੈ।

# ਭਾਜਪਾ ਦੀ ਸਰਕਾਰ, ਮਜ਼ਦੂਰਾਂ ਦੇ ਹੱਕ ਦਰਕਿਨਾਰ

**ਰਣਬੀਰ**

ਮੋਦੀ ਸਰਕਾਰ ਸਰਮਾਏਦਾਰ ਜਮਾਤ ਨੂੰ ਖੁੱਲ੍ਹੇ ਗੱਫੇ ਦੇਣ ਦੀਆਂ ਨੀਤੀਆਂ ਦਾ ਸਿਲਸਿਲਾ ਤੇਜ਼ੀ ਨਾਲ਼ ਅੱਗੇ ਵਧਾ ਰਹੀ ਹੈ। ਇਹਨਾਂ ਨੀਤੀਆਂ ਦਾ ਸਭ ਤੋਂ ਵੱਡਾ ਸ਼ਿਕਾਰ ਮਜ਼ਦੂਰ ਜਮਾਤ ਹੈ। ਮਜ਼ਦੂਰਾਂ ਦੇ ਹੱਕਾਂ ਵਿੱਚ ਵੱਡੇ ਪੱਧਰ ’ਤੇ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਵੱਡੇ ਬਦਲਾਅ ਕਰਨ ਦੀ ਪ੍ਰਕਿਰਿਆ ਹੋਰ ਤੇਜ਼ ਹੋ ਗਈ ਹੈ। ਨਾਲ਼ ਹੀ ਤਰ੍ਹਾਂ-ਤਰ੍ਹਾਂ ਦੀਆਂ ਵਿਕਾਸ ਯੋਜਨਾਵਾਂ ਦੇ ਨਾਂ ’ਤੇ ਮਜ਼ਦੂਰਾਂ ਨੂੰ ਕੁਚਲਣ ਦੀਆਂ ਯੋਜਨਾਵਾਂ ਲਾਗੂ ਕਰਕੇ ਸਰਮਾਏਦਾਰਾਂ ਨੂੰ ਖੁਸ਼ ਕੀਤਾ ਜਾ ਰਿਹਾ ਹੈ। ਕਈ ਦਰਜਨ ਕਿਰਤ ਕਨੂੰਨਾਂ ਦੀ ਥਾਂ ਕੁੱਝ ਕਿਰਤ ਕਾਨੂੰਨ ਬਣਾਉਣ ਦੇ ਬਹਾਨੇ ਹੇਠ ਮਜ਼ਦੂਰਾਂ ਦੇ ਕਾਨੂੰਨੀ ਕਿਰਤ ਹੱਕ ਖੋਹ ਜਾ ਰਹੇ ਹਨ। ਇਸਦੇ ਨਾਲ਼ ਹੀ ਮੋਦੀ ਸਰਕਾਰ ਨੇ ਸਟਾਰਟਅਪ ਇੰਡੀਆਂ ਨਾਂ ਦੀ ਨਵੀਂ ਮੁਹਿੰਮ ਰਾਹੀਂ ਸਰਮਾਏਦਾਰਾਂ ਨੂੰ ਟੈਕਸਾਂ, ਫੀਸਾਂ, ਵੱਖ-ਵੱਖ ਵਿਭਾਗਾਂ ਵੱਲੋਂ ਜਾਂਚ-ਪੜਤਾਲ, ਕਿਰਤ ਤੇ ਹੋਰ ਕਨੂੰਨ ਲਾਗੂ ਕਰਨ, ਕਾਰੋਬਾਰ ਸ਼ੁਰੂ ਕਰਨ, ਬੰਦ ਕਰਨ, ਪੇਟੈਂਟ, ਦਿਵਾਲੀਏ ਆਦਿ ਮਾਮਲਿਆਂ ਨਾਲ਼ ਸਬੰਧਤ ਵੱਡੀਆਂ ਛੋਟਾਂ ਤੇ ਸਹੂਲਤਾਂ ਦਾ ਐਲਾਨ ਕੀਤਾ ਹੈ।

ਕੇਂਦਰੀ ਕਿਰਤ ਮੰਤਰਾਲਾ ਵੱਲੋਂ ਸੰਸਦ ਵਿੱਚ ਕਿਰਤ ਕਨੂੰਨਾਂ ਸਬੰਧੀ ਛੇ ਬਿਲ ਪੇਸ਼ ਕੀਤੇ ਗਏ ਹਨ। ਕਿਰਤ ਮੰਤਰਾਲਾ ਸੰਸਦ ਵਿੱਚ ਬਾਲ ਮਜ਼ਦੂਰੀ, ਬੋਨਸ ਅਦਾਇਗੀ, ਈ. ਪੀ. ਐਫ. ਕਾਨੂੰਨਾਂ ਸਬੰਧੀ ਸੋਧ ਬਿਲ ਅਤੇ ਲਘੂ ਕਾਰਖਾਨਿਆਂ ਸਬੰਧੀ ਨਵਾਂ ਬਿਲ ਲੈ ਕੇ ਆਇਆ ਹੈ। ਇਸਤੋਂ ਇਲਾਵਾ 44 ਮੌਜੂਦਾ ਕੇਂਦਰੀ ਕਿਰਤ ਕਨੂੰਨਾਂ ਨੂੰ ਖ਼ਤਮ ਕਰਕੇ ਚਾਰ ਕੋਡ ਬਣਾਉਣ ਦੀ ਤਿਆਰੀ ਚੱਲ ਰਹੀ ਹੈ। ਉਜਰਤਾਂ ਅਤੇ ਸਨਅਤੀ ਸਬੰਧਾਂ ਬਾਰੇ ਕਿਰਤ ਕੋਡ ਲੰਘੇ ਸੰਸਦੀ ਸੈਸ਼ਨ ਵਿੱਚ ਪੇਸ਼ ਕੀਤੇ ਜਾ ਚੁੱਕੇ ਹਨ। ਇਸਤੋਂ ਇਲਾਵਾ ਘੱਟੋ-ਘੱਟ ਤਨਖਾਹ ਕਾਨੂੰਨ ਤੇ ਈ.ਐਸ.ਆਈ. ਕਨੂੰਨਾਂ ਵਿੱਚ ਵੀ ਵੱਡੀਆਂ ਮਜ਼ਦੂਰ ਵਿਰੋਧੀ ਸੋਧਾਂ ਕਰਨ ਦੀ ਤਿਆਰੀ ਕੀਤੀ ਗਈ ਹੈ। ਸੰਸਦ ਦੇ ਲੰਘੇ ਸ਼ੈਸਨ ਵਿੱਚ ਭਵਨ ਤੇ ਹੋਰ ਉਸਾਰੀ ਸਬੰਧੀ ਕਾਨੂੰਨ ਵਿੱਚ ਸੋਧਾਂ ਕਰਨ ਲਈ ਵੀ ਜ਼ੋਰ ਲਾਇਆ ਜਾ ਰਿਹਾ ਹੈ। ਕਹਿਣ ਲਈ ਤਾਂ ਕਿਰਤ ਕਨੂੰਨਾਂ ਨੂੰ ਤਰਕਸੰਗਤ ਤੇ ਸਰਲ ਬਣਾਉਣ ਲਈ ਅਜਿਹਾ ਕੀਤਾ ਜਾ ਰਿਹਾ ਹੈ। ਪਰ ਇਸਦਾ ਇੱਕ ਹੀ ਮਕਸਦ ਹੈ-ਦੇਸੀ-ਵਿਦੇਸ਼ੀ ਕੰਪਨੀਆਂ ਲਈ ਮਜ਼ਦੂਰਾਂ ਦੀ ਕਿਰਤ ਨੂੰ ਸਸਤੀਆਂ ਤੋਂ ਸਸਤੀਆਂ ਦਰਾਂ ਅਤੇ ਸ਼ਰਤਾਂ ’ਤੇ ਨਿਚੋੜਨਾ, ਅਸਾਨ ਬਣਾਉਣਾ।

ਕਿਰਤ ਮੰਤਰੀ ਬੰਡਾਰੂ ਦੱਤਾਤ੍ਰੇਅ ਨੇ ਕਹਿ ਦਿੱਤਾ ਹੈ ਕਿਰਤ ਕਨੂੰਨਾਂ ਦਾ ਮੌਜੂਦਾ ਸਰੂਪ ਵਿਕਾਸ ਵਿੱਚ ਰੁਕਾਵਟ ਖੜੀ ਕਰ ਰਿਹਾ ਹੈ, ਇਸ ਲਈ ਸੁਧਾਰਾਂ ਦੀ ਜ਼ਰੂਰਤ ਹੈ। ਉਸ ਵਾਸਤੇ ਵਿਕਾਸ ਦਾ ਮਤਲਬ ਸਰਮਾਏਦਾਰਾਂ ਦਾ ਮੁਨਾਫ਼ਾ ਵਧਾਉਣਾ ਹੀ ਹੈ। ਮਜ਼ਦੂਰਾਂ ਨੂੰ ਬਿਹਤਰ ਉਜਰਤਾਂ ਮਿਲਣ, ਰੁਜ਼ਗਾਰ ਸੁਰੱਖਿਅਤ ਹੋਵੇ, ਉਹਨਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਤੇ ਪਰਿਵਾਰ ਨੂੰ ਸੁੱਖ-ਚੈਨ ਦੀ ਜ਼ਿੰਦਗੀ ਮਿਲੇ, ਇਹ ਵਿਕਾਸ ਦਾ ਪੈਮਾਨਾ ਨਹੀਂ ਮੰਨਿਆ ਜਾਂਦਾ। ਇਹਨਾਂ ਦੇ ਵਿਕਾਸ ਦਾ ਮਤਲਬ ਹੈ ਕਿ ਧਨਾਢਾਂ ਨੂੰ ਆਪਣੀਆਂ ਸ਼ਰਤਾਂ ’ਤੇ ਕਾਰੋਬਾਰ ਸ਼ੁਰੂ ਕਰਨ, ਬੰਦ ਕਰਨ, ਮਜ਼ਦੂਰਾਂ ਨੂੰ ਕੰਮ ’ਤੇ ਰੱਖਣ, ਕੱਢਣ, ਮਨਮਰਜ਼ੀ ਦੀਆਂ ਉਜਰਤਾਂ ਤੈਅ ਕਰਨ ਆਦਿ ਸਬੰਧੀ ਪੂਰੀ ਖੁੱਲ੍ਹ ਦਿੱਤੀ ਜਾਵੇ ਅਤੇ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ, ਇੱਕਮੁੱਠ ਹੋਣ ਜਿਹੀਆਂ ਵਿਕਾਸ ਵਿਰੋਧੀ ਕਾਰਵਾਈਆਂ ਤੋਂ ਦੂਰ ਰੱਖਿਆ ਜਾਵੇ। ਕਿਰਤ ਮੰਤਰੀ ਨੇ ਕਿਹਾ ਹੈ ਕਿ ਨਵੇਂ ਕਨੂੰਨ ਮਜ਼ਦੂਰਾਂ ਦੇ ਹਿੱਤ ਵਿੱਚ ਹਨ ਅਤੇ ਉਹਨਾਂ ਦੇ ਹੱਕਾਂ ਦੀ ਰੱਖਿਆ ਕਰਨਗੇ। ਇਹਨਾਂ ਦਾ ਮਕਸਦ ਰੁਜ਼ਗਾਰ ਪੈਦਾ ਕਰਨਾ ਤੇ ਕਾਰੋਬਾਰ ਅਸਾਨ ਬਣਾਉਣਾ ਹੈ। ਮਜ਼ਦੂਰਾਂ ਉੱਤੇ ਅੱਜ ਤੱਕ ਜਿੰਨੇ ਵੀ ਹਮਲੇ ਸਰਕਾਰਾਂ ਵੱਲੋਂ ਹੋਏ ਹਨ ਸਭ ਮਜ਼ਦੂਰਾਂ ਦੇ ਹਿੱਤਾਂ ਦੀ ਰੱਖਿਆ ਦੇ ਨਾਂ ’ਤੇ ਹੀ ਹੋਏ ਹਨ। ਨਤੀਜਾ ਸਭ ਦੇ ਸਾਹਮਣੇ ਹੈ। ਲੰਮੇ ਘੋਲ਼ਾਂ ਅਤੇ ਕੁਰਬਾਨੀਆਂ ਰਾਹੀਂ ਮਜ਼ਦੂਰਾਂ ਨੇ ਜੋ ਵੀ ਹੱਕ ਹਾਸਲ ਕੀਤੇ ਸਨ, ਉਨ੍ਹਾਂ ਵਿੱਚੋਂ ਬਹੁਤੇ ਖੋਹੇ ਜਾ ਚੁੱਕੇ ਹਨ। ਦੇਸ਼ ਦੇ 93 ਫੀਸਦੀ ਤੋਂ ਵੀ ਵੱਧ ਮਜ਼ਦੂਰ ਅਬਾਦੀ ਅੱਜ ਬਿਨਾਂ ਕਿਸੇ ਸਮਾਜਿਕ ਸੁਰੱਖਿਆ ਤੋਂ ਕੰਮ ਕਰਦੀ ਹੈ। ਉਸਨੂੰ ਘੱਟੋ-ਘੱਟ ਉਜਰਤ, ਕੰਮ ਦੇ ਨਿਰਧਾਰਿਤ ਘੰਟੇ, ਓਵਰਟਾਈਮ, ਪੀ. ਐਫ., ਪੈਨਸ਼ਨ, ਈ. ਐਸ. ਆਈ., ਜਿਹੇ ਬੁਨਿਆਦੀ ਹੱਕਾਂ ਤੋਂ ਵੀ ਵਾਂਝਾ ਕਰਕੇ ਸਰਮਾਏ ਦੇ ਅਜਿਹੇ ਗੁਲਾਮਾਂ ਵਿੱਚ ਬਦਲ ਦਿੱਤਾ ਗਿਆ ਹੈ ਜੋ ਸਿਰਫ਼ ਮਾਲਕਾਂ ਦੀਆਂ ਤਿਜ਼ੋਰੀਆਂ ਭਰਨ ਲਈ ਹੀ ਜਿਉਂਦੇ ਹਨ।

ਕੇਂਦਰ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਰਾਹੀਂ ਸਭ ਤੋਂ ਵੱਡਾ ਹਮਲਾ ਮਜ਼ਦੂਰਾਂ ਦੀਆਂ ਉਜਰਤਾਂ ’ਤੇ ਕੀਤਾ ਜਾ ਰਿਹਾ ਹੈ। ਪੇਸ਼ ਕੀਤਾ ਗਿਆ ‘ਉਜਰਤਾਂ ਬਾਰੇ ਕਿਰਤ ਕੋਡ’ ਚਾਰ ਮੌਜੂਦਾ ਕਨੂੰਨਾਂ ਦੀ ਥਾਂ ਲਵੇਗਾ-ਘੱਟੋ-ਘੱਟ ਉਜਰਤਾਂ ਕਨੂੰਨ 1948, ਉਜਰਤ ਭੁਗਤਾਨ ਕਨੂੰਨ 1936, ਬੋਨਸ ਭੁਗਤਾਨ ਕਾਨੂੰਨ 1965 ਅਤੇ ਬਰਾਬਰ ਉਜਰਤ ਕਾਨੂੰਨ 1976। ਇੱਕ ਹੀ ਵਿਸ਼ੇ ਨਾਲ਼ ਜੁੜੇ ਕਈ ਕਾਨੂੰਨਾਂ ਦੀ ਥਾਂ ਇੱਕ ਨਵਾਂ ਕਾਨੂੰਨ ਬਣਾਉਣ ਪਿੱਛੇ ਤਰਕ ਦਿੱਤਾ ਜਾ ਰਿਹਾ ਹੈ ਕਿ ਇਸ ਨਾਲ਼ ਵੱਖ-ਵੱਖ ਕਾਨੂੰਨਾਂ ਵਿਚਕਾਰ ਮੌਜੂਦ ਵਿਰੋਧਤਾਈਆਂ ਖਤਮ ਹੋਣਗੀਆਂ। ਪਰ ਇਸ ਬਹਾਨੇ ਬਹੁਤ ਸਾਰੀਆਂ ਗੱਲਾਂ ’ਤੇ ਪਰਦਾ ਪਾਇਆ ਜਾ ਰਿਹਾ ਹੈ। ਘੱਟੋ-ਘੱਟ ਉਜਰਤਾਂ ਕਾਨੂੰਨ 1948 ਤਹਿਤ ਕੇਂਦਰ ਅਤੇ ਰਾਜ ਸਰਕਾਰਾਂ, ਦੋਨੋਂ ਹੀ ਵੱਖ-ਵੱਖ ਖੇਤਰਾਂ ਵਿੱਚ ਘੱਟੋ-ਘੱਟ ਉਜਰਤ ਤੈਅ ਕਰ ਸਕਦੀਆਂ ਹਨ। 45 ਖੇਤਰ ਕੇਂਦਰ ਦੇ ਘੇਰੇ ਵਿੱਚ ਆਉਂਦੇ ਹਨ ਅਤੇ 1679 ਖੇਤਰ ਸੂਬਿਆਂ ਦੇ ਘੇਰੇ ਵਿੱਚ ਆਉਂਦੇ ਹਨ। ਨਵੇਂ ਕਨੂੰਨ ਰਾਹੀਂ ਸਾਰੇ ਖੇਤਰ ਸੂਬਿਆਂ ਦੇ ਘੇਰੇ ਵਿੱਚ ਲਿਆਉਣ ਦੀ ਗੱਲ ਕੀਤੀ ਗਈ ਹੈ। ਲੰਮੇ ਸਮੇਂ ਤੋਂ ਕੌਮੀ ਪੱਧਰ ’ਤੇ ਘੱਟੋ-ਘੱਟ ਉਜਰਤਾਂ ਤੈਅ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਪਰ ਇਹ ਮੰਗ ਇਸ ਕਨੂੰਨ ਰਾਹੀਂ ਸਿਰੇ ਤੋਂ ਗੋਲ਼ ਕਰ ਦਿੱਤੀ ਗਈ ਹੈ। ਇਸ ਮੰਗ ਅਨੁਸਾਰ ਕੋਈ ਵੀ ਸੂਬਾ ਸਰਕਾਰ ਕੌਮੀ ਪੱਧਰ ਉੱਤੇ ਤੈਅ ਘੱਟੋ-ਘੱਟ ਉਜਰਤ ਤੋਂ ਉੱਪਰ ਘੱਟ-ਘੱਟ ਤਨਖਾਹ ਤੈਅ ਕਰੇ ਉਸਤੋਂ ਘੱਟ ਨਹੀਂ। ਕੌਮੀ ਪੱਧਰ ਉੱਤੇ ਘੱਟੋ-ਘੱਟ ਉਜਰਤ ਤੈਅ ਨਾ ਹੋਣ ’ਤੇ ਸੂਬਾ ਸਰਕਾਰਾਂ ਮਨਮਰਜ਼ੀ ਦੀਆਂ ਉਜਰਤਾਂ ਤੈਅ ਕਰਦੀਆਂ ਹਨ ਅਤੇ ਆਪਣੇ ਸੂਬਿਆਂ ਵਿੱਚ ਸਰਮਾਇਆ ਨਿਵੇਸ਼ ਲਈ ਉਜਰਤਾਂ ਨੂੰ ਨੀਵਾਂ ਤੋਂ ਨੀਵਾਂ ਰੱਖਣ ਦੀ ਮੁਕਾਬਲੇਬਾਜ਼ੀ ਵਿੱਚ ਮਜ਼ਦੂਰਾਂ ਦੀ ਬਲੀ ਦਿੰਦੀਆਂ ਹਨ। ਬਰਾਬਰ ਉਜ਼ਰਤਾਂ ਕਾਨੂੰਨ ਨੂੰ ਵੀ ਸਰਕਾਰ ਕਮਜ਼ੋਰ ਬਣਾਉਣ ਜਾ ਰਹੀ ਹੈ। ਪੇਸ਼ ਕੀਤੇ ਗਏ ਬਿਲ ਵਿੱਚ ਉਜਰਤਾਂ ਦੇ ਮਾਮਲੇ ਵਿੱਚ ਲਿੰਗ ਅਧਾਰਿਤ ਭੇਦਭਾਵ ਖਤਮ ਕਰਨ ਦੀ ਗੱਲ ਕੀਤੀ ਗਈ ਹੈ। ਸੁਣਨ ਵਿੱਚ ਇਹ ਚੰਗਾ ਲੱਗਦਾ ਹੈ ਪਰ ਅਸਲੀਅਤ ਇਹ ਹੈ ਕਿ ਪਹਿਲਾਂ ਤੋਂ ਮੌਜੂਦ ਕਾਨੂੰਨ ਇਸਤੋਂ ਕਿਤੇ ਵੱਧ ਸੁਰੱਖਿਆ ਪ੍ਰਦਾਨ ਕਰਦੇ ਹਨ। ਪਹਿਲਾਂ ਵਾਲ਼ਾ ਕਾਨੂੰਨ ਨਾ ਸਿਰਫ਼ ਉਜਰਤਾਂ ਦੇ ਮਾਮਲੇ ਵਿੱਚ ਸਗੋਂ ਲਿੰਗ ਅਧਾਰਿਤ ਭਰਤੀ ਦੇ ਮਾਮਲੇ ਵਿੱਚ ਵੀ ਭੇਦਭਾਵ ਦਾ ਨਿਖੇਧ ਕਰਦਾ ਹੈ। ਇਸ ਵਿੱਚ ਔਰਤਾਂ ਲਈ ਕੰਮ ਦੇ ਮੌਕੇ ਵਧਾਉਣ ਲਈ ਸਲਾਹਕਾਰ ਕਮੇਟੀ ਬਣਾਉਣ ਅਤੇ ਸ਼ਿਕਾਇਤਾਂ ਸੁਣਨ ਲਈ ਕਿਰਤ ਅਫ਼ਸਰ ਨਿਯੁਕਤ ਕਰਨ ਦਾ ਵੀ ਹੱਕ ਹੈ। ਨੌਂ ਸਫਿਆਂ ਦੇ ਮੂਲ ਕਾਨੂੰਨ ਨੂੰ ਹਟਾਕੇ ਨਵੇਂ ਬਿਲ ਵਿੱਚ ਸਿਰਫ਼ ਇੱਕ ਪੰਕਤੀ ਪਾ ਦਿੱਤੀ ਗਈ ਹੈ ਜਿਸ ਵਿੱਚ ਇਹ ਸਾਰੀਆਂ ਗੱਲਾਂ ਗਾਇਬ ਹਨ। ਨਵੇਂ ਕਾਨੂੰਨਾਂ ਰਾਹੀਂ ਮਜ਼ਦੂਰ ਔਰਤਾਂ ਦੇ ਜਣੇਪਾ ਹੱਕਾਂ ਉੱਤੇ ਵੀ ਵੱਡਾ ਹਮਲਾ ਕੀਤਾ ਜਾ ਰਿਹਾ ਹੈ। ਮਾਲਕਾਂ ਲਈ ਮਜ਼ਦੂਰ ਔਰਤਾਂ ਨੂੰ ਜਣੇਪਾ ਹੱਕ ਦੇਣਾ ਲਾਜ਼ਮੀ ਨਹੀਂ ਰਹੇਗਾ ਸਗੋਂ ਉਨ੍ਹਾਂ ਦੀ ਮਰਜ਼ੀ ਉੱਤੇ ਨਿਰਭਰ ਰਹੇਗਾ।



‘ਇੰਸਪੈਕਟਰ ਰਾਜ’ ਦੇ ਖਾਤਮੇ ਦੀ ਮੰਗ ਮਾਲਕਾਂ ਵੱਲੋਂ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ, ਪਰ ਪਹਿਲੀ ਵਾਰ ਮੋਦੀ ਸਰਕਾਰ ਇਸਨੂੰ ਕੌਮੀ ਪੱਧਰ ’ਤੇ ਪੂਰਾ ਕਰਨ ਦਾ ਕੰਮ ਕਰਨ ਜਾ ਰਹੀ ਹੈ। ‘ਉਜਰਤਾਂ ਬਾਰੇ ਕਿਰਤ ਕੋਡ’ ਵਿੱਚ ਕਿਰਤ ਇੰਸਪੈਕਟਰ ਦੀ ਥਾਂ ‘ਫੈਸਿਲੀਟੇਟਰ’ ਭਾਵ ‘ਕੰਮ ਸੌਖਾ ਬਣਾਉਣ ਵਾਲ਼ਾ’ ਨਿਯੁਕਤ ਕਰਨ ਦੀ ਗੱਲ ਕੀਤੀ ਗਈ ਹੈ। ਨਵੇਂ ਕਾਨੂੰਨ ਮੁਤਾਬਿਕ ਉਸਦਾ ਕੰਮ ਮਾਲਕਾਂ ਅਤੇ ਮਜ਼ਦੂਰਾਂ ਵਿੱਚ ਇਸ ਕੋਡ ਨੂੰ ਲਾਗੂ ਕਰਨ ਦੇ ਸਭ ਤੋਂ ਅਸਰਦਾਇਕ ਢੰਗਾਂ ਬਾਰੇ ਜਾਣਕਾਰੀ ਦੇਣਾ ਹੋਵੇਗਾ। ਪਹਿਲਾਂ ਦੇ ਕਨੂੰਨ ਵਿੱਚ ਕਨੂੰਨ ਦੀ ਪਾਲਣਾ ਨਾ ਕਰਨ ਅਤੇ ਜਾਂਚ ਵਿੱਚ ਸਹਿਯੋਗ ਨਾ ਕਰਨ ’ਤੇ ਮਾਲਕ ’ਤੇ ਜੁਰਮਾਨੇ ਦੀ ਗੱਲ ਕੀਤੀ ਗਈ ਹੈ। ਪਰ ‘ਉਜਰਤਾਂ ਬਾਰੇ ਕਿਰਤ ਕੋਡ’ ਵਿੱਚ ਕਿਹਾ ਗਿਆ ਹੈ ਕਿ ਮਾਲਕ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਫੈਸਿਲੀਟੇਟਰ ਉਸਨੂੰ ਲਿਖਤੀ ਨਿਰਦੇਸ਼ ਦੇ ਕੇ ਕਨੂੰਨ ਨੂੰ ਲਾਗੂ ਕਰਾਉਣ ਦਾ ਇੱਕ ਮੌਕਾ ਦੇਵੇਗਾ। ਜੇਕਰ ਨਿਰਧਾਰਿਤ ਸਮੇਂ ਅੰਦਰ ਮਾਲਕ ਉਸਨੂੰ ਠੀਕ ਕਰਨ ਦੇਵੇਗਾ ਤਾਂ ਫਿਰ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਕਿਸੇ ਵੀ ਸਨਅਤੀ ਇਲਾਕੇ ਵਿੱਚ ਕੁੱਝ ਸਮਾਂ ਬਿਤਾਉਣ ਵਾਲ਼ਾ ਹਰ ਵਿਅਕਤੀ ਜਾਣਦਾ ਹੈ ਕਿ ਕਿਰਤ ਵਿਭਾਗ ਮਜ਼ਦੂਰਾਂ ਦੀ ਸੁਰੱਖਿਆ ਲਈ ਕੀ ਕਰਦਾ ਹੈ। ਕਿਰਤ ਇੰਸਪੈਕਟਰ ਮਾਲਕਾਂ ਦੇ ਇਸ਼ਾਰਿਆਂ ’ਤੇ ਕੰਮ ਕਰਦੇ ਹਨ ਅਤੇ ਕਿਰਤ ਕਾਨੂੰਨਾਂ ਦੀ ਉਲੰਘਣਾ ਨੰਗੇ-ਚਿੱਟੇ ਰੂਪ ਵਿੱਚ ਹੁੰਦੀ ਹੈ। ਫੇਰ ਵੀ ਇਸ ਗੱਲ ਦੀ ਸੰਭਾਵਨਾ ਰਹਿੰਦੀ ਹੈ ਕਿ ਜੇਕਰ ਮਜ਼ਦੂਰ ਇੱਕਮੁੱਠ ਹੋਣ ਤਾਂ ਕਿਰਤ ਕਨੂੰਨਾਂ ਦੀਆਂ ਉਲੰਘਣਾਵਾਂ ਲਈ ਮਾਲਕਾਂ ਖਿਲਾਫ਼ ਕਾਰਵਾਈ ਲਈ ਦਬਾਅ ਬਣਾ ਸਕਦੇ ਹਨ। ਪਰ ਹੁਣ ਮਾਲਕਾਂ ਨੂੰ ਇਸ ਮੁਸੀਬਤ ਤੋਂ ਵੀ ਛੁਟਕਾਰਾ ਦਿੱਤਾ ਜਾ ਰਿਹਾ ਹੈ। ਕੁੱਝ ਸਾਲ ਪਹਿਲਾਂ ਦੀ ਇੱਕ ਰਿਪੋਰਟ ਮੁਤਾਬਿਕ ਕਿਰਤ ਵਿਭਾਗ ਵਿੱਚ ਮੌਜੂਦ ਮੁਲਾਜਮਾਂ ਦੀ ਗਿਣਤੀ ਨੂੰ ਵੇਖਦੇ ਹੋਏ ਹਾਲਤ ਇਹ ਹੈ ਕਿ ਜੇਕਰ ਉਹ ਰੋਜ ਵੀ ਕਾਰਖਾਨਿਆਂ ਦੀ ਜਾਂਚ ਕਰਨ ਤਾਂ ਵੀ ਉਹ ਸਾਰੇ ਕਾਰਖਾਨਿਆਂ ਦੀ ਜਾਂਚ ਲਈ ਪੰਜ ਸਾਲ ਲੱਗ ਜਾਣਗੇ। ਅਜਿਹੀ ਹਾਲਤ ਵਿੱਚ ਕਿਰਤ ਮਹਿਕਮੇ ਦੀਆਂ ਤਾਕਤਾਂ ਵਿੱਚ ਕਟੌਤੀ ਦੇ ਪਿਛਲੇ ਕਾਰਨਾਂ ਨੂੰ ਸਮਝਣਾ ਔਖਾ ਨਹੀਂ ਹੈ। ਨਵੇਂ ਕਿਰਤ ਕਾਨੂੰਨਾਂ ਰਾਹੀਂ ਸਰਮਾਏਦਾਰਾਂ ਨੂੰ ਰਾਹਤ ਦਿੰਦੇ ਹੋਏ ਇਹ ਪ੍ਰਬੰਧ ਲਿਆਂਦਾ ਜਾ ਰਿਹਾ ਹੈ ਕਿ ਸੂਬਾ ਸਰਕਾਰ ਦੀ ਸਹਿਮਤੀ ਨਾਲ਼ ਹੀ ਅਦਾਲਤ ਕੰਪਨੀ ਖਿਲਾਫ਼ ਕਿਸੇ ਸ਼ਿਕਾਇਤ ਉੱਤੇ ਕਾਰਵਾਈ ਕਰ ਸਕਦੀ ਹੈ। ਇਸ ਢੰਗ ਨਾਲ਼ ਕਿਰਤ ਇੰਸਪੈਕਟਰਾਂ ਰਾਹੀਂ ਕਾਰਵਾਈ ਕਰਾਉਣ ਦੀ ਮਜ਼ਦੂਰਾਂ ਦੇ ਹੱਕ ਉੱਤੇ ਵੱਡਾ ਹਮਲਾ ਕੀਤਾ ਜਾ ਰਿਹਾ ਹੈ।

ਪਹਿਲਾਂ ਹੀ ਵੱਖ-ਵੱਖ ਢੰਗਾਂ ਰਾਹੀਂ ਮਜ਼ਦੂਰਾਂ ਦੇ ਟ੍ਰੇਡ ਯੂਨੀਅਨ ਬਣਾਉਣ ਦੇ ਹੱਕ ਨੂੰ ਸੁੰਗੇੜਨ ਦੀਆਂ ਕੋਸ਼ਿਸ਼ਾਂ ਜਾਰੀ ਸਨ। ਨਵੇਂ ਕਿਰਤ ਕੋਡ ਰਾਹੀਂ ਟ੍ਰੇਡ ਯੂਨੀਅਨ ਹੱਕਾਂ ’ਤੇ ਹੋਰ ਕਟੌਤੀ ਦਾ ਸਿਲਸਿਲਾ ਜਾਰੀ ਰੱਖਿਆ ਗਿਆ ਹੈ।

ਪਹਿਲਾਂ ਮੌਜੂਦ ਕਾਨੂੰਨ ਵਿੱਚ ਇਹ ਦਰਜ਼ ਹੈ ਕਿ ਟ੍ਰੇਡ ਯੂਨੀਅਨਾਂ ਮਾਲਕਾਂ ਦੇ ਆਡਿਟ ਕੀਤੇ ਹੋਏ ਖਾਤੇ ਅਤੇ ਬੇਲੈਂਸ ਸ਼ੀਟ ਵੇਖ ਸਕਦੀਆਂ ਹਨ। ਇਸ ਹੱਕ ਦਾ ਇਸਤੇਮਾਲ ਕਰਕੇ ਯੂਨੀਅਨਾਂ ਮਾਲਕਾਂ ਨਾਲ਼ ਗੱਲਬਾਤ ਵਿੱਚ ਉਹਨਾਂ ਦੇ ਝੂਠੇ ਦਾਅਵਿਆਂ ਨੂੰ ਖਾਰਿਜ਼ ਕਰ ਸਕਦੀਆਂ ਸਨ ਕਿ ਕੰਪਨੀ ਦੀ ਆਰਥਿਕ ਹਾਲਤ ਚੰਗੀ ਨਹੀਂ ਹੈ ਜਿਸ ਕਰਕੇ ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਨਹੀਂ ਜਾ ਸਕਦੀਆਂ। ਪਰ ਨਵੇਂ ਪ੍ਰਸਤਾਵਿਤ ਕਾਨੂੰਨ ਵਿੱਚ ਇਸ ਹੱਕ ਨੂੰ ਖਤਮ ਕਰ ਦਿੱਤਾ ਗਿਆ ਹੈ।

ਮੂਲ ਕਾਨੂੰਨ ਮੁਤਾਬਿਕ ਕਿਸੇ ਵੀ ਕਾਰਖਾਨੇ ਜਾਂ ਕੰਪਨੀ ਵਿੱਚ 7 ਮਜ਼ਦੂਰ ਮਿਲ਼ਕੇ ਆਪਣੀ ਯੂਨੀਅਨ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਸਨ। ਇਸ ਤੋਂ ਬਾਅਦ ਇਹ ਗਿਣਤੀ ਵਧਾ ਕੇ 15 ਫੀਸਦੀ ਕਰ ਦਿੱਤੀ ਗਈ। ਹੁਣ ਇਹ ਗਿਣਤੀ ਹੋਰ ਵਧਾ ਕੇ 30 ਫੀਸਦੀ ਕੀਤੀ ਜਾ ਰਹੀ ਹੈ।

ਠੇਕਾ ਕਾਨੂੰਨ ਵੀ ਹੁਣ 20 ਜਾਂ ਇਸ ਤੋਂ ਵਧੇਰੇ ਮਜ਼ਦੂਰਾਂ ਵਾਲ਼ੀ ਫੈਕਟਰੀ ਉੱਤੇ ਲਾਗੂ ਹੋਣ ਦੀ ਜਗ੍ਹਾ 50 ਜਾਂ ਇਸ ਤੋਂ ਵਧੇਰੇ ਮਜ਼ਦੂਰਾਂ ਦੀ ਗਿਣਤੀ ਵਾਲ਼ੀ ਫੈਕਟਰੀ ਉੱਤੇ ਹੀ ਲਾਗੂ ਹੋਵੇਗਾ। ਲਘੂ ਕਾਰਖਾਨਿਆਂ ਨਾਲ਼ ਸਬੰਧਤ ਨਵੇਂ ਕਾਨੂੰਨ ਰਾਹੀਂ ਵੀ ਮਜ਼ਦੂਰ ਹੱਕਾਂ ਵਿੱਚ ਵੱਡੀ ਕਟੌਤੀ ਕੀਤੀ ਜਾ ਰਹੀ ਹੈ। ਇਹ ਕਨੂੰਨ 40 ਜਾਂ ਇਸ ਤੋਂ ਘੱਟ ਮਜ਼ਦੂਰਾਂ ਦੀ ਗਿਣਤੀ ਵਾਲ਼ੀਆਂ ਇਕਾਈਆਂ ਉੱਤੇ ਲਾਗੂ ਹੋਣਗੇ। ਇਸ ਕਾਨੂੰਨ ਰਾਹੀਂ 75 ਫੀਸਦੀ ਤੋਂ ਵਧੇਰੇ ਮਜ਼ਦੂਰਾਂ ਨੂੰ ਕਈ ਮਹੱਤਵਪੂਰਨ ਕਿਰਤ ਕਨੂੰਨਾਂ ਦੇ ਘੇਰੇ ਤੋਂ ਬਾਹਰ ਕਰਨ ਦੀ ਤਿਆਰੀ ਕੀਤੀ ਗਈ ਹੈ। ਇਸ ਕਾਨੂੰਨ ਵਿੱਚ ਇਹ ਵੀ ਦਰਜ਼ ਹੈ ਕਿ ਪੈਕਿੰਗ ਅਤੇ ਬੋਤਲ ਭਰਾਈ ਦੇ ਮਕੈਨੀਕਲ ਕੰਮ ਮੈਨੂੰਫੈਕਚਰਿੰਗ ਦੇ ਘੇਰੇ ਵਿੱਚ ਨਹੀਂ ਆਉਣਗੇ। ਇਸ ਕਾਨੂੰਨ ਤਹਿਤ ਕਿਸੇ ਵੱਡੇ ਕਾਰਖਾਨੇ ਦੇ ਕਿਸੇ ਵਿਭਾਗ ਜਾਂ ਇਕਾਈ ਨੂੰ ਸੂਬਾ ਸਰਕਾਰ ਦੀ ਆਗਿਆ ਲੈ ਕੇ ਵੱਖਰਾ ਕਾਰਖਾਨਾ ਐਲਾਨਿਆ ਜਾ ਸਕੇਗਾ। ਇਸ ਤਰ੍ਹਾਂ ਕਾਗਜ਼ੀ ਤੌਰ ’ਤੇ ਵੱਡੇ ਕਾਰਖਾਨਿਆਂ ਨੂੰ ਛੋਟੇ-ਛੋਟੇ ਕਾਰਖਾਨਿਆਂ ਵਿੱਚ ਵੰਡ ਕੇ ਵੀ ਸਰਮਾਏਦਾਰਾਂ ਨੂੰ ਕਨੂੰਨੀ ਤੌਰ ’ਤੇ ਕਿਰਤ ਹੱਕਾਂ ਨੂੰ ਲਾਗੂ ਕਰਨ ਤੋਂ ਛੁਟਕਾਰਾ ਮਿਲ਼ੇਗਾ।

ਨਵੇਂ ਕਾਨੂੰਨਾਂ ਤਹਿਤ ਕੰਮ ਸਥਾਨ ’ਤੇ ਸੁਰੱਖਿਆ ਅਤੇ ਸਿਹਤ ਮਸਲਿਆਂ ਲਈ ਇੱਕ ਨਵੇਂ ਬੋਰਡ ‘ਭਾਰਤ ਦਾ ਪੇਸ਼ੇਵਰ ਸੁਰੱਖਿਆ ਤੇ ਸਿਹਤ ਬੋਰਡ’ ਦੀ ਸਥਾਪਨਾ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਪਹਿਲੀ ਗੱਲ ਤਾਂ ਜਦੋਂ ਕਾਰਖਾਨਿਆਂ ਦੀ ਕਾਨੂੰਨੀ ਨਿਗਰਾਨੀ ਦਾ ਬਚਿਆ-ਖੁਚਿਆ ਪ੍ਰਬੰਧ ਵੀ ਖਤਮ ਕੀਤਾ ਜਾ ਰਿਹਾ ਹੈ ਤਾਂ ਅਜਿਹਾ ਬੋਰਡ ਬਣਾਉਣਾ ਨਿਰੀ ਡਰਾਮੇਬਾਜ਼ੀ ਹੈ। ਨਾਲ਼ ਹੀ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਇਸ ਬੋਰਡ ਵਿੱਚ ਮਜ਼ਦੂਰਾਂ ਵੱਲ਼ੋਂ ਕੋਈ ਨੁਮਾਇੰਦਗੀ ਨਹੀਂ ਹੋਵੇਗੀ।

ਪਿਛਲੇ ਦਿਨੀਂ ਭਾਰਤ ਸਰਕਾਰ ਵੱਲੋਂ ‘ਸਟਾਰਟਅਪ ਇੰਡੀਆ’ ਨਾਂ ਦੀ ਨਵੀਂ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਯੋਜਨਾ ਤਹਿਤ ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲ਼ਿਆਂ ਨੂੰ ਮਦਦ ਦੇਣ ਦੇ ਨਾਂ ’ਤੇ ਸਰਮਾਏਦਾਰਾਂ ਨੂੰ ਆਰਥਿਕ ਫਾਇਦੇ ਦੇ ਖੁੱਲ੍ਹੇ ਗੱਫੇ ਦਿੱਤੇ ਗਏ ਹਨ। ਨਵੇਂ ਕਾਰੋਬਾਰਾਂ ਨੂੰ ਤਿੰਨ ਸਾਲ ਤੱਕ ਟੈਕਸ ਅਦਾਇਗੀ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਜਾਂਚ ਤੋਂ ਪੂਰੀ ਤਰ੍ਹਾਂ ਛੂਟ ਦਿੱਤੀ ਗਈ ਹੈ। ਸਰਮਾਇਆ ਨਿਵੇਸ਼ ਤੋਂ ਬਾਅਦ ਜਾਇਦਾਦ ਵੇਚਣ ’ਤੇ 20 ਫੀਸਦੀ ਟੈਕਸ ਛੋਟ ਮਿਲ਼ੇਗੀ। ਕਿਰਤ ਅਤੇ ਵਾਤਾਵਰਣ ਨਾਲ਼ ਸਬੰਧਤ 9 ਕਾਨੂੰਨਾਂ ਲਈ ਸਿਰਫ ਖੁਦ ਵੱਲੋਂ ਐਲਾਨਨਾਮਾ ਦੇਣਾ ਪਵੇਗਾ। ਇਹਨਾਂ ਕਾਨੂੰਨਾਂ ਵਿੱਚ ਗਰੈਚੂਇਟੀ, ਠੇਕਾ, ਈ.ਪੀ.ਐਫ., ਪਾਣੀ ਤੇ ਹਵਾ ਪ੍ਰਦੂਸ਼ਣ ਆਦਿ ਨਾਲ਼ ਸਬੰਧਤ ਕਨੂੰਨ ਸ਼ਾਮਲ ਹਨ। ਇਸ

ਯੋਜਨਾ ਤਹਿਤ ਪੇਟੈਂਟ ਫੀਸ ਵਿੱਚ 80 ਫੀਸਦੀ ਛੋਟ ਦਿੱਤੀ ਜਾਵੇਗੀ। 90 ਦਿਨਾਂ ਅੰਦਰ ਕਾਰੋਬਾਰ ਬੰਦ ਵੀ ਕੀਤਾ ਜਾ ਸਕੇਗਾ। ਸਰਕਾਰੀ ਠੇਕੇ, ਖਰੀਦ ਆਦਿ ਮਾਮਲਿਆਂ ਵਿੱਚ ਵੀ ਸਰਮਾਏਦਾਰਾਂ ਨੂੰ ਵੱਡੀਆਂ ਖੁੱਲ੍ਹਾਂ ਦਿੱਤੀਆਂ ਜਾਣਗੀਆਂ। ਸਰਮਾਏਦਾਰ ਨਵੇਂ ਹੋਣ ਜਾਂ ਪੁਰਾਣੇ ਉਹਨਾਂ ਨੂੰ ਇਸ ਤਰ੍ਹਾਂ ਦੀਆਂ ਖੁੱਲ੍ਹਾਂ ਦਿੱਤੀਆਂ ਜਾਣੀਆਂ ਪੂਰੀ ਤਰ੍ਹਾਂ ਨਾਜ਼ਾਇਜ਼ ਹਨ। ਸਰਮਾਏਦਾਰਾਂ ਨੂੰ ਇਸ ਤਰ੍ਹਾਂ ਦੀਆਂ ਖੁੱਲ੍ਹਾਂ ਸਿੱਧੇ ਤੌਰ 'ਤੇ ਮਜ਼ਦੂਰਾਂ ਦੀ ਲੁੱਟ ਤਿੱਖੀ ਕਰਨਗੀਆਂ, ਸਨਅਤੀ ਹਾਦਸਿਆਂ ਤੇ ਵਾਤਾਵਰਣ ਪ੍ਰਦੂਸ਼ਣ ਨੂੰ ਬਹੁਤ ਵਧਾਉਣਗੀਆਂ। 'ਸਟਾਰਟਅਪ ਇੰਡੀਆ' ਦਾ ਫਾਇਦਾ ਨਵੇਂ ਕਾਰੋਬਾਰ ਸ਼ੁਰੂ ਕਰਨ ਵਾਲ਼ੇ ਧਨਾਢ ਤਾਂ ਉਠਾਉਣਗੇ ਹੀ ਸਗੋਂ ਇਸ ਤੋਂ ਵੀ ਵਧੇਰੇ ਫਾਇਦਾ ਪੁਰਾਣੇ ਉਠਾਉਣਗੇ। ਮੋਦੀ ਸਰਕਾਰ ਦੇ ਰਾਜ ਵਿੱਚ ਪੁਰਾਣੇ ਨੂੰ ਨਵਾਂ ਵਿਖਾਉਣਾ ਸਰਮਾਏਦਾਰਾਂ ਲਈ ਜਰ੍ਹਾ ਵੀ ਔਖਾ ਨਹੀਂ! ਸਰਮਾਏਦਾਰਾਂ ਦੀਆਂ ਸਾਰੀਆਂ ਸੰਸਥਾਵਾਂ ਅਤੇ ਕਿਰਾਏ ਦੇ ਅਰਥਸ਼ਾਸਤਰੀ ਸਰਕਾਰ ਦੇ ਇਨ੍ਹਾਂ ਸੁਧਾਰਾਂ ਦਾ ਸਵਾਗਤ ਕਰ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਸ ਨਾਲ਼ ਅਰਥਚਾਰੇ ਵਿੱਚ ਜੋਸ਼ ਭਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਮਦਦ ਮਿਲ਼ੇਗੀ। ਪੁਰਾਣੇ ਕਿਰਤ ਤੇ ਹੋਰ ਕਾਨੂੰਨਾਂ ਨੂੰ ਵਿਕਾਸ ਵਿੱਚ ਰੁਕਾਵਟ ਦੱਸਿਆ ਜਾ ਰਿਹਾ ਹੈ। ਉਹ ਮਜ਼ਦੂਰਾਂ ਦੇ ਬਚੇ-ਖੁਚੇ ਕਾਨੂੰਨੀ ਹੱਕਾਂ ਨੂੰ ਵੀ ਕੂੜੇਦਾਨ ਵਿੱਚ ਸੁੱਟ ਦੇਣਾ ਚਾਹੁੰਦੇ ਹਨ ਅਤੇ ਕਿਰਤ ਮੰਡੀ ਨੂੰ ਖੁੱਲ੍ਹਾ ਕਰ ਦੇਣਾ ਚਾਹੁੰਦੇ ਹਨ।

ਸਰਮਾਏਦਾਰਾਂ ਦੀ ਲਗਾਤਾਰ ਘਟਦੀ ਮੁਨਾਫ਼ੇ ਦੀ ਦਰ ਅਤੇ ਉੱਪਰੋਂ ਆਰਥਿਕ ਸੰਕਟ ਤੇ ਮਜ਼ਦੂਰ ਜਮਾਤ ਵਿੱਚ ਵਧ ਰਹੇ ਬਗਾਵਤੀ ਸੁਰਾਂ ਨਾਲ਼ ਨਜਿੱਠਣ ਲਈ ਸਰਮਾਏਦਾਰਾਂ ਕੋਲ਼ ਆਖਰੀ ਹਥਿਆਰ ਫਾਸੀਵਾਦ ਹੁੰਦਾ ਹੈ। ਭਾਰਤ ਦੀ ਸਰਮਾਏਦਾਰ ਜਮਾਤ ਨੇ ਵੀ ਨਰਿੰਦਰ ਮੋਦੀ ਨੂੰ ਰਾਜਸੱਤ੍ਹਾ ਦੀ ਵਾਗਡੋਰ ਸੌਂਪ ਕੇ ਇਸ ਹਥਿਆਰ ਦੀ ਵਰਤੋਂ ਕੀਤੀ ਹੈ। ਫਾਸੀਵਾਦੀ ਸੱਤ੍ਹਾ ਵਿੱਚ ਆਉਂਦੇ ਹੀ ਆਪਣੇ ਮਾਲਕਾਂ ਵੱਡੇ ਸਰਮਾਏਦਾਰਾਂ ਦੇ ਹਿੱਤ ਵਿੱਚ ਸ਼ਰੇਆਮ ਲੱਗ ਜਾਂਦੇ ਹਨ। ਗੱਲ ਕਿਰਤ ਕਾਨੂੰਨਾਂ ਨੂੰ ਕਮਜ਼ੋਰ ਕਰਨ ਤੱਕ ਨਹੀਂ ਰੁਕੇਗੀ ਕਿਉਂਕਿ ਫਾਸੀਵਾਦ ਵੱਡੇ ਸਰਮਾਏ ਦੇ ਰਾਹ ਵਿੱਚ ਆਉਂਦੇ ਹਰ ਅੜਿਕੇ ਨੂੰ ਦੂਰ ਕਰਨ ਲਈ ਪੱਬਾਂ ਭਾਰ ਹੁੰਦਾ ਹੈ। ਫਾਸੀਵਾਦੀ ਮੋਦੀ ਸਰਕਾਰ ਦੇ ਹਮਲੇ ਦਾ ਸ਼ਿਕਾਰ ਸਿਰਫ਼ ਮਜ਼ਦੂਰ ਜਮਾਤ ਨਹੀਂ ਹੈ ਸਗੋਂ ਸਾਰੇ ਕਿਰਤੀ ਲੋਕ ਹਨ। ਇਹ ਸਾਰਾ ਕੁੱਝ ਕੌਮੀ ਹਿੱਤਾਂ ਦੇ ਬਹਾਨੇ ਹੇਠ ਕੀਤਾ ਜਾਂਦਾ ਹੈ। ਫਾਸੀਵਾਦੀ ਰਾਜਨੀਤੀ ਸਰਮਾਏਦਾਰਾਂ ਲਈ ਕੰਮ ਕਰਨ ਅਤੇ ਉਹਨਾਂ ਦਾ ਮੁਨਾਫ਼ਾ ਵਧਾਉਣ ਨੂੰ ਦੇਸ਼ ਲਈ ਕੰਮ ਕਰਨਾ, ਦੇਸ਼ ਨੂੰ ਮਹਾਨ ਬਣਾਉਣ ਲਈ ਕੰਮ ਕਰਨਾ ਬਣਾ ਕੇ ਪੇਸ਼ ਕਰਦੀ ਹੈ। ਬਿਨਾਂ ਸਵਾਲ-ਜਵਾਬ ਕੀਤਿਆਂ ਚੁੱਪ-ਚਾਪ ਦੇਸ਼ ਦੀ ਤਰੱਕੀ ਲਈ ਕੰਮ ਕਰੋ! ਦੇਸ਼ ਨੂੰ ਮਹਾਨ ਬਣਾਉਣ ਲਈ ਆਪਣੀ ਗਰੀਬੀ, ਬਦਹਾਲੀ, ਤਬਾਹੀ, ਬਰਬਾਦੀ ਬਾਰੇ ਨਾ ਸੋਚੋ, ਇਸ ਖਿਲਾਫ਼ ਇਕਮੁੱਠ ਹੋ ਕੇ ਨਾ ਲੜੋ! ਇਸ ਮਕਸਦ ਦੀ ਕਾਮਯਾਬੀ ਲਈ ਭਾਵਨਾਤਮਿਕ ਮੁੱਦੇ ਭੜਕਾਏ ਜਾਂਦੇ ਹਨ, ਧਾਰਮਿਕ ਨਫ਼ਰਤ ਪੈਦਾ ਕੀਤੀ ਜਾਂਦੀ ਹੈ। ਮੋਦੀ ਦੇ ਫਾਸੀਵਾਦੀ ਟੋਲੇ ਦੀ ਅਗਵਾਈ ਵਿੱਚ ਭਾਰਤ ਵਿੱਚ ਵੀ ਇਹੋ ਸਭ ਕੁੱਝ ਹੋ ਰਿਹਾ ਹੈ। ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਤੇ ਸਰਮਾਏਦਾਰਾਂ ਨੂੰ ਤਰ੍ਹਾਂ-ਤਰ੍ਹਾਂ ਦੇ ਆਰਥਿਕ ਖੁੱਲੇ ਗੱਫ਼ੇ ਦੇਸ਼ ਦੇ ਤਰੱਕੀ ਅਤੇ ਇਸਨੂੰ ਮਹਾਨ ਬਣਾਉਣ ਦੇ ਨਾਂ 'ਤੇ ਹੀ ਕੀਤੇ ਜਾ ਰਹੇ ਹਨ। ਮਜ਼ਦੂਰ ਜਮਾਤ ਨੂੰ ਤਾਂ ਸਰਮਾਏਦਾਰਾਂ ਦੇ ਇਨ੍ਹਾਂ ਆਰਥਿਕ ਹਮਲਿਆਂ ਖਿਲਾਫ਼ ਡੱਟਕੇ ਲੜਾਈ ਲੜਨੀ ਹੀ ਪਵੇਗੀ ਸਗੋਂ ਹਰ ਇਨਸਾਫ਼ਪਸੰਦ ਵਿਅਕਤੀ ਨੂੰ ਫਾਸੀਵਾਦੀਆਂ ਦੇ ਮਜ਼ਦੂਰ ਜਮਾਤ 'ਤੇ ਇਨ੍ਹਾਂ ਹਮਲਿਆਂ ਦਾ ਢੁੱਕਵਾਂ ਜਵਾਬ ਦੇਣ ਲਈ ਅੱਗੇ ਆਉਣਾ ਪਵੇਗਾ।

# ਸੰਸਾਰ ਪ੍ਰਸਿੱਧ ਮਨੋਚਕਿਸਤਕ ਡਾ. ਅਬਰਾਹਮ ਥੌਮਸ ਕਾਵੂਰ ਦੇ ਜਨਮ ਦਿਨ 'ਤੇ ਵਿਸ਼ੇਸ਼



**ਜਸਵੰਤ ਜੀਰਖ**


10 ਅਪ੍ਰੈਲ 1897 ਨੂੰ ਕੇਰਲਾ ਦੇ ਸ਼ਹਿਰ ਤ੍ਰਿਵਾਲਾ ਵਿਖੇ ਜਨਮੇ ਡਾ. ਅਬਰਾਹਮ ਥੌਮਸ ਕਾਵੂਰ ਨੂੰ ਜਦੋਂ ਮੌਜੂਦਾ ਹਾਲਾਤਾਂ ਵਿਚ ਯਾਦ ਕਰ ਰਹੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਲਗਭਗ ਇਕ ਸਦੀ ਪਹਿਲਾਂ ਉਸ ਸਮੇਂ ਪ੍ਰਚਲਤ ਅੰਧ ਵਿਸ਼ਵਾਸਾਂ, ਵਹਿਮਾਂ, ਭਰਮਾਂ, ਭੂਤ ਪ੍ਰੇਤਾਂ, ਗੈਬੀ ਸ਼ਕਤੀਆਂ ਬਾਰੇ ਉਨ੍ਹਾਂ ਆਪਣੀਆਂ ਖੋਜਾਂ ਰਾਹੀਂ ਜੋ ਪਰਦੇਫਾਸ਼ ਕੀਤੇ ਉਨ੍ਹਾਂ ਦਾ ਸਮਾਜ ਵਿਚ ਵੱਡੀ ਪੱਧਰ 'ਤੇ ਪ੍ਰਚਾਰ-ਪ੍ਰਸਾਰ ਕਰਨ ਦੀ ਬੇਹੱਦ ਲੋੜ ਹੈ। ਅੱਜ ਸਾਡੇ ਦੇਸ਼ ਦੇ ਹਾਲਾਤਾਂ ਨੂੰ ਇਥੋਂ ਦੇ ਹਾਕਮਾਂ ਵਲੋਂ ਗਿਣੀ ਮਿਣੀ ਯੋਜਨਾ ਅਧੀਨ ਫਿਰ ਉਸੇ ਪਾਸੇ ਵੱਲ ਨੂੰ ਧੱਕਣ ਦੀਆਂ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਧਰੋਂ ਡਾ. ਕਾਵੂਰ ਨੇ ਕੱਢਣ ਲਈ ਆਪਣੀ ਸਾਰੀ ਜ਼ਿੰਦਗੀ ਲਗਾਈ। ਉਨ੍ਹਾਂ ਦੀ ਪੂਰੀ ਜ਼ਿੰਦਗੀ ਅਜਿਹੀਆਂ ਖੋਜ ਭਰਪੂਰ ਘਟਨਾਵਾਂ ਨਾਲ ਭਰੀ ਪਈ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਲੋਕਾਂ ਦੀ ਅੰਧ ਵਿਸ਼ਵਾਸੀ ਵਿਚਾਰਧਾਰਾ ਨੂੰ ਵਿਗਿਆਨਕ ਤਰਕਸ਼ੀਲ ਵਿਚਾਰਾਂ ਵਿਚ ਤਬਦੀਲ ਕਰਨ ਲਈ ਨਵੀਂ ਰੌਸ਼ਨੀ ਦਿਖਾਈ।

ਉਨ੍ਹਾਂ ਦੇ ਪਿਤਾ ਸ੍ਰੀ ਰੈਵ-ਕਾਵੂਰ ਇਕ ਗਿਰਜੇ ਦੇ ਪੁਜਾਰੀ ਸਨ ਜਿਨ੍ਹਾਂ ਦੀ ਦੇਖ ਰੇਖ ਹੇਠ ਘਰ ਵਿਚ ਹੀ ਚਲਾਏ ਜਾ ਰਹੇ ਸਕੂਲ ਵਿਚ ਡਾ. ਥੌਮਸ ਕਾਵੂਰ ਨੇ ਆਪਣੀ ਮੁਢਲੀ ਪੜ੍ਹਾਈ ਪੂਰੀ ਕੀਤੀ। ਬੰਗਵਾਸੀ ਕਾਲਜ ਕਲਕੱਤਾ ਤੋਂ ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ ਵਿਚ ਉਚ ਸਿੱਖਿਆ ਪ੍ਰਾਪਤ ਕੀਤੀ। ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਉਨ੍ਹਾਂ ਨੇ ਮਾਨਸਿਕ, ਅਰਧ ਮਾਨਸਿਕ ਅਤੇ ਦੈਵੀ ਚਮਤਕਾਰਾਂ ਸੰਬੰਧੀ ਬਹੁਤ ਹੀ ਤਹਿ ਤੱਕ ਜਾ ਕੇ ਖੋਜ ਕੀਤੀ ਅਤੇ ਇਹ ਸਿੱਧ ਕੀਤਾ ਕਿ ਕਿਸੇ ਵੀ ਅਜਿਹੀ ਦੈਵੀ ਸ਼ਕਤੀ ਦੀ ਇਸ ਸੰਸਾਰ ਵਿਚ ਕੋਈ ਹੋਂਦ ਨਹੀਂ ਜਿਸ ਨੂੰ ਵਸ ਵਿਚ ਕਰਕੇ ਕੋਈ ਚਮਤਕਾਰ ਕੀਤਾ ਜਾ ਸਕੇ। ਦੁਨੀਆ ਭਰ ਦੇ ਮਨੋਚਕਿਸਤਕਾਂ ਵਿਚ ਉਹ ਕੇਵਲ ਇਕੋ ਪਹਿਲੇ ਵਿਅਕਤੀ ਸਨ ਜਿਸ ਨੂੰ ਇਸ ਤਰ੍ਹਾਂ ਦੀ ਖੋਜ ਕਰਨ ਬਦਲੇ ਪੀ. ਐਚ. ਡੀ. ਦੀ ਡਿਗਰੀ ਮਿਲੀ। ਉਨ੍ਹਾਂ ਨੇ ਆਪਣੀਆਂ ਖੋਜਾਂ ਰਾਹੀਂ ਇਹ ਸਿੱਧ ਕੀਤਾ ਕਿ ਜਿਹੜੇ ਵਿਅਕਤੀ ਆਪਣੇ ਕੋਲ ਰੂਹਾਨੀ, ਦੈਵੀ ਜਾਂ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਸਨ, ਉਹ ਫਰੇਬੀ/ਧੋਖੇਬਾਜ ਹਨ ਜਾਂ ਕਿਸੇ ਮਨੋਵਿਕਾਰ ਦਾ ਸ਼ਿਕਾਰ ਹੁੰਦੇ ਹਨ। ਉਨ੍ਹਾਂ ਨੇ ਹਰ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਅਤੇ ਉਨ੍ਹਾਂ ਨੂੰ ਫੈਲਾਉਣ ਵਾਲਿਆਂ ਸਾਧਾਂ-ਸੰਤਾਂ, ਜੋਤਸ਼ੀਆਂ, ਤਾਂਤਰਿਕਾਂ, ਬਾਬਿਆਂ, ਚੌਕੀ ਲਾਉਣ ਵਾਲਿਆਂ ਆਦਿ ਵਲੋਂ ਕੀਤੇ ਜਾ ਰਹੇ ਪਾਖੰਡਾਂ ਨੂੰ ਲੋਕਾਂ ਦੇ ਭਰੇ ਇਕੱਠਾਂ ਵਿਚ ਬੇਪ੍ਰਦ ਕੀਤਾ ਅਤੇ ਮਨੁੱਖ ਨੂੰ ਆਪਣੇ ਬਲਬੂਤੇ ਬਿਨਾ ਕਿਸੇ ਦੈਵੀ ਸ਼ਕਤੀ ਦੀ ਓਟ ਤੋਂ ਜ਼ਿੰਦਗੀ ਜਿਉਣ ਦੇ ਰਸਤੇ ਪਾਇਆ। ਦੈਵੀ ਸ਼ਕਤੀਆਂ ਦੇ ਦਾਅਵੇ ਕਰਕੇ ਚਮਤਕਾਰ ਵਿਖਾਉਣ ਵਾਲਿਆਂ ਲਈ 23 ਸ਼ਰਤਾਂ ਦਾ ਇਕ ਖਰੜਾ ਤਿਆਰ ਕਰਕੇ ਉਨ੍ਹਾਂ ਵਿਚੋਂ ਕੋਈ ਇਕ ਪੂਰੀ ਕਰਨ ਵਾਲੇ ਨੂੰ ਇਨਾਮ ਜਿੱਤਣ ਦੀ ਘੋਸ਼ਣਾ ਕੀਤੀ ਗਈ, ਪਰ ਦੈਵੀ ਸ਼ਕਤੀਆਂ ਦਾ ਇਕ ਵੀ ਦਾਅਵੇਦਾਰ ਇਹ ਇਨਾਮ ਪ੍ਰਾਪਤ ਨਹੀਂ ਕਰ ਸਕਿਆ। ਡਾ. ਕਾਵੂਰ ਨੇ ਆਮ ਲੋਕਾਂ ਨੂੰ ਇਨ੍ਹਾਂ ਕਰਾਮਾਤੀ ਦਾਅਵੇ ਕਰਨ ਵਾਲਿਆਂ ਦੀ ਪਰਖ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਤਿੰਨ ਨੁਕਤੇ ਪੇਸ਼ ਕੀਤੇ ਜਿਨ੍ਹਾਂ ਹਰ ਵਿਅਕਤੀ ਨੂੰ ਝੰਜੋੜਿਆ। ਇਹ ਨੁਕਤੇ ਹੇਠ ਲਿਖੇ ਹਨ :

**1. ਜਿਹੜਾ ਪੁਰਸ਼ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਉਹ ਧੋਖੇਬਾਜ ਹੈ।**

**2. ਜਿਸ ਵਿਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਂਸਲਾ ਨਹੀਂ ਹੁੰਦਾ, ਉਹ ਲਾਈਲੱਗ ਹੁੰਦਾ ਹੈ।**

**3. ਪੜਤਾਲ ਤੋਂ ਬਿਨਾ ਵਿਸ਼ਵਾਸ ਕਰਨ ਵਾਲਾ ਵਿਅਕਤੀ ਮੂਰਖ ਹੁੰਦਾ ਹੈ।**



ਉਨ੍ਹਾਂ ਨੇ ਧਾਰਮਿਕ ਪੁਸਤਕਾਂ/ਗ੍ਰੰਥਾਂ ਵਿਚ ਲਿਖੀ ਹਰ ਉਸ ਧਾਰਨਾ ਨੂੰ ਗਲਤ ਦੱਸਿਆ ਜੋ ਵਿਗਿਆਨ ਦੀ ਕਸਵੱਟੀ ਤੇ ਪੂਰੀ ਨਾ ਉਤਰ ਰਹੀ ਹੋਵੇ। ਧਾਰਮਿਕ 'ਮਹਾਂਪੁਰਸ਼ਾਂ' ਦੁਆਰਾ ਕਹੀ ਜਾਂਦੀ ਹਰ ਉਸ ਗੱਲ ਨੂੰ ਗਲਤ ਕਹਿ ਕੇ ਰੱਦ ਕੀਤਾ ਜੋ ਵਿਗਿਆਨ ਦੀ ਪਰਖ ਤੇ ਪੂਰੀ ਨਾ ਹੁੰਦੀ ਹੋਵੇ।

ਡਾ. ਇਬਰਾਹਮ ਥਾਮਸ ਕਾਵੂਰ ਵਲੋਂ ਲਿਖੀ ਕਿਤਾਬ Begone Godmen ਦੇ ਪੰਜਾਬੀ ਅਨੁਵਾਦ 'ਤੇ ਦੇਵ ਪੁਰਸ਼ ਹਾਰ ਗਏ' ਨੇ ਪੰਜਾਬ ਵਿਚ 'ਤਰਕਸ਼ੀਲ ਸੁਸਾਇਟੀ ਪੰਜਾਬ' ਹੋਂਦ ਵਿਚ ਲਿਆਂਦੀ। ਇਸ ਸੰਸਥਾ ਦੀਆਂ ਪੰਜਾਬ ਭਰ ਵਿਚ 80 ਦੇ ਕਰੀਬ ਇਕਾਈਆਂ ਸਥਾਪਤ ਹਨ ਅਤੇ ਵਿਦੇਸ਼ਾਂ ਵਿਚ ਵੀ ਕੈਨੇਡਾ, ਇੰਗਲੈਂਡ ਆਦਿ ਵਿਚ ਇਸ ਦਾ ਜਥੇਬੰਦਕ ਕੰਮ ਬੜਾ ਸ਼ਲਾਘਾਯੋਗ ਚੱਲ ਰਿਹਾ ਹੈ। ਡਾ. ਕਾਵੂਰ ਦੀ ਵਿਚਾਰਧਾਰਾ ਨੂੰ ਵੱਡੀ ਪੱਧਰ 'ਤੇ ਦੇਸ਼ ਦੁਨੀਆ ਵਿਚ ਫੈਲਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਵਿਚ ਆਪਣੇ ਤੌਰ 'ਤੇ ਉਨ੍ਹਾਂ ਲੋਕਾਂ ਲਈ 5 ਲੱਖ ਦਾ ਇਨਾਮ ਰੱਖਿਆ ਹੋਇਆ ਹੈ ਜਿਹੜੇ ਆਪਣੇ ਵਿਚ ਗੈਬੀ ਸ਼ਕਤੀਆਂ ਵੱਸ ਹੋਣ ਦਾ ਦਾਅਵਾ ਕਰਦੇ ਹਨ।

ਦੂਜੇ ਪਾਸੇ ਅੱਜ ਦਾ ਸਮਾਂ ਜੋ ਮੰਗ ਕਰਦਾ ਹੈ ਕਿ ਡਾ. ਕਾਵੂਰ ਦੀਆਂ ਖੋਜਾਂ ਦੀ ਰੌਸ਼ਨੀ ਵਿਚ ਲੋਕਾਂ ਨੂੰ ਸਿੱਖਿਅਤ ਕੀਤਾ ਜਾਵੇ ਪਰ ਜਿਹੜੇ ਲੋਕਾਂ ਦੀਆਂ ਦੁਕਾਨਦਾਰੀਆਂ/ਵਿਉਪਾਰ ਅੰਧ ਵਿਸਵਾਸ਼ ਅਤੇ ਘਸੀਆਂ-ਪਿਟੀਆਂ ਸਮਾਂ ਵਿਹਾ ਚੁੱਕੀਆਂ ਗੈਰ ਵਿਗਿਆਨਕ ਮਾਨਤਾਵਾਂ ਕਾਰਨ ਚਲਦਾ ਹੈ, ਉਹ ਕਵਾਚਿਤ ਨਹੀਂ ਚਾਹੁੰਦੇ ਕਿ ਲੋਕ ਨਵੀਂ ਰੌਸ਼ਨੀ ਦੇ ਗਿਆਨ ਨਾਲ ਸੂਝਵਾਨ ਬਣਨ। ਇਥੇ ਸਰਕਾਰਾਂ ਵਿਚ ਭਾਈਵਾਲ ਸਿਆਸੀ ਲੀਡਰ ਅਤੇ ਅਧਿਕਾਰੀ ਵੀ ਨਹੀਂ ਚਾਹੁੰਦੇ ਕਿ ਆਮ ਲੋਕ ਗਿਆਨਵਾਨ ਹੋ ਗਏ ਤਾਂ ਉਨ੍ਹਾਂ ਨੂੰ ਸਮਝ ਲੱਗ ਜਾਵੇਗੀ ਕਿ ਸਾਡੇ ਦੇਸ਼ ਵਿਚ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਬੇਈਮਾਨੀ ਆਦਿ ਵਰਗੀਆਂ ਅਲਾਮਤਾਂ ਦੇ ਅਸਲ ਕਾਰਨ ਕੀ ਹਨ। ਜਿਵੇਂ ਹਰ ਧਰਮ ਵਿਚ ਇਹ ਪ੍ਰਚਾਰਿਆ ਜਾਂਦਾ ਹੈ ਕਿ ਮਨੁੱਖ ਦੀ ਮਾੜੀ ਜ਼ਿੰਦਗੀ ਦਾ ਕਾਰਨ ਉਸ ਵਲੋਂ ਪਿਛਲੇ ਜਨਮ ਵਿਚ ਕੀਤੇ ਗਲਤ ਕੰਮਾਂ ਦਾ ਨਤੀਜਾ ਹੈ। ਧਰਮਾਂ ਵਲੋਂ ਪ੍ਰਚਾਰੀ ਜਾਂਦੀ ਇਹ ਗੱਲ ਸਰਕਾਰਾਂ ਦੇ ਵੀ ਹੱਕ ਵਿਚ ਜਾਂਦੀ ਹੈ। ਇਸੇ ਕਰਕੇ ਸਿਆਸੀ ਲੀਡਰਾਂ, ਸਰਕਾਰਾਂ ਅਤੇ ਧਰਮ ਆਗੂਆਂ ਦੀ ਆਪਸੀ ਸਾਂਝ ਹੈ। ਜੇਕਰ ਲੋਕ ਅਗਲੇ ਪਿਛਲੇ ਜਨਮਾਂ ਦੇ ਚੱਕਰਾਂ 'ਚੋਂ ਨਿਕਲ ਗਏ ਅਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਾਡੀ ਮੰਦਹਾਲੀ ਸਾਡੇ ਦੇਸ਼ ਦੇ ਗਲਤ ਰਾਜ ਪ੍ਰਬੰਧ ਕਾਰਨ ਹੈ ਕਿਸੇ ਪਿਛਲੇ ਜਨਮ ਵਿਚ ਕੀਤੇ ਮਾੜੇ ਕੰਮਾਂ ਕਾਰਨ ਨਹੀਂ ਤਾਂ ਉਹ ਇਹ ਗਲਤ ਰਾਜ ਪ੍ਰਬੰਧ ਚਲਾਉਣ ਲਈ ਜ਼ਿੰਮੇਵਾਰਾਂ ਵਿਰੁੱਧ ਆਵਾਜ਼ ਉਠਾਉਣਗੇ। ਧਰਮਾਂ ਦੇ ਨਾਂ 'ਤੇ ਚਲ ਰਹੇ ਵੱਡੇ-ਵੱਡੇ ਡੇਰੇ ਵੀ ਲੋਕਾਂ ਦੀ ਅਗਿਆਨਤਾ ਕਾਰਨ ਹੀ ਵੱਧ ਫੁਲ ਰਹੇ ਹਨ ਜਿਨ੍ਹਾਂ ਨੂੰ ਸਰਕਾਰਾਂ ਦੀ ਵੀ ਪੂਰੀ ਸਰਪ੍ਰਸਤੀ ਬਣੀ ਹੋਈ ਹੈ। ਅਕਸਰ ਹੀ ਦੇਖਿਆ ਜਾਂਦਾ ਹੈ ਕਿ ਸਿਆਸੀ ਲੋਕ ਵੋਟਾਂ ਦੇ ਦਿਨਾ ਵਿਚ ਇਨ੍ਹਾਂ ਡੇਰਿਆਂ ਦੇ ਆਗੂਆਂ ਕੋਲ ਜਾ ਕੇ ਗੋਡੇ ਟੇਕਣ ਦੀ ਪ੍ਰਪੰਚ ਕਰਦੇ ਹਨ ਤਾਂ ਕਿ ਉਸ ਡੇਰੇ ਦੇ ਸ਼ਰਧਾਲੂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਹਮੇਸ਼ਾ ਸਿਆਸੀ ਲੀਡਰ ਅਤੇ ਧਾਰਮਿਕ ਲੀਡਰ ਆਪਣਾ ਮੁਫ਼ਾਦ ਪਾਲਦੇ ਰਹਿੰਦੇ ਹਨ ਜਿਸ ਦਾ ਨੁਕਸਾਨ ਹਰ ਸਮੇਂ ਆਮ ਲੋਕਾਂ ਨੂੰ ਹੀ ਉਠਾਉਣਾ ਪੈਂਦਾ ਹੈ। ਇਸੇ ਕਰਕੇ ਮੌਜੂਦਾ ਸਮੇਂ ਅੰਦਰ ਵੀ ਧਾਰਮਿਕ ਕੱਟੜਵਾਦੀਆਂ ਨੇ ਜਿਥੇ ਡਾ. ਕਾਵੂਰ ਦੀ ਵਿਚਾਰਧਾਰਾ ਫੈਲਾਉਣ ਵਾਲਿਆਂ ਨੂੰ ਆਪਣੇ ਜੁਲਮਾਂ ਦਾ ਨਿਸ਼ਾਨਾ ਬਣਾਇਆ ਹੋਇਆ ਹੈ, ਉਸੇ ਸਮੇਂ ਦੀਆਂ ਹਕੂਮਤਾਂ ਵਲੋਂ ਵੀ ਡਾ. ਟੀ. ਕਾਵੂਰ ਵਲੋਂ ਵਿਖਾਈ ਰੌਸ਼ਨੀ ਨੂੰ ਹਨੇਰੇ 'ਚ ਬਦਲਣ ਲਈ ਕੱਟੜਵਾਦੀ ਸ਼ਕਤੀਆਂ ਦਾ ਸਾਥ ਦਿੱਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਦੀ ਹਨ੍ਹੇਰੀ ਗੁਫ਼ਾ ਵਿਚ ਧੱਕਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਹੋਇਆ ਹੈ। ਪਿਛਲੇ ਡੇਢ ਕੁ ਸਾਲ ਵਿਚ ਹੀ ਡਾ. ਕਾਵੂਰ ਦੇ ਵਿਗਿਆਨਕ ਵਿਚਾਰਾਂ ਦਾ ਪਸਾਰਾ ਕਰਨ ਵਾਲਿਆਂ ਲਈ ਗੰਭੀਰ ਚੁਣੌਤੀਆਂ ਸਵੀਕਾਰ ਕਰਨ ਦੀ ਮੰਗ ਕਰਦਾ ਹੈ।

ਡਾ. ਨਰਿੰਦਰ ਦਭੋਲਕਰ, ਪ੍ਰੋ. ਐਮ. ਐਮ. ਕਲਬੁਰਗੀ ਅਤੇ ਕਾ. ਗੋਬਿੰਦ ਪਾਨਸਰੇ ਵਰਗੀਆਂ ਅਗਾਂਹਵਧੂ ਆਵਾਜ਼ਾਂ ਦਾ ਕਤਲ ਭਾਰਤ ਦੀਆਂ ਅਗਾਂਹਵਧੂ, ਤਰਕਸ਼ੀਲ ਅਤੇ ਜਮਹੂਰੀ ਤਾਕਤਾਂ ਨੂੰ ਤਾੜਨਾ ਸੀ ਕਿ ਜੋ ਵੀ ਲੋਕ ਫਿਰਕਾਪ੍ਰਸਤੀ, ਧਾਰਮਿਕ ਕੱਟੜਤਾ, ਹਿੰਦੂਤਵੀ ਫਾਸੀਵਾਦ, ਅੰਧਵਿਸ਼ਵਾਸਾਂ, ਬੇਮਤਲਬ ਮਾਨਤਾਵਾਂ ਦਾ ਪਰਦਾਫਾਸ਼ ਕਰਕੇ ਲੋਕਾਂ ਨੂੰ ਸਿੱਖਿਅਤ ਕਰ ਰਹੇ ਹਨ, ਉਹ ਜਾਂ ਤਾਂ ਆਪਣੀ ਆਵਾਜ਼ ਬੰਦ ਕਰ ਲੈਣ ਜਾਂ ਫਿਰ ਮਰਨ ਲਈ ਤਿਆਰ ਰਹਿਣ। ਸੋਸ਼ਲ ਮੀਡੀਏ ਰਾਹੀਂ ਵੀ ਅਜਿਹੇ ਫੁਰਮਾਨ ਜਾਰੀ ਹੋ ਰਹੇ ਹਨ ਪਰ ਸਰਕਾਰੀ ਤੌਰ'ਤੇ ਅਜਿਹੇ ਵਰਤਾਰੇ ਰੋਕਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਸਗੋਂ ਅੰਧ ਵਿਸ਼ਵਾਸ ਅਤੇ ਗੈਰ ਵਿਗਿਆਨਕ ਵਿਚਾਰਾਂ ਨੂੰ ਹੋਰ ਪੱਕਿਆਂ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਜਦੋਂ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਗਣੇਸ਼ ਜੀ ਦੇ ਸਿਰ ਉਪਰ ਹਾਥੀ ਦਾ ਸਿਰ ਲੱਗਣ ਨੂੰ ਉਸ ਵੇਲੇ ਦੀ ਪਲਾਸਟਿਕ ਸਰਜਰੀ ਦਾ ਕਮਾਲ ਕਹਿ ਕੇ ਪ੍ਰਸ਼ੰਸਾ ਕਰੇ ਅਤੇ ਪੁਰਾਣੀ ਸੰਸਕ੍ਰਿਤੀ ਦੇ ਨਾਂ 'ਤੇ ਗੈਰ ਵਿਗਿਆਨਕ ਧਾਰਨਾਵਾਂ/ਮਨਤਾਵਾਂ ਲਾਗੂ ਕਰਨ ਦੀ ਵਕਾਲਤ ਕਰੇ ਤਾਂ ਇਸ ਨੂੰ ਕੀ ਕਿਹਾ ਜਾਵੇ? ਸੂਝਵਾਨ ਲੋਕ ਜਾਣਦੇ ਹਨ ਕਿ ਪਿਛਲੇ ਸਮਿਆਂ ਵਿਚ ਸਾਡੇ ਮੁਲਕ 'ਚ ਪਲੇਗ, ਹੈਜਾ, ਚੇਚਕ, ਤਬਦਿਕ ਆਦਿ ਬੀਮਾਰੀਆਂ ਦੇ ਇਲਾਜ ਲਈ ਕੋਈ ਦਵਾਈ ਨਾ ਹੋਣ ਕਰਕੇ ਲੱਖਾਂ ਲੋਕ ਇਨ੍ਹਾਂ ਦੀ ਭੇਟ ਚੜ੍ਹਕੇ ਖਤਮ ਹੋ ਗਏ। ਪਲਾਸਟਿਕ ਸਜਰੀ ਤਾਂ ਕੀ ਦਵਾਈ ਦੀ ਇਕ ਗੋਲੀ ਵੀ ਵਿਕਸਤ ਨਹੀਂ ਸੀ ਹੋਈ ਨਾ ਹੀ ਕਿਸੇ ਦੈਵੀ ਸ਼ਕਤੀ ਨੇ ਇਸ ਮਹਾਂ ਮਾਰੀ ਦੌਰਾਨ ਕਿਸੇ ਮਰੀਜ਼ ਦੀ ਬਾਂਹ ਫੜੀ। ਹੁਣ ਵਿਗਿਆਨਕ ਖੋਜਾਂ ਕਾਰਨ ਹੀ ਇਨ੍ਹਾਂ ਅਲਾਮਤਾਂ ਤੋਂ ਛੁਟਕਾਰਾ ਸੰਭਵ ਹੋ ਸਕਿਆ ਹੈ।


ਸਾਡੇ ਇਲੈਕਟ੍ਰੋਨਿਕ ਮੀਡੀਏ ਨੇ ਵੀ ਇਕ ਦੋ ਟੀ.ਵੀ.ਚੈਨਲਾਂ ਨੂੰ ਛੱਡ ਕੇ ਡਾ. ਕਾਵੂਰ ਦੀ ਵਿਚਾਰਧਾਰਾ ਤੋਂ ਉਲਟ ਤਰ੍ਹਾਂ ਤਰ੍ਹਾਂ ਦੇ ਜੋਤਸ਼ੀਆਂ, ਤਾਂਤਰਿਕਾਂ, ਬਾਬਿਆਂ ਆਦਿ ਵਲੋਂ ਕੀਤੇ ਜਾ ਰਹੇ ਗੈਰ ਵਿਗਿਆਨਕ ਪ੍ਰਚਾਰ ਰਾਹੀਂ ਲੋਕਾਂ ਨਾਲ ਸ਼ਰੇਆਮ ਧੋਖਾ ਕਰਕੇ ਠੱਗੀਆਂ ਮਾਰੀਆਂ ਜਾ ਰਹੀਆਂ ਹਨ। ਅਖ਼ਬਰਾਂ ਵਿਚ ਵੀ ਇਨ੍ਹਾਂ ਦੇ ਇਸ਼ਤਿਹਾਰਾਂ ਰਾਹੀਂ ਲੋਕਾਂ ਦੀਆਂ ਘਰੇਲੂ ਸਮੱਸਿਆਵਾਂ ਦੇ ਸਮਾਧਾਨ ਲਈ ਪ੍ਰਚਾਰਿਆ ਜ ਰਿਹਾ ਹੈ ਜਿਸ ਸਦਕਾ ਬਹੁਤ ਸਾਰੇ ਅਨਭੋਲ ਲੋਕ ਇਨ੍ਹਾਂ ਦੀ ਚੁੰਗਲ ਵਿਚ ਫਸ ਰਹੇ ਹਨ ਤੇ ਲੱਖਾਂ ਰੁਪਏ ਲੁਟਾ ਰਹੇ ਹਨ। ਇਕੱਲੇ ਲੁਧਿਆਣਾ ਵਿਚੋਂ ਹੀ ਹੁਣ ਤੱਕ 4-5 ਲੱਖ ਰੁਪਏ ਜੋ ਇਨ੍ਹਾਂ ਤਾਂਤਰਿਕਾਂ ਆਦਿ ਨੇ ਵੱਖ-ਵੱਖ ਲੋਕਾਂ ਤੋਂ ਬਟੋਰੇ ਸਨ, ਤਰਕਸ਼ੀਲ ਸੁਸਾਇਟੀ ਵਾਪਸ ਕਰਵਾ ਚੁੱਕੀ ਹੈ। ਅਜਿਹੇ ਠੱਗਾਂ ਪ੍ਰਤੀ ਨਾ ਸਰਕਾਰ ਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਕੋਈ ਠੋਸ ਕਾਰਵਾਈ ਕਰ ਰਿਹਾ ਹੈ।

ਅੱਜ ਸਮਾਂ ਮੰਗ ਕਰਦਾ ਹੈ ਕਿ ਡਾ. ਇਬਰਾਹਮ ਥਾਮਸ ਕਾਵੂਰ ਦੇ ਵਿਚਾਰਾਂ ਅਤੇ ਉਨ੍ਹਾਂ ਦੀਆਂ ਖੋਜਾਂ ਦੀ ਰੌਸ਼ਨੀ ਵਿਚ ਹਰ ਹਾਲਤ ਅਤੇ ਗੈਰ ਵਿਗਿਆਨਕ ਵਰਤਾਰੇ ਵਿਰੁੱਧ ਅਨੇਕਾਂ ਖਤਰਿਆਂ ਦੇ ਬਾਵਜੂਦ ਵੀ ਆਵਾਜ਼ ਬੁਲੰਦ ਕੀਤੀ ਜਾਵੇ। ਡਾ. ਕਾਵੂਰ ਭਾਵੇਂ 18 ਸਤੰਬਰ, 1978 ਨੂੰ ਸਾਡੇ ਤੋਂ ਹਮੇਸ਼ਾ ਲਈ ਵਿਛੜ ਗਏ, ਪਰ ਉਨ੍ਹਾਂ ਦੇ ਖੋਜ ਭਰਪੂਰ ਵਿਚਾਰ ਉਨ੍ਹਾਂ ਦੀਆਂ ਲਿਖਤਾਂ ਵਿਚ ਸਾਡੇ ਲਈ ਰਾਹ ਦਰਸਾਵਾ ਬਣੇ ਹੋਏ ਹਨ। ਆਓ ਇਕਮੁੱਠ ਹੋ ਕੇ ਉਨ੍ਹਾਂ ਦੀ ਵਿਗਿਆਨਕ ਅਤੇ ਤਰਕਸ਼ੀਲ ਸੋਚ ਅਨੁਸਾਰ ਅੱਗੇ ਵਧੀਏ ਅਤੇ ਇਸ ਸਮਾਜ 'ਚੋਂ ਹਰ ਤਰ੍ਹਾਂ ਦੀ ਪਿਛਾਖੜੀ ਅਤੇ ਅੰਧ ਵਿਸ਼ਵਾਸ ਵਿਚਾਰਧਾਰਾ ਦਾ ਟਾਕਰਾ ਕਰਦੇ ਹੋਏ ਇਸ ਧਰਤੀ ਨੂੰ ਸਵਰਗ ਦਾ ਰੂਪ ਦੇਣ ਲਈ ਅੱਗੇ ਵਧੀਏ। ਯਾਦ ਰਹੇ ਕਿ ਧਾਰਮਿਕ ਸਮਝ ਦੇ ਨਾਂ 'ਤੇ ਸਵਰਗ ਦੀ ਪ੍ਰਾਪਤੀ ਮੌਤ ਤੋਂ ਬਾਅਦ ਹੋਣ ਦੇ ਝੂਠੇ ਲਾਰੇ ਲਾਏ ਜਾਂਦੇ ਹਨ। ਸੋ ਆਓ ਜਿਉਂਦੇ ਜੀਅ ਹੀ ਸਵਰਗ ਉਸਾਰੀਏ।

ਡਾ. ਟੀ. ਕਾਵੂਰ-ਜ਼ਿੰਦਾਬਾਦ!
ਅੰਧਵਿਸ਼ਵਾਸ ਮੁਰਦਾਬਾਦ!

# ਭਾਰਤੀ ਕੇਂਦਰੀ ਬਜਟ ਦੀ ਪਟਾਰੀ, ਛਲਾਵਾ ਅੱਛੇ ਦਿਨਾਂ ਦਾ

ਮੋਹਨ ਸਿੰਘ (ਡਾ.)



ਭਾਜਪਾ ਨੂੰ ਦਿੱਲੀ ਅਤੇ ਬਿਹਾਰ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ 'ਚ ਕਰਾਰੀ ਹਾਰ ਹੋਈ ਸੀ ਅਤੇ ਹੁਣ ਉਸ ਨੇ ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਕੇਰਲਾ ਅਤੇ ਆਸਾਮ ਵਰਗੇ ਰਾਜਾਂ ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ 'ਚ ਰੱਖ ਕੇ ਇਹ ਬਜਟ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਹੈਦਰਾਬਾਦ ਦੇ ਰੋਹਿਤ ਵੈਮੂਲਾ ਅਤੇ ਜੇ.ਐਨ.ਯੂ. ਦੀਆਂ ਘਟਨਾਵਾਂ ਰਾਹੀਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਤਿਲਕਾਉਣ ਦੀ ਕੋਸ਼ਿਸ਼ ਕੀਤੀ ਹੈ। ਪੇਂਡੂ ਲੋਕਾਂ ਦੀਆਂ ਵੋਟਾਂ ਪਤਿਆਉਣ ਲਈ ਉਸ ਨੇ ਬਜਟ ਨੂੰ ਪੇਂਡੂ ਦਿੱਖ ਪ੍ਰਦਾਨ ਕਰਨ ਦੀ ਕਵਾਇਦ ਕੀਤੀ ਹੈ। ਅਜਿਹਾ ਕਰਨ ਲਈ ਉਸ ਨੇ ਮਨਰੇਗਾ ਪ੍ਰੋਗਰਾਮ ਦਾ ਫੰਡ ਵਧਾ ਕੇ 38,500 ਕਰੋੜ ਰੁਪਏ ਕਰ ਦਿੱਤਾ ਹੈ ਹਾਲਾਂਕਿ ਐਨਡੀਏ ਸਰਕਾਰ ਮਨਰੇਗਾ ਪ੍ਰੋਗਰਾਮ ਨੂੰ ਯੂਪੀਏ ਸਰਕਾਰ ਸਮੇਂ ਭੰਡਦੀ ਰਹੀ ਸੀ। ਪਿਛਲੇ ਬਜਟ ਵਿੱਚ ਇਸ ਨੇ ਮਨਰੇਗਾ ਲਈ ਬਜਟ ਵਿੱਚ ਫੰਡ ਘਟਾ ਦਿੱਤਾ ਸੀ ਤੇ ਹੌਲੀ ਹੌਲੀ ਇਹ ਸਬਸਿਡੀਆਂ ਖ਼ਤਮ ਕਰਨ ਵਾਂਗ ਇਸ ਪ੍ਰੋਗਰਾਮ ਦਾ ਵੀ ਭੋਗ ਪਾਉਣਾ ਚਾਹੁੰਦੀ ਸੀ। ਇਸ ਤੋਂ ਇਲਾਵਾ ਵਿੱਤ ਮੰਤਰੀ ਅਰੁਣ ਜੇਤਲੀ ਨੇ 2018 ਤਕ ਸਾਰੇ ਪਿੰਡਾਂ ਤਕ ਬਿਜਲੀ ਪਹੁੰਚਦੀ ਕਰਨ ਅਤੇ ਮਾਰੂ ਜ਼ਮੀਨ ਨੂੰ ਸਿੰਜਾਈ ਅਧੀਨ ਲਿਆਉਣ ਦੇ ਵੱਡੇ ਪ੍ਰੋਜੈਕਟ ਲਿਆਉਣ ਦੇ ਲਾਰੇ ਵੀ ਲਾਏ ਹਨ। ਬਜਟ ਵਿੱਚ ਕਿਸਾਨਾਂ ਦੀ ਆਮਦਨ 2022 ਤਕ ਦੁਗਣਾ ਕਰਨ ਲਈ ਮੁੰਗੇਰੀ ਲਾਲ ਦੇ ਸੁਪਨੇ ਦਿਖਾਏ ਗਏ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਖੇਤੀਬਾੜੀ ਦੀ ਪੈਦਾਵਾਰ ਵਿੱਚ ਵਾਧੇ ਦੀ ਦਰ 2014-15 'ਚ 0.2 ਫ਼ੀਸਦੀ ਸੀ ਅਤੇ 2015-16 'ਚ ਇਹ 1.1 ਫ਼ੀਸਦੀ ਰਹਿਣ ਦੀ ਸੰਭਾਵਨਾ ਹੈ। 2022 ਤਕ ਖੇਤੀਬਾੜੀ ਦੀ ਪੈਦਾਵਾਰ ਦੁੱਗਣੀ ਕਰਨ ਲਈ ਆਉਂਦੇ ਛੇ ਸਾਲਾਂ ਵਿੱਚ ਹਰ ਸਾਲ 15 ਫ਼ੀਸਦੀ ਵਾਧੇ ਦੀ ਲੋੜ ਹੈ ਜੋ ਕਿਸੇ ਵੀ ਤਰ੍ਹਾਂ ਪੂਰੀ ਨਹੀਂ ਹੋ ਸਕਦੀ। ਭਾਰਤ ਦੀ ਜਰਈ ਆਰਥਿਕਤਾ ਬੁਰੀ ਤਰ੍ਹਾਂ ਸੰਕਟ ਵਿੱਚ ਫਸੀ ਹੋਈ ਹੈ। ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਮਸ਼ੀਨਰੀ, ਰੇਹ, ਤੇਲ ਅਤੇ ਹੋਰ ਰਸਾਇਣਾਂ 'ਤੇ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਦਾ ਕਬਜ਼ਾ ਹੋਣ ਕਰਕੇ ਉਨ੍ਹਾਂ ਦੀਆਂ ਕੀਮਤਾਂ ਦਿਨੋਂ-ਦਿਨ ਵਧ ਰਹੀਆਂ ਹਨ ਪਰ ਕਿਸਾਨਾਂ ਦੀ ਉਪਜ ਦੀ ਕੀਮਤਾਂ ਉਸ ਅਨੁਪਾਤ 'ਚ ਨਹੀਂ ਵਧ ਰਹੀਆਂ। ਕਿਸਾਨਾਂ ਦੀਆਂ ਫ਼ਸਲਾਂ ਮੰਡੀ ਵਿੱਚ ਰੁਲ ਰਹੀਆਂ ਹਨ। ਮੋਦੀ ਸਰਕਾਰ ਕਿਸਾਨਾਂ ਦੀਆਂ ਫ਼ਸਲਾਂ ਦਾ ਘੱਟੋ-ਘੱਟ ਸਹਾਇਕ ਮੁੱਲ ਤੈਅ ਕਰਨ ਤੋਂ ਭੱਜਣ ਲਈ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਨੂੰ ਤਤਪਰ ਬੈਠੀ ਹੈ। ਕਿਸਾਨਾਂ ਸਿਰ ਬੈਂਕਾਂ ਅਤੇ ਸਾਹੂਕਾਰਾਂ ਦਾ ਕਰਜ਼ਾ ਦਿਨੋਂ-ਦਿਨ ਵਧ ਰਿਹਾ ਹੈ। ਇਕੱਲੇ ਪੰਜਾਬ ਦੇ ਕਿਸਾਨਾਂ ਸਿਰ 70 ਹਜ਼ਾਰ ਕਰੋੜ ਦੇ ਕਰੀਬ ਕਰਜ਼ਾ ਹੈ। ਪਿਛਲੇ ਡੇਢ ਦਹਾਕੇ ਦੌਰਾਨ ਕਰਜ਼ੇ 'ਚ ਫਸੇ ਤਿੰਨ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਅਤੇ ਇਹ ਵਰਤਾਰਾ ਅਜੇ ਵੀ ਜਾਰੀ ਹੈ, ਪਰ ਸਰਕਾਰ ਕਿਸਾਨੀ ਸੰਕਟ ਦੇ ਹੱਲ ਲਈ ਗੰਭੀਰ ਨਹੀਂ ਹੈ। ਇਸੇ ਕਰਕੇ ਇਸ ਨੇ ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਮੁਤਾਬਿਕ ਫ਼ਸਲ ਦੀ ਲਾਗਤ ਮੁੱਲ 'ਤੇ 50 ਫ਼ੀਸਦੀ ਮੁਨਾਫ਼ਾ ਦੇਣ ਦਾ ਬਜਟ ਵਿੱਚ ਕੋਈ ਜ਼ਿਕਰ ਨਹੀਂ ਕੀਤਾ। ਬਜਟ ਵਿੱਚ ਕਿਸਾਨਾਂ ਸਿਰੋਂ ਕਰਜ਼ਾ ਲਾਹ ਕੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਕਿਸੇ ਵਿਸ਼ੇਸ਼ ਪੈਕੇਜ ਦੀ ਗੱਲ ਨਹੀਂ ਕੀਤੀ ਗਈ ਅਤੇ ਨਾ ਹੀ ਜਰਈ ਸੰਕਟ ਦੇ ਹੱਲ ਲਈ ਕੋਈ ਵਿਸ਼ੇਸ਼ ਯੋਜਨਾ ਦਾ ਐਲਾਨ ਕੀਤਾ ਗਿਆ ਹੈ। ਅਜਿਹੀ ਹਾਲਤ ਵਿੱਚ ਆਉਂਦੇ ਸਮੇਂ ਕਿਸਾਨੀ ਸੰਕਟ ਘਟਣ ਦੀ ਬਜਾਏ ਹੋਰ ਵਧੇਗਾ।

ਮੋਦੀ ਸਰਕਾਰ ਨੇ ਪਿਛਲੇ ਬਜਟ ਵਿੱਚ ਸਮਾਰਟ ਸਿਟੀ ਅਤੇ ਸ਼ਹਿਰਾਂ ਦੀ ਕਾਇਆਕਲਪ ਕਰਨ ਲਈ 'ਅਟੱਲ ਮਿਸ਼ਨ' ਦੇ ਨਾਂ ਹੇਠ ਅਮ੍ਰਤ ਪ੍ਰੋਗਰਾਮ ਲਿਆਉਣ ਲਈ ਖ਼ੂਬ ਸ਼ੋਰਗੁੱਲ ਮਚਾਇਆ ਸੀ ਅਤੇ ਪਿਛਲੇ ਬਜਟ ਵਿੱਚ ਇਸ ਸਮਾਰਟ ਸਿਟੀ ਅਤੇ ਸ਼ਹਿਰਾਂ ਦੀ ਕਾਇਆਕਲਪ ਕਰਨ ਲਈ ਇੱਕ ਵੱਡੀ ਰਕਮ 7,060 ਕਰੋੜ ਰੁਪਏ ਰੱਖੀ ਸੀ। ਪਰ ਇਸ ਸਾਲ ਮੋਦੀ ਸਰਕਾਰ ਦਾ ਸਮਾਰਟ ਸਿਟੀ ਬਣਾਉਣ ਦਾ ਮਾਵਾ ਲੱਥਿਆ ਲਗਦਾ ਹੈ ਅਤੇ ਹੁਣ ਇਸ ਬਜਟ ਵਿੱਚ ਉਸ ਨੇ ਸਿਰਫ਼ 3,205 ਕਰੋੜ ਰੁਪਏ ਹੀ ਰੱਖੇ ਹਨ। ਅਰਬਨ ਡਿਵੈਲਪਮੈਂਟ ਮਿਸ਼ਨ ਦੇ ਅਧਿਕਾਰੀਆਂ ਮੁਤਾਬਿਕ ਸਮਾਰਟ ਸਿਟੀ ਦਾ ਪਹਿਲਾ ਅਤੇ ਦੂਜਾ ਫੇਜ਼ ਪੂਰਾ ਕਰਨ ਲਈ 10,000 ਕਰੋੜ ਰੁਪਏ ਦੀ ਜ਼ਰੂਰਤ ਹੈ। ਇਸ ਤਰ੍ਹਾਂ ਸਮਾਰਟ ਸਿਟੀ ਬਣਾਉਣ ਦਾ ਮੋਦੀ ਸਰਕਾਰ ਦਾ ਬਹੁਤ ਪ੍ਰਚਾਰਿਆ ਮਿਸ਼ਨ ਇੱਕ ਜੁਮਲਾ ਹੀ ਸਾਬਤ ਹੋ ਰਿਹਾ ਹੈ।

ਕਿਸੇ ਵੀ ਦੇਸ਼ ਦਾ ਸਭ ਤੋਂ ਵੱਡਾ ਸਰਮਾਇਆ ਉਥੋਂ ਦੇ ਲੋਕ ਹੁੰਦੇ ਹਨ। ਅਲੱਗ ਅਲੱਗ ਦੇਸ਼ਾਂ ਦੇ ਮਨੁੱਖੀ ਵਿਕਾਸ ਨੂੰ ਮਿਣਨ ਲਈ ਮਨੁੱਖੀ ਵਿਕਾਸ ਅੰਕ ਨੂੰ ਇੱਕ ਪੈਮਾਨਾ ਸਮਝਿਆ ਜਾਂਦਾ ਹੈ। ਮਨੁੱਖੀ ਵਿਕਾਸ ਲਈ ਸਿਹਤ ਅਤੇ ਸਿੱਖਿਆ ਦਾ ਅਹਿਮ ਸਥਾਨ ਹੁੰਦਾ ਹੈ ਅਤੇ ਇਸ ਨੂੰ ਉੱਤਮ ਬਣਾਉਣ ਲਈ ਸਰਕਾਰ ਦੀ ਇੱਕ ਅਹਿਮ ਜ਼ਿੰਮੇਵਾਰੀ ਹੁੰਦੀ ਹੈ ਪਰ ਸਾਡੀਆਂ ਸਰਕਾਰਾਂ ਇਨ੍ਹਾਂ ਖੇਤਰਾਂ ਨੂੰ ਲਗਾਤਾਰ ਵਿਸਾਰ ਰਹੀਆਂ ਹਨ। ਸਿਹਤ ਅਤੇ ਸਿੱਖਿਆ 'ਤੇ 2013 ਵਿੱਚ ਕੁੱਲ ਘਰੇਲੂ ਪੈਦਾਵਾਰ ਦਾ 1.2 ਫ਼ੀਸਦੀ ਸੀ, ਜੋ ਹੁਣ ਅਰੁਣ ਜੇਤਲੀ ਦੇ ਬਜਟ ਵਿੱਚ ਇਸ ਨੂੰ ਘਟਾ ਕੇ 0.6 ਫ਼ੀਸਦੀ ਕਰ ਦਿੱਤਾ ਗਿਆ ਹੈ। ਮੋਦੀ ਸਰਕਾਰ ਲੋਕਾਂ ਦੇ ਹੁਨਰ ਵਿਕਾਸ 'ਤੇ ਜ਼ੋਰ ਦਿੰਦੀ ਨਹੀਂ ਥਕਦੀ ਸੀ ਪਰ ਜਿੱਥੇ 2013-14 ਦੇ ਬਜਟ 'ਚ ਇਸ ਵਾਸਤੇ 0.6 ਫ਼ੀਸਦੀ ਰੱਖਿਆ ਗਿਆ ਸੀ, ਉਥੇ ਹੁਣ 2016-17 ਵਿੱਚ ਘਟਾ ਕੇ ਇਸ ਨੂੰ 0.5 ਫ਼ੀਸਦੀ ਕਰ ਦਿੱਤਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ-4 ਅਨੁਸਾਰ 15 ਰਾਜਾਂ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਿਹਤ ਚੰਗੀ ਨਹੀਂ ਹੈ, 22 ਫ਼ੀਸਦੀ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ 24 ਫ਼ੀਸਦੀ ਬੱਚਿਆਂ ਦਾ ਵਜ਼ਨ ਘੱਟ ਹੈ। ਇਸ ਦੇ ਬਾਵਜੂਦ ਵਿੱਤ ਮੰਤਰੀ ਨੇ ਬੱਚਿਆਂ ਦੀ ਸਿਹਤ ਦੀ ਭਲਾਈ ਲਈ ਵੀ ਬਜਟ ਵਿੱਚ ਕਟੌਤੀ ਕਰ ਦਿੱਤੀ ਹੈ ਅਤੇ ਇਹ 15,482 ਕਰੋੜ ਰੁਪਏ ਦੀ ਥਾਂ ਐਤਕੀ ਬਜਟ ਵਿੱਚ ਘਟਾ ਕੇ 14,000 ਕਰੋੜ ਰੁਪਏ ਕਰ ਦਿੱਤੇ ਗਏ ਹਨ। ਇਨਟੇਗਰੇਟਿਡ ਚਾਈਲਡ ਡਿਵੈਲਪਮੈਂਟ ਸਕੀਮ ਵਿੱਚ ਸੱਤ ਫ਼ੀਸਦੀ ਦੀ ਕਟੌਤੀ ਕਰ ਦਿੱਤੀ ਹੈ। ਬੱਚਿਆਂ ਦਾ ਪੋਸ਼ਣ ਸੁਧਾਰਨ ਲਈ ਵੁਮੈਨ ਅਤੇ ਚਾਈਲਡ ਡਿਵੈਲਪਮੈਂਟ ਮੰਤਰਾਲੇ ਦਾ ਦੇਸ਼ ਦਾ ਇੱਕ ਸਿਰਕੱਢ ਪ੍ਰੋਗਰਾਮ ਹੈ। ਇਹ ਪ੍ਰੋਗਰਾਮ ਦੁਨੀਆਂ ਵਿੱਚ ਬੱਚਿਆਂ ਦੀ ਸਿਹਤ ਦੇ ਵਿਕਾਸ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੈ ਪਰ ਇਸ ਪ੍ਰੋਗਰਾਮ ਦੇ ਫੰਡਾਂ ਵਿੱਚ ਵੀ ਕਟੌਤੀ ਕਰ ਦਿੱਤੀ ਹੈ। ਇਥੇ ਹੀ ਬਸ ਨਹੀਂ ਕੇਂਦਰੀ ਬਜਟ 'ਚ ਮਿਡ ਡੇ ਮੀਲ ਪ੍ਰੋਗਰਾਮ ਦੇ ਫੰਡ 2014-15 ਦੇ 0.74 ਫ਼ੀਸਦੀ ਨਾਲੋਂ 2016-17 ਵਿੱਚ 0.49 ਫ਼ੀਸਦੀ ਘਟਾਏ ਗਏ ਹਨ। ਪਿਛਲੇ ਦੋ ਸਾਲਾਂ ਵਿੱਚ ਇਨਟੇਗਰੇਟਿਡ ਚਾਈਲਡ ਡਿਵੈਲਪਮੈਂਟ ਦੀਆਂ ਸਕੀਮਾਂ ਵਿੱਚ ਫੰਡ ਘਟਾ ਦਿੱਤੇ ਗਏ ਹਨ ਅਤੇ ਵੁਮੈਨ ਅਤੇ ਚਾਈਲਡ ਡਿਵੈਲਪਮੈਂਟ ਸਕੀਮ ਦੇ ਫੰਡਾਂ 'ਚ ਪਿਛਲੇ ਸਾਲਾਂ ਨਾਲੋਂ 50 ਫ਼ੀਸਦੀ ਕਟੌਤੀ ਕਰਕੇ ਇਹ 21,193 ਕਰੋੜ ਰੁਪਏ ਤੋਂ ਘਟਾ ਕੇ 10,382 ਕਰੋੜ ਰੁਪਏ ਕਰ ਦਿੱਤੇ ਹਨ। ਭਾਰਤ ਵਿੱਚ ਪਬਲਿਕ ਸਿਹਤ 'ਤੇ 1.3 ਫ਼ੀਸਦੀ ਖ਼ਰਚ ਕੀਤਾ ਜਾਂਦਾ ਹੈ, ਜੋ ਅਮੀਰ ਦੇਸ਼ਾਂ ਨਾਲੋਂ ਕਿਤੇ ਘੱਟ ਹੈ। ਬਰਤਾਨੀਆਂ 'ਚ ਇਹ 7.6 ਫ਼ੀਸਦੀ ਅਤੇ ਅਮਰੀਕਾ 'ਚ ਇਹ 8.1 ਫ਼ੀਸਦੀ ਹੈ। ਬਜਟ ਵਿੱਚ ਮੱਧ ਵਰਗ 'ਤੇ ਵੱਡਾ ਹਮਲਾ ਬੋਲਿਆ ਗਿਆ ਹੈ। ਟੈਲੀਫੋਨ ਬਿਲ, ਹਵਾਈ ਟਿਕਟ, ਬੀਮਾ ਪ੍ਰੀਮੀਅਮ ਅਤੇ ਜਾਇਦਾਦ ਖ਼ਰੀਦਣਾ ਮਹਿੰਗਾ ਕਰ ਦਿੱਤਾ ਗਿਆ ਹੈ। ਅਸਿੱਧੇ ਟੈਕਸ ਜੋ ਮੱਧ ਵਰਗ ਅਤੇ ਆਮ ਲੋਕਾਂ 'ਤੇ ਜ਼ਿਆਦਾ ਪੈਂਦੇ ਹਨ, ਵਧਾ ਦਿੱਤੇ ਗਏ ਹਨ। ਇੱਕ ਅਨੁਮਾਨ ਅਨੁਸਾਰ ਅਸਿੱਧੇ ਟੈਕਸਾਂ ਦਾ ਵਾਧੂ ਭਾਰ 20,600 ਕਰੋੜ ਰੁਪਏ ਪਵੇਗਾ। ਜਿੰਨਾ ਕੋਈ ਵੱਧ ਖ਼ਰੀਦੇਗਾ, ਉਨ੍ਹਾਂ ਹੀ ਉਸ 'ਤੇ ਵਾਧੂ ਟੈਕਸ ਪਵੇਗਾ। ਮੱਧ ਵਰਗ ਨੂੰ ਆਮਦਨ ਟੈਕਸ ਵਿੱਚ ਮਾਮੂਲੀ ਛੋਟ ਦਿੱਤੀ ਗਈ ਹੈ ਪਰ ਉਨ੍ਹਾਂ ਦੀ ਆਮਦਨ ਟੈਕਸ ਘਟਾਉਣ ਲਈ ਸਲੈਬ ਤਬਦੀਲ ਕਰਨ ਮੰਗ ਮੰਨਣ ਦੀ ਬਜਾਏ, ਉਨ੍ਹਾਂ ਦੇ 40 ਫ਼ੀਸਦੀ ਈ.ਪੀ.ਐਫ. ਕਢਾਉਣ ਲਈ ਟੈਕਸ ਤੋਂ ਛੋਟ ਦੇ ਕੇ ਬਾਕੀ 60 ਫ਼ੀਸਦੀ 'ਤੇ ਟੈਕਸ ਲੱਗੇਗਾ। ਜੇ ਉਹ ਇਸ ਫੰਡ ਨੂੰ ਪੈਨਸਨ ਸਕੀਮ ਵਿੱਚ ਨਹੀਂ ਲਾਉਂਦੇ ਤਾਂ ਇਸ ਉੱਪਰ ਟੈਕਸ ਲਾ ਦਿੱਤਾ ਗਿਆ ਹੈ। ਇਸ ਟੈਕਸ ਲਾਉਣ ਉੱਪਰ ਮੁਲਾਜ਼ਮ ਵੱਡੀ ਪੱਧਰ 'ਤੇ ਵਿਰੋਧ ਕਰ ਰਹੇ ਹਨ। ਇਸ ਟੈਕਸ ਵਿਰੁੱਧ ਪਟੀਸ਼ਨ ਕਰਨ ਲਈ ਵਿੱਤੀ ਮਾਹਿਰ ਵੈਭਵ ਅਗਰਵਾਲ ਅਤੇ ਗੁੜਗਾਉਂ ਦੇ ਕਲੈਨ ਐਨਾਲੈਟਿਕ ਫਾਈਨੈਂਸ਼ਲ ਨੇ ਮੁਹਿੰਮ ਚਲਾਈ ਹੈ ਜਿਸ 'ਤੇ ਦੋ ਮਾਰਚ ਤਕ 1,40,000 ਮੁਲਾਜ਼ਮ ਦਸਤਖ਼ਤ ਕਰ ਚੁੱਕੇ ਸਨ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਬਜਟ ਵਿੱਚ ਸੇਵਾ ਟੈਕਸ 14.5 ਫ਼ੀਸਦੀ ਤੋਂ ਵਧਾ ਕੇ 15 ਫ਼ੀਸਦੀ ਕਰ ਦਿੱਤਾ ਹੈ ਅਤੇ ਇਸ ਦਾ ਘੇਰਾ ਵਿਸ਼ਾਲ ਕਰਕੇ ਸਾਰੇ ਟੈਕਸਾਂ ਤਕ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਰੋਜ਼ ਵਰਤੋਂ ਵਾਲੀਆਂ ਵਸਤਾਂ 'ਤੇ ਟੈਕਸ ਵਧਾ ਦਿੱਤਾ ਹੈ। ਇਨ੍ਹਾਂ ਕਦਮਾਂ ਨਾਲ ਵਧ ਰਹੀ ਮਹਿੰਗਾਈ ਹੋਰ ਵਧੇਗੀ। ਸਰਕਾਰ ਜਿੱਥੇ ਲੋਕਾਂ ਉੱਪਰ ਟੈਕਸਾਂ ਦਾ ਬੋਝ ਵਧਾ ਰਹੀ ਹੈ, ਉਥੇ ਇਹ ਕਾਰਪੋਰੇਟ ਜਗਤ ਨੂੰ ਖ਼ੂਬ ਗੱਫੇ ਦੇ ਰਹੀ ਹੈ। ਮੋਦੀ ਸਰਕਾਰ ਨੇ ਗੁਜਰਾਤ ਵਿੱਚ ਸਪੈਸ਼ਲ ਆਰਥਿਕ ਜ਼ੋਨ ਬਣਾਉਣ ਲਈ ਘੱਟੋ-ਘੱਟ ਬਦਲਵਾਂ ਟੈਕਸ 18.5 ਫ਼ੀਸਦੀ ਤੋਂ ਘਟਾ ਕੇ ਨੌਂ ਫ਼ੀਸਦੀ ਕਰ ਦਿੱਤਾ ਹੈ ਜਦੋਂਕਿ ਬਾਕੀ ਦੇਸ਼ ਵਿੱਚ ਇਹ ਟੈਕਸ 18.5 ਫ਼ੀਸਦੀ ਰੱਖਿਆ ਗਿਆ ਹੈ। ਇਸ ਤੋਂ ਅੱਗੇ ਮੋਦੀ ਸਰਕਾਰ ਨੇ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਵਧਾਉਣ ਲਈ ਵਿਦੇਸ਼ੀ ਕੰਪਨੀਆਂ ਨੂੰ ਹੋਰ ਖੁੱਲ੍ਹ ਦੇ ਦਿੱਤੀ ਹੈ। ਇਨ੍ਹਾਂ ਵਿੱਚ ਬੀਮਾ, ਪੈਨਸ਼ਨ, ਅਸਾਸਾ ਮੁੜਉਸਾਰੀ ਕੰਪਨੀਆਂ, ਸਟਾਕ ਐਕਸਚੇਂਜ, ਖਾਧ ਉਤਪਾਦਨਾਂ ਦੇ ਮੰਡੀਕਰਨ, ਬੈਂਕਾਂ ਅਤੇ ਉਹ ਖੇਤਰ ਜੋ ਵਿੱਤੀ ਖੇਤਰ ਰਾਹੀਂ ਨਿਯਮਤ ਹਨ, ਨੂੰ ਛੱਡ ਕੇ ਸੂਚੀਗਤ ਕੇਂਦਰੀ ਪਬਲਿਕ ਇੰਟਰਪ੍ਰਾਈਜਜ ਜਿਹੜੇ 18 ਐਨਬੀਐਫਸੀ ਸਰਗਰਮੀਆਂ ਤੋਂ ਬਾਹਰ ਹਨ, ਸ਼ਾਮਿਲ ਹਨ। ਮੋਦੀ ਸਰਕਾਰ ਦਾ ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਸੁਧਾਰਾਂ ਦਾ ਇਹ ਦੂਜਾ ਵੱਡਾ ਯਤਨ ਹੈ। ਪਿਛਲੀ ਨਵੰਬਰ ਵਿੱਚ ਜਦੋਂ ਨਰਿੰਦਰ ਮੋਦੀ ਦੀ ਬਿਹਾਰ ਦੀਆਂ ਚੋਣਾਂ ਵਿੱਚ ਵੱਡੀ ਹਾਰ ਹੋਈ ਸੀ ਤਾਂ ਉਸ ਤੋਂ ਬਾਅਦ ਮੋਦੀ ਸਰਕਾਰ ਨੇ 15 ਖੇਤਰਾਂ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਦਰਵਾਜ਼ੇ ਖੋਲ੍ਹੇ ਸਨ, ਜਿਨ੍ਹਾਂ ਵਿੱਚ ਸੁਰੱਖਿਆ, ਨਿੱਜੀ ਬੈਂਕਾਂ ਦਾ ਖੇਤਰ, ਉਸਾਰੀ ਖੇਤਰ, ਸਿੰਗਲ ਬਰਾਂਡ ਪ੍ਰਚੂਨ ਖੇਤਰ, ਬਰਾਡਕਾਸਟਿੰਗ ਅਤੇ ਸ਼ਹਿਰੀ ਹਵਾਬਾਜ਼ੀ ਖੇਤਰ ਸ਼ਾਮਿਲ ਸਨ। ਭਾਰਤ ਦੇ ਵੱਡੇ ਕਾਰਪੋਰੇਟ ਘਰਾਣੇ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮੰਗ ਇਸ ਕਰਕੇ ਕਰ ਰਹੇ ਹਨ ਕਿ ਉਨ੍ਹਾਂ ਨੇ ਵੀ ਵਿਦੇਸ਼ੀ ਕੰਪਨੀਆਂ ਨਾਲ ਸਾਂਝ-ਭਿਆਲੀਆਂ ਅਤੇ ਠੇਕੇ ਲੈ ਕੇ ਹੱਥ ਰੰਗਣੇ ਹਨ। ਇਥੇ ਹੀ ਬਸ ਨਹੀਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਆਮਦਨ ਟੈਕਸ ਵਿੱਚੋਂ ਛੋਟ ਦਿੱਤੀ ਗਈ ਹੈ। ਐਨ.ਡੀ.ਏ. ਸਰਕਾਰ ਨੇ ਉਨ੍ਹਾਂ ਦੇ ਵੱਟੇ ਖਾਤੇ ਵਾਲੇ 1.14 ਲੱਖ ਕਰੋੜ ਰੁਪਏ ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਬੈਂਕਾਂ ਤੋਂ ਮੁਆਫ਼ ਕਰਾ ਦਿੱਤੇ ਸਨ ਅਤੇ ਹੁਣ ਵੱਟੇ ਖਾਤੇ ਕਾਰਨ ਘਾਟੇ ਵਿੱਚ ਜਾ ਰਹੀਆਂ ਸਰਕਾਰੀ ਬੈਂਕਾਂ ਨੂੰ 25,000 ਕਰੋੜ ਰੁਪਏ ਦੇਣ ਲਈ ਬਜਟ 'ਚ ਰੱਖੇ ਗਏ ਹਨ। ਬੈਂਕਾਂ ਦੇ ਵੱਟੇ ਖਾਤੇ ਬਹੁਤ ਜ਼ਿਆਦਾ ਹਨ, ਇਸ ਕਰਕੇ ਸਰਕਾਰੀ ਬੈਂਕਾਂ ਸਰਕਾਰ ਤੋਂ ਬੈਂਕਾਂ ਵਿੱਚ ਹੋਰ ਪੂੰਜੀ ਭਰਨ ਦੀ ਮੰਗ ਕਰ ਰਹੀਆਂ ਹਨ। ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਟੈਕਸਾਂ ਰਾਹੀਂ ਇਕੱਠਾ ਕਰਕੇ ਬੈਂਕਾਂ ਵਿੱਚ ਪੈਸੇ ਭਰਨਾ ਅਸਲ 'ਚ ਵੱਡੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨਾ ਹੈ ਕਿਉਂਕਿ ਬੈਂਕਾਂ ਨੂੰ ਘਾਟਾ ਕਾਰਪੋਰੇਟ ਘਰਾਣਿਆਂ ਨੇ ਬੈਂਕਾਂ ਦੇ ਪੈਸੇ ਨਾ ਮੋੜ ਕੇ ਪਾਇਆ ਹੈ। ਐਨਡੀਏ ਸਰਕਾਰ ਬਜਟ ਰਾਹੀਂ ਇੱਕ ਪਾਸੇ ਆਮ ਲੋਕਾਂ ਉੱਪਰ ਭਾਰ ਪਾ ਰਹੀ, ਉਥੇ ਦੂਜੇ ਪਾਸੇ ਇਹ ਕਾਰਪੋਰੇਟ ਘਰਾਣਿਆਂ 'ਤੇ ਖ਼ੂਬ ਮਿਹਰਬਾਨ ਹੈ।

ਸੰਪਰਕ 94176-94562

## ਦੇਸ਼-ਭਗਤੀ ਅਤੇ ਦੇਸ਼-ਧ੍ਰੋਹ ਦੀ ਫਿਰਕੂ ਪਰਿਭਾਸ਼ਾ

(ਸਫ਼ਾ 6 ਦੀ ਬਾਕੀ)

ਪੜਤਾਲ ਕੀਤੇ ਜਿੰਨੀ ਤੇਜ਼ੀ ਨਾਲ ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ 'ਤੇ ਦੇਸ਼-ਧਰੋਹ ਦਾ ਪਰਚਾ ਦਰਜ ਕੀਤਾ ਗਿਆ। ਉਸ ਦੇ ਘਰ 'ਚ ਪੈਂਦੇ ਪੁਲਿਸ ਥਾਣੇ 'ਚ ਐਫ.ਆਈ. ਆਰ. ਦਰਜ ਕੀਤੀ ਗਈ। ਰਾਜਨਾਥ ਸਿੰਘ ਨਾਂ ਦੀ ਫਿਰਕੂ ਕਠਪੁਤਲੀ ਨੇ ਜਿਸ ਤੇਜੀ ਨਾਲ ਜਵਾਹਰ ਲਾਲ ਨਹਿਰੂ ਵਰਸਿਟੀ 'ਚ ਅਫਜਲ ਗੁਰੂ ਦੇ ਹੱਕ 'ਚ ਲੱਗੇ ਨਾਅਰਿਆਂ ਨੂੰ ਪਾਕਿਸਤਾਨ ਬੈਠੇ ਮੂਲਵਾਦੀ ਸਰਗਨੇ ਹਾਫਿਜ ਸਈਆਦ ਦੀ ਹਿਮਾਇਤ ਕਰਾਰ ਦਿੱਤਾ। ਹਾਲਾਂ ਕਿ ਪੁਲਿਸ ਪੜਤਾਲ 'ਚ ਕਨ੍ਹੱਈਆ ਕੁਮਾਰ ਦਾ ਕੋਈ ਦੋਸ਼ ਸਾਬਤ ਨਹੀਂ ਹੋਇਆ। ਪੁਲਿਸ ਮੁਖੀ ਬੱਸੀ ਨੇ ਵੀ ਇਹ ਗੱਲ ਮੰਨੀ - ਪਰ ਮੁੱਖ ਧਾਰਾ ਦੀ ਖੱਬੀ ਪਾਰਟੀ ਨੂੰ ਨਿਸ਼ਾਨਾ ਬਨਾਉਣਾ, ਚੰਡੀਗੜ੍ਹ 'ਚ ਸੀ.ਪੀ.ਐਮ ਦਫਤਰ 'ਤੇ ਫਿਰਕੂ ਗੁੰਡਿਆਂ ਵੱਲੋਂ ਹਮਲਾ ਕਰਨਾ ਦਰਸਾਉਂਦਾ ਹੈ ਕਿ ਰਾਸ਼ਟਰਵਾਦ ਦੇ ਨਾਂ 'ਤੇ ਫਾਸ਼ਿਸਟ ਸੰਘ-ਪਰਿਵਾਰ ਆਪਣਾ ਵਿਸਤਾਰ ਕਰਨ ਨੂੰ ਮੁੱਖ ਏਜੰਡਾ ਬਣਾ ਕੇ ਤੁਰਿਆ ਹੈ। ਸੀ.ਪੀ.ਆਈ. ਨਾਲ ਜੁੜੀ ਵਿਦਿਆਰਥੀ ਜਥੇਬੰਦੀ, ਏ.ਆਈ.ਐਸ.ਐਫ. ਜਿਸ ਨਾਲ ਕਨ੍ਹੱਈਆ ਕੁਮਾਰ ਜੁੜਿਆ ਹੋਇਆ ਹੈ, ਵੱਲੋਂ ਸੰਵਿਧਾਨ 'ਚ ਪੂਰੀ ਆਸਥਾ ਦਾ ਬਿਆਨ ਦੇਣ ਦੇ ਬਾਵਜੂਦ ਰਾਸ਼ਟਰਵਾਦ ਦੇ ਇਸ ਮਾਰਖੰਡੇ ਰਿੱਛ ਦੀ ਭੁੱਖ ਪੂਰੀ ਨਹੀਂ ਹੋਈ। ਹੁਣ ਇਹ ਰਿੱਛ ਉਮਰ ਖਾਲਿਦ ਵਰਗੇ ਜ਼ਹੀਨ ਨੌਜਵਾਨ ਨੂੰ ਆਪਣਾ ਖਾਜ਼ਾ ਬਣਾਉਣ ਦਾ ਭਰਮ ਪਾਲ ਰਿਹਾ ਹੈ। ਰਾਸ਼ਟਰਵਾਦ ਕੁਝ ਸੂਬਿਆਂ ਦੀਆਂ ਆ ਰਹੀਆਂ ਚੋਣਾਂ ਲਈ ਫਿਰਕੂ ਸ਼ਾਵਨਵਾਦ ਦੇ ਚਿਕੜ 'ਚ ਕਮਲ ਦੇ ਖਿੜਨ ਦਾ ਆਧਾਰ ਹੈ। ਰਾਸ਼ਟਰੀਵਾਦੀ ਕੌਣ, ਕੌਣ ਨਹੀਂ, ਇਸ ਗੱਲ ਦਾ ਫੈਸਲਾ ਕਰਨ ਤੁਰੀ ਨੱਥੂ ਰਾਮ ਗੋਡਸੇ ਦੀ ਔਲਾਦ ਨੂੰ ਜੇ.ਐਨ.ਯੂ. 'ਚ ਸਟੂਡੈਂਟਸ ਕੌਂਸਲ 'ਚ ਚੁਣੇ ਈ.ਬੀ.ਵੀ.ਪੀ. ਦੇ ਤਿੰਨ ਅਹੁਦੇਦਾਰ ਵਿਦਿਆਰਥੀਆਂ ਵੱਲੋਂ ਦਿੱਤੇ ਅਸਤੀਫੇ ਜਿਸ 'ਚ ਉਨ੍ਹਾਂ ਜੇ. ਐਨ. ਯੂ. ਨੂੰ ਇੱਕ ਖਾਸ ਸੋਚ ਦਾ ਅੱਡਾ ਬਨਾਉਣ ਦਾ ਵਿਰੋਧ ਕੀਤਾ ਹੈ, ਨੂੰ ਪੜ੍ਹ ਲੈਣਾ ਚਾਹੀਦਾ ਹੈ। ਚੰਗੀ ਗੱਲ ਇਹ ਹੋਈ ਕਿ ਹੈਦਰਾਬਾਦ ਯੂਨੀਵਰਸਿਟੀ 'ਚ ਰੋਹਿਤ ਵੈਮੂਲਾ ਦੀ ਖੁਦਕੁਸ਼ੀ ਉਪਰੰਤ ਪੂਰੇ ਦੇਸ਼ ਨੇ ਸੋਗ ਤਾਂ ਮਨਾਇਆ ਹੀ, ਰੋਹ ਵੀ ਦਿਖਾਇਆ। ਰੋਹਿਤ ਦੀ ਫਾਂਸੀ ਲੈਣ ਉਪਰੰਤ ਉਠੇ ਅਨੇਕਾਂ ਸਵਾਲਾਂ ਨੇ, ਜਿਹੜੇ ਸਵਾਲ ਇਸ ਦੁਨੀਆਂ ਤੋਂ ਜਾਂਦੇ ਜਾਂਦੇ ਆਪਣੀ ਚਿੱਠੀ ਰਾਹੀਂ ਲੋਕਾਂ ਸਾਹਮਣੇ ਉਸ ਨੇ ਰੱਖੇ, ਉਨ੍ਹਾਂ ਸਵਾਲਾਂ 'ਤੇ ਇਸ ਦੇਸ਼ ਅਤੇ ਸੰਸਾਰ ਵਿੱਚ ਕਾਫੀ ਸਿਹਤਮੰਦ ਬਹਿਸ ਚੱਲੀ ਹੈ, ਜਿਸ ਨੂੰ ਚੇਤੰਨ ਤੌਰ 'ਤੇ ਸਾਰਥਿਕ ਸਿੱਟੇ ਕੱਢਣ ਦੇ ਮਕਸਦ ਨਾਲ ਸਮੂਹ ਜਮਹੂਰੀ ਤਾਕਤਾਂ ਨੂੰ ਜਾਰੀ ਰੱਖਣ ਦੀ ਲੋੜ ਹੈ - ਇਹ ਮਿੱਥਦਿਆਂ ਹੋਇਆ ਕਿ ਕੋਈ ਹੋਰ ਰੋਹਿਤ ਇਸ ਰਾਹ ਨਾ ਤੁਰੇ। ਚੰਗੀ ਗੱਲ ਇਹ ਵੀ ਹੋਈ ਹੈ ਕਿ ਜੇ.ਐਨ.ਯੂ. ਸੰਸਥਾ ਨੂੰ ਫਿਰਕੂ ਜ਼ਹਿਰ ਦਾ ਨਿਸ਼ਾਨਾ ਬਣਾਉਣ, ਜੇ.ਐਨ.ਯੂ ਤੋਂ ਉਸ ਦੀ ਗਿਰੀ ਖੋਹਣ ਦੇ ਸ਼ਰਮਨਾਕ ਯਤਨਾਂ ਖਿਲਾਫ ਪੂਰੇ ਦੇਸ਼ ਅੰਦਰ ਰੋਹ ਦੇ ਫੁਟਾਰੇ ਫੁੱਟੇ ਹਨ। ਇਸ ਰੋਹ ਨੂੰ ਜਥੇਬੰਦ ਰੂਪ ਦੇਣ ਲਈ ਪੂਰੇ ਦੇਸ਼ 'ਚ ਯਤਨ ਸ਼ੁਰੂ ਹੋ ਚੁੱਕੇ ਹਨ। ਸਹਿਣਸ਼ੀਲਤਾ ਦੇ ਮੁੱਦੇ 'ਤੇ ਖਾਸਕਰ ਕਾ: ਪਨਸਾਰੇ, ਨਰਿੰਦਰ ਦਭੋਲਕਰ ਤੇ ਫਿਰ ਤਰਕਸ਼ੀਲ ਚਿੰਤਕ ਕੁਲਬਰਗੀ ਦੇ ਕਤਲ ਤੋਂ ਬਾਅਦ ਲੋਕਪੱਖੀ ਬੁੱਧੀਜੀਵੀਆਂ ਨੇ ਜਿਵੇਂ ਸਨਮਾਨ ਵਾਪਸੀ ਦੀ ਜ਼ੋਰਦਾਰ ਮੁਹਿੰਮ ਚਲਾ ਕੇ ਆਰ.ਐਸ.ਐਸ ਦੀ ਗੁੰਡਾਗਰਦੀ ਦਾ ਮੂੰਹ ਭੰਨਿਆ ਹੈ। ਖੱਬੀਆਂ ਤੇ ਇਨਕਲਾਬੀ ਧਿਰਾਂ ਦੀ ਸਾਂਝੀ ਮੀਟਿੰਗ 'ਚ 23 ਫਰਵਰੀ ਦੀ ਕਨਵੈਨਸ਼ਨ ਉਪਰੰਤ ਇੱਕ ਸਾਂਝਾ ਫਿਰਕੂ ਫਾਸ਼ੀਵਾਦ ਵਿਰੋਧੀ ਮੰਚ ਬਨਣ ਜਾ ਰਿਹਾ ਹੈ। ਜੋ ਕਿ ਸੂਬੇ 'ਚ ਵਿੱਚ ਫਿਰਕਾਪ੍ਰਸਤੀ ਖ਼ਿਲਾਫ ਇੱਕ ਇਤਿਹਾਸਕ ਕਦਮ ਹੋਵੇਗਾ। ਆਉ ਇਸ ਸਾਂਝੇ ਕਦਮ ਦੀ ਮਜ਼ਬੂਤੀ ਲਈ ਜੁਟ ਜਾਈਏ।

94170-67344

## ਫ਼ਿਰਕੂ ਦਹਿਸ਼ਤਗਰਦੀ ਖਿਲਾਫ਼ ਸੈਮੀਨਾਰ

# ਅੰਨ੍ਹੇ ਕੌਮਵਾਦ ਖਿਲਾਫ਼ ਕੌਮੀ-ਜਮਹੂਰੀ ਤਾਕਤਾਂ ਮੈਦਾਨ 'ਚ ਆਉਣ: ਡਾ. ਅਪੂਰਵਾਨੰਦ





ਮੁਲਕ ਦੇ ਲੋਕਾਂ ਦੇ ਜਮਹੂਰੀ ਹੱਕਾਂ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਬੋਲੇ ਜਾ ਰਹੇ ਧਾਵੇ ਦੀਆਂ ਚੁਣੌਤੀਆਂ ਖਿਲਾਫ਼ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਜਮਹੂਰੀਅਤ ਅਤੇ ਇਨਸਾਫ਼-ਪਸੰਦ ਲੋਕਾਂ ਦੀ ਜਨਤਕ ਆਧਾਰ ਵਾਲੀ ਜਾਗਰੂਕ ਲੋਕ ਲਹਿਰ ਸਮੇਂ ਦੀ ਲੋੜ ਹੈ, ਇਹ ਸੁਨੇਹਾ ਦਿੱਤਾ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਯੋਜਿਤ ਸੈਮੀਨਾਰ ਨੇ।

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਕਮੇਟੀ ਮੈਂਬਰ ਡਾ. ਪਰਮਿੰਦਰ, ਪ੍ਰੋ. ਵਰਿਆਮ ਸਿੰਘ ਸੰਧੂ, ਕੁਲਬੀਰ ਸਿੰਘ ਸੰਘੇੜਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਇਸ ਮੌਕੇ ਸੈਮੀਨਾਰ ਦੇ ਮੁੱਖ ਵਕਤਾ ਦਿਲੀ ਯੂਨੀਵਰਸਿਟੀ, ਦਿੱਲੀ ਦੇ ਹਿੰਦੀ ਵਿਭਾਗ ਦੇ ਮੁਖੀ ਡਾ. ਅਪੂਰਵਾਨੰਦ ਹੋਰਾਂ ਨਾਲ ਮੰਚ 'ਤੇ ਸਸ਼ੋਭਤ ਸਨ।

ਡਾ. ਪਰਮਿੰਦਰ ਨੇ ਡਾ. ਅਪੂਰਵਾਨੰਦ ਦੀ ਜਾਣ ਪਹਿਚਾਣ ਅਤੇ ਅੱਜ ਦੀ ਵਿਚਾਰ ਚਰਚਾ ਸਬੰਧੀ ਗੱਲ ਕਰਦਿਆਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਹੈਦਰਾਬਾਦ ਯੂਨੀਵਰਸਿਟੀ ਸਮੇਤ ਮੁਲਕ ਦੀਆਂ ਅਨੇਕਾਂ ਥਾਵਾਂ 'ਤੇ ਫ਼ਿਰਕੂ ਦਹਿਸ਼ਤਗਰਦੀ ਦੀਆਂ ਪੰਜਾਬ ਦੀਆਂ ਹਾਲਤਾਂ ਨਾਲ ਜੁੜੀਆਂ ਤੰਦਾਂ ਅਤੇ ਕੌਮੀ ਪੱਧਰ 'ਤੇ ਸਾਂਝੀ ਆਵਾਜ਼ ਲਾਮਬੰਦ ਕਰਨ ਦੀਆਂ ਲੋੜਾਂ ਉਪਰ ਧਿਆਨ ਖਿੱਚਿਆ।

ਡਾ. ਅਪੂਰਵਾਨੰਦ ਨੇ ਠੋਸ ਤੱਥਾਂ ਦੀ ਰੌਸ਼ਨੀ 'ਚ ਦਰਸਾਇਆ ਕਿ ਅੰਨ੍ਹੀ ਕੌਮਪ੍ਰਸਤੀ ਦੇ ਲਿਬਾਸ ਓਹਲੇ ਲੋਕਾਂ ਦੀਆਂ ਧਾਰਮਿਕ ਆਜ਼ਾਦੀਆਂ, ਜਮਹੂਰੀ ਕਦਰਾਂ ਕੀਮਤਾਂ, ਲਿਖਣ, ਬੋਲਣ, ਵਿਚਾਰਾਂ ਦੇ ਪ੍ਰਗਟਾਵੇ ਉਪਰ ਸ਼ਾਤਰਾਨਾ ਹੱਲੇ ਵਿੱਢਣ ਦੀਆਂ ਹੋਰ ਵੀ ਵਿਆਪਕ, ਤਿੱਖੀਆਂ ਅਤੇ ਖ਼ਤਰਨਾਕ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ।

ਉਹਨਾ ਕਿਹਾ ਕਿ ਸੰਵਿਧਾਨ, ਕਾਇਦੇ ਕਾਨੂੰਨ, ਮੌਲਿਕ ਮਾਨਵੀ ਆਜ਼ਾਦੀ ਨੂੰ ਪੈਰਾਂ ਹੇਠਾਂ ਦਰੜਕੇ ਸਤਾਵਾਨ ਸ਼ਕਤੀ, ਅਸਲ 'ਚ ਦੇਸ਼ ਭਗਤ, ਜਮਹੂਰੀ ਸ਼ਕਤੀਆਂ, ਬੁੱਧੀਜੀਵੀਆਂ, ਜ਼ਹੀਨ ਵਿਦਿਆਰਥੀਆਂ ਨੂੰ ਦੇਸ਼ ਧਰੋਹੀ ਆਖਕੇ ਆਪਣੇ ਫ਼ਿਰਕੂ-ਫਾਸ਼ੀ ਏਜੰਡੇ ਦੀ ਮਾਰ ਹੇਠ ਲਿਆਉਣ ਲਈ ਰੱਸੇ ਪੈੜੇ ਵੱਟ ਰਹੀ ਹੈ।

ਡਾ. ਅਪੂਰਵਾਨੰਦ ਨੇ ਹੈਦਰਾਬਾਦ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਮੁਲਕ ਅੰਦਰ ਉਪਰੋਥਲੀ ਵਾਪਰ ਰਹੀਆਂ ਘਟਨਾਵਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ 'ਗਊ ਮਾਤਾ', 'ਭਾਰਤ ਮਾਤਾ', 'ਸਰਵ ਉਚਤਮ ਮਾਤਾ' ਦੇ ਬਿੰਬ ਉਸਾਰਕੇ ਮੋਦੀ ਸਰਕਾਰ, ਜਮਹੂਰੀ ਆਵਾਜ਼ ਦਾ ਗਲਾ ਘੁੱਟ ਰਹੀ ਹੈ।

ਡਾ. ਅਪੂਰਵਾਨੰਦ ਨੇ ਕਿਹਾ ਕਿ ਜਦੋਂ ਕਸ਼ਮੀਰ ਦੇ ਹਰ ਘਰ ਅੰਦਰ ਦੁੱਖ, ਪੀੜ ਹੈ। ਚੱਪੇ ਚੱਪੇ 'ਤੇ ਫੌਜੀ ਅਤੇ ਅਰਧ ਫੌਜੀ ਦਲ ਤਾਇਨਾਤ ਹਨ। ਕਸ਼ਮੀਰੀ ਲੋਕਾਂ ਨੂੰ ਜਮਹੂਰੀ ਤਰੀਕੇ ਨਾਲ ਵੀ ਆਪਣੀ ਰਾਏ, ਆਪਣਾ ਦੁੱਖ-ਦਰਦ, ਆਪਣਾ ਮਸਲਾ ਰੱਖਣ ਦਾ ਅਧਿਕਾਰ ਨਹੀਂ। ਅਜੇਹੀ ਹਾਲਤ ਪੂਰੇ ਆਦਿਵਾਸੀ ਖੇਤਰ ਅੰਦਰ ਵੀ ਹੈ। ਕਸ਼ਮੀਰੀ ਅਤੇ ਆਦਿਵਾਸੀ ਲੋਕਾਂ ਦੇ ਧੁਰ ਅੰਦਰ ਇਹ ਤੜਫ਼ ਹੈ ਕਿ ਸਾਡੇ ਨਾਲ ਦੇਸ਼ ਵਾਸੀਆਂ ਵਾਲਾ ਵਰਤਾਅ ਹੀ ਨਹੀਂ ਕੀਤਾ ਜਾ ਰਿਹਾ। ਅਜੇਹੀ ਹਾਲਤ ਵਿੱਚ ਉਹ ਸੰਗਰਾਮ ਨਹੀਂ ਕਰਨਗੇ, ਪ੍ਰਤੀਰੋਧ ਨਹੀਂ ਕਰਨਗੇ ਤਾਂ ਹੋਰ ਕੀ ਕਰਨਗੇ?

ਉਹਨਾਂ ਕਿਹਾ ਕਿ ਸਮਾਂ ਸਾਥੋਂ ਕੁੱਝ ਮੰਗ ਕਰਦਾ ਹੈ। ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਜੇ ਖਾਮੋਸ਼ ਰਹੇ। ਜੇ ਇਕੱਲੇ ਇਕੱਲੇ ਰਹੇ ਤਾਂ ਵੱਡੀ ਕੀਮਤ ਅਦਾ ਕਰਨੀ ਪਏਗੀ। ਇਸ ਲਈ ਲੋੜ ਹੈ ਕਿ ਫ਼ਿਰਕੂ ਫਾਸ਼ੀ ਤਾਕਤਾਂ ਦੇ ਅੰਨ੍ਹੇ ਕੌਮੀ ਜਾਨੂੰਨ ਭਰੇ ਚੰਦਰੇ ਮਨਸੂਬੇ ਮਿੱਟੀ 'ਚ ਮਿਲਾਉਣ ਲਈ ਜੋਟੀਆਂ ਪਾਕੇ ਖੜ੍ਹੇ ਹੋ ਜਾਈਏ।

ਬੁੱਧੀਜੀਵੀਆਂ ਉਪਰ ਮੰਡਲਾ ਰਹੇ ਖ਼ਤਰੇ, ਮੀਡੀਆ ਦੀ ਭੂਮਿਕਾ, ਜਾਤ ਅਤੇ ਜਮਾਤ ਦੇ ਸੰਕਲਪ ਆਦਿ ਬਾਰੇ ਆਏ ਸੁਆਲਾਂ ਦੇ ਡਾ. ਅਪੂਰਵਾਨੰਦ ਨੇ ਸਾਰਥਕ ਜਵਾਬ ਦਿੱਤੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ ਵੱਲੋਂ ਤਿੰਨ ਮਤੇ ਰੱਖੇ ਗਏ, ਜਿਨ੍ਹਾਂ ਨੂੰ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ।

**ਮਤਿਆਂ 'ਚ ਮੰਗ ਕੀਤੀ ਗਈ ਕਿ:**

1. ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਫ਼ਿਰੋਜ਼ਪੁਰ ਸ਼ਹਿਰ ਅੰਦਰ ਜਿਸ ਇਮਾਰਤ ਵਿੱਚ ਮੀਟਿੰਗਾਂ, ਵਿਚਾਰਾਂ ਅਤੇ ਪ੍ਰਕਾਸ਼ਨਾਵਾਂ ਕੀਤੀਆਂ, ਉਸ ਇਮਾਰਤ ਨੂੰ ਇਤਿਹਾਸਕ ਯਾਦਗਾਰ ਵਜੋਂ ਜਨਤਕ ਕੀਤਾ ਜਾਏ। ਹੁਣ ਜਦੋਂ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਇਤਿਹਾਸਕ ਯਾਦਗਾਰ ਦੀ ਪ੍ਰਮਾਣਿਕਤਾ ਦੇ ਚੁੱਕੀ ਹੈ ਫੇਰ ਵੀ ਉਸਦਾ ਯਾਦਗਾਰੀ ਸਰੂਪ ਦੇਣ 'ਚ ਢਿੱਲ ਮੱਠ ਕਰਨਾ ਅਫ਼ਸੋਸਨਾਕ ਹੈ। ਅੱਜ ਦਾ ਇਕੱਠ ਯਾਦਗਾਰ ਨੂੰ ਜਨਤਕ ਕਰਨ ਸਬੰਧੀ ਠੋਸ ਕਦਮ ਚੁੱਕਣ ਦੀ ਮੰਗ ਕਰਦਾ ਹੈ।

2. ਮੋਹਾਲੀ ਤੋਂ ਛਪਦੀ ਪੰਜਾਬੀ ਦੀ ਇੱਕ ਅਖ਼ਬਾਰ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਉਪਰ ਨਿਰਆਧਾਰ ਦੂਸ਼ਣਬਾਜ਼ੀ ਕਰਨ ਦਾ ਇਕੱਠ ਨੇ ਗੰਭੀਰ ਨੋਟਿਸ ਲਿਆ। ਅਖ਼ਬਾਰ ਦੀ ਸੰਪਾਦਕੀ 'ਚ ਬੇ-ਬੁਨਿਆਦ ਦੂਸ਼ਣ ਲਗਾਇਆ ਗਿਆ ਹੈ ਕਿ ਦੇਸ਼ ਭਗਤ ਕਮੇਟੀ ਆਜ਼ਾਦੀ ਸੰਗਰਾਮ ਦੇ ਕਿਸੇ ਸਿੱਖ ਸ਼ਹੀਦ ਦਾ ਨਾਮ ਤੱਕ ਨਹੀਂ ਲੈਂਦੀ। ਦੇਸ਼ ਭਗਤ ਯਾਦਗਾਰ ਹਾਲ ਦਾ ਮਿਊਜ਼ੀਅਮ, ਲਾਇਬਰੇਰੀ 'ਚ ਪੁਸਤਕ ਭੰਡਾਰ, ਸਾਡਾ ਵਿਰਸਾ ਮੈਗਜ਼ੀਨ, ਗ਼ਦਰੀ ਬਾਬਿਆਂ ਦਾ ਮੇਲਾ, ਸੋਵੀਨਰ, ਨਿਰੰਤਰ ਸਰਗਰਮੀਆਂ ਅਤੇ ਪ੍ਰਕਾਸ਼ਨਾਵਾਂ ਇਸਦਾ ਮੂੰਹ ਬੋਲਦਾ ਸਬੂਤ ਹਨ ਕਿ ਦੇਸ਼ ਭਗਤ ਕਮੇਟੀ, ਗ਼ਦਰ ਪਾਰਟੀ ਦੇ ਮੂਲ ਪ੍ਰੋਗਰਾਮ ਦੀ ਰੌਸ਼ਨੀ 'ਚ ਧਰਮ, ਫ਼ਿਰਕੇ, ਬੋਲੀ, ਇਲਾਕੇ ਆਦਿ ਦੇ ਭਿੰਨ ਭੇਦ ਤੋਂ ਉਪਰ ਉਠਕੇ ਆਪਣੇ ਆਜ਼ਾਦੀ ਸੰਗਰਾਮੀਆਂ ਨੂੰ ਸਤਿਕਾਰਦੀ ਆ ਰਹੀ ਹੈ ਅਤੇ ਸਦਾ ਰਹੇਗੀ।

3. ਅੱਜ ਦਾ ਇਕੱਠ ਸਮਝਦਾ ਹੈ ਕਿ ਭਗਤ ਸਿੰਘ, ਪਹਿਰਾਵੇ ਤੋਂ ਉਪਰ ਉਠਕੇ ਇਕ ਸੋਚ ਦਾ ਨਾਂਅ ਹੈ। ਭਗਤ ਸਿੰਘ ਨੇ ਆਪਣੇ ਜੀਵਨ ਸੰਗਰਾਮ ਦੀਆਂ ਲੋੜਾਂ ਮੁਤਾਬਕ ਪਹਿਰਾਵਾ ਅਤੇ ਭੇਸ ਧਾਰਨ ਕੀਤਾ ਹੈ। ਅੱਜ ਉਸਨੂੰ ਪੱਗ ਜਾਂ ਟੋਪੀ ਦੇ ਲਿਬਾਸ 'ਚ ਵੰਡਣਾ ਉਸਦੀ ਸੋਚ, ਆਦਰਸ਼ਾਂ, ਅਮਲ ਅਤੇ ਕੁਰਬਾਨੀ ਨਾਲ ਇਨਸਾਫ਼ ਨਹੀਂ। ਸੋ ਕਮੇਟੀ ਆਪਣੇ ਲੋਕਾਂ ਨੂੰ ਅਜੇਹੇ ਕੋਝੇ ਯਤਨਾਂ ਤੋਂ ਚੌਕੰਨੇ ਰਹਿਣ ਦਾ ਸੱਦਾ ਦਿੰਦੀ ਹੈ।


ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡਾ. ਅਪੂਰਵਾਨੰਦ ਨੂੰ ਗ਼ਦਰ ਲਹਿਰ ਨਾਲ ਸਬੰਧਿਤ ਪੁਸਤਕਾਂ ਦੇ ਸੈੱਟ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਗੁਰਮੀਤ, ਗੁਰਮੀਤ ਸਿੰਘ ਢੱਡਾ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਵਰਾਜ ਨਈਅਰ, ਚਰੰਜੀ ਲਾਲ ਕੰਗਣੀਵਾਲ, ਮਨਜੀਤ ਸਿੰਘ ਵੀ ਹਾਜ਼ਰ ਸਨ।

ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਡਾ. ਅਪੂਰਵਾਨੰਦ ਦੇ ਕੁੰਜ਼ੀਵਤ ਭਾਸ਼ਨ ਨੂੰ ਮੁੱਲਵਾਨ ਅਤੇ ਇਤਿਹਾਸਕ ਕਰਾਰ ਦਿੰਦਿਆਂ ਅਜੇਹੇ ਯਤਨ ਪੰਜਾਬ ਦੀਆਂ ਹੋਰਨਾਂ ਥਾਵਾਂ 'ਤੇ ਵੀ ਜਾਰੀ ਰੱਖਣ ਦੀ ਅਪੀਲ ਕੀਤੀ।

ਸੈਮੀਨਾਰ ਵਿੱਚ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

## ਹਰਜੀਤ ਬੇਦੀ ਦੀ ਪੁਸਤਕ 'ਹਕੀਕਤ'






ਸਾਇੰਸ ਤੇ ਹਿਸਾਬ ਦੀਆਂ ਸੂਖਮ, ਬਿਖਮ ਤੇ ਔਖੀਆਂ ਤੰਦਾਂ ਫੜਨ ਦੇ ਮਾਹਿਰ ਅਧਿਆਪਕ ਹਰਜੀਤ ਬੇਦੀ ਨੇ ਵਾਰਤਕ, ਨਾਟਕ ਤੇ ਕਵਿਤਾ ਵਿਚ ਵੀ ਜ਼ਿਕਰਯੋਗ ਹਿਸਾ ਪਾਇਆ ਹੈ। ਕਵਿਤਾ ਦੀ ਚੇਟਕ ਉਸ ਨੂੰ ਨੌਵੀਂ ਜਮਾਤ ਵਿਚ ਪੜ੍ਹਦਿਆਂ ਕਿਸ਼ੋਰ ਉਮਰ ਵਿਚ ਹੀ ਲੱਗ ਗਈ ਸੀ, ਉਸ ਦੀਆਂ ਕਵਿਤਾਵਾਂ ਸਥਾਨਕ ਰਸਾਲਿਆਂ ਵਿਚ ਛਪਣ ਲੱਗੀਆਂ ਸਨ। ਸਾਇੰਸ ਅਧਿਆਪਕ ਦੀ ਪੋਸਟ 'ਤੇ ਲੱਗਣ ਮਗਰੋਂ ਉਸ ਦਾ ਨਾਟਕ ਕਲਾ ਵੱਲ ਝੁਕਾਅ ਹੋਇਆ ਨਾਟਕਾਂ ਵਿਚ ਉਸ ਦੀ ਪੇਸ਼ਕਾਰੀ ਗੰਭੀਰ ਅਰਥਾਂ ਵਾਲੀ, ਤਿੱਖੇ ਤੇ ਗਹਿਰੇ ਪ੍ਰਭਾਵ ਵਾਲੀ ਸੀ। ਲਗਨ ਮਨੁੱਖ ਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਬੇਦੀ ਕਿਥੇ ਕਿਥੇ ਕੀ ਕੀ ਪਾਪੜ ਵੇਲਦਾ ਰਿਹਾ, ਇਕ ਬੰਦਾ ਕਈ ਕਈ ਬੰਦਿਆਂ ਜਿੰਨਾ ਕੰਮ ਕਿਵੇਂ ਕਰਦਾ ਰਿਹਾ ਹੈ? ਹੈਰਾਨੀ ਹੁੰਦੀ ਹੈ। ਉਸ ਦੇ ਅਹੁਦੇਦਾਰੀਆਂ ਦੀ ਸੂਚੀ ਵਲੋਂ :

ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ 'ਪੰਜਾਬ ਲੋਕ ਸਭਿਆਚਾਰ ਮੰਚ' ਦਾ ਸੂਬਾ ਕਮੇਟੀ ਮੈਂਬਰ, ਸਾਹਿਤਕ ਰਸਾਲੇ 'ਸਰਦਲ' ਦੇ ਸੰਪਾਦਕੀ ਬੋਰਡ ਦਾ ਮੈਂਬਰ, ਸਾਖਰਤਾ ਸੰਮਤੀ ਜ਼ਿਲ੍ਹਾ ਫਰੀਦਕੋਟ ਦਾ ਇੰਚਾਰਜ, ਬੇਰੁਜ਼ਗਾਰ ਯੂਨੀਅਨ ਪੰਜਾਬ ਦਾ ਜਨਰਲ ਸਕੱਤਰ, ਟੀਚਰਜ਼ ਯੂਨੀਅਨ ਪੰਜਾਬ ਦਾ ਸਰਗਰਮ ਵਰਕਰ, ਪਰਮਜੀਤ ਗਿੱਲ ਨਾਲ ਮਿਲ ਕੇ 'ਪੰਜਾਬ ਕਲਾ ਮੰਚ' ਬੁੱਘੀਪੁਰਾ ਮੋਗਾ' ਦੀ ਸਥਾਪਨਾ ਕੀਤੀ। ਇਸ ਮੰਚ ਨੇ ਵੱਖ-ਵੱਖ ਨਾਟਕਾਂ ਦੀ ਥਾਂ ਥਾਂ ਪੇਸ਼ਕਾਰੀ ਕੀਤੀ। ਲੋਕਾਂ ਵਿਚ ਨਵੀਂ ਜਾਗ੍ਰਿਤੀ ਦਾ ਮੁੱਢ ਬੰਨ੍ਹਿਆ। ਇਸ ਦਾ ਨਾਟਕ 'ਹਨੇਰੇ ਤੋਂ ਚਾਨਣ ਤੱਕ' ਪੰਜਾਬ ਭਰ ਵਿਚ ਖੇਡਿਆ ਗਿਆ; ਜੋ ਬੇਹੱਦ ਮਕਬੂਲ ਹੋਇਆ। ਬੇਦੀ ਨੇ ਕੋਈ ਇਕ ਕੰਮ ਕੀਤਾ ਹੈ? ਵੱਡੇ ਅਹੁਦੇ, ਵੱਡੀਆਂ ਜ਼ਿੰਮੇਵਾਰੀਆਂ। ਸੀਨੇ ਦੀ ਚਿਣਗ ਨੇ ਟਿਕ ਕੇ ਬੈਠਣ ਨਹੀਂ ਦਿੱਤਾ। ਹਰਜੀਤ ਬੇਦੀ ਦੀ ਕਿਤਾਬ 'ਹਕੀਕਤ' ਦੀ ਪ੍ਰਕਾਸ਼ਨਾ ਲਹੀ ਮੈਂ ਉਸ ਦੀ ਹਾਰਦਿਕ ਪ੍ਰਸ਼ੰਸਾ ਕਰਦਾ, ਸਨਮਾਨ ਤੇ ਸਵਾਗਤ ਕਰਦਾ ਹਾਂ। ਆਸ ਕਰਦਾ ਹਾਂ ਕਿ ਉਹ ਇਸੇ ਸਿਰੜ, ਸਿਦਕ ਤੇ ਸਾਧਨਾ ਨਾਲ ਤੇ ਇਸੇ ਜੋਸ਼ ਤੇ ਜਜ਼ਬੇ ਨਾਲ ਯਤਨਸ਼ੀਲ ਰਹੇਗਾ।

**- ਪੂਰਨ ਸਿੰਘ ਪਾਂਧੀ**






# ਆਰਜ਼ੀ ਵਿਦੇਸ਼ੀ ਕਾਮਿਆਂ (ਟੈਂਪਰੇਰੀ ਫੌਰੇਨ ਵਰਕਰਜ਼) ਦੀ ਦਰਦ ਕਹਾਣੀ



ਰਿਸ਼ੀ ਨਾਗਰ

ਆਰਜ਼ੀ ਵਿਦੇਸ਼ੀ ਕਾਮਿਆਂ (ਟੈਂਪਰੇਰੀ ਫੌਰੇਨ ਵਰਕਰਜ਼) ਜਾਂ ਟੀ.ਐਫ.ਡਬਲਿਊ. ਦੇ ਕੈਨੇਡਾ ਵਿੱਚ ਆਉਣ ਦਾ ਸਿਲਸਿਲਾ 1973 ਵਿੱਚ ਉਸ ਵੇਲੇ ਦੀ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੀ ਸੋਚ ਦੇ ਨਤੀਜੇ ਵਜੋਂ ਸ਼ੁਰੂ ਹੋਇਆ ਸੀ ਪਰ ਇਹ ਕਾਮੇ ਹਾਈ-ਸਕਿਲਡ ਕੈਟੇਗਰੀ ਲਈ ਹੀ ਨਿਰਧਾਰਤ ਸਨ। ਕਿਸੇ ਖਾਸ ਕੰਮ ਵਿੱਚ ਜਿਹਨਾਂ ਵਿਦੇਸ਼ੀ ਕਾਮਿਆਂ ਕੋਲ ਮੁਹਾਰਤ ਅਤੇ ਉਸੇ ਕੰਮ ਦੀ ਪੜ੍ਹਾਈ-ਲਿਖਾਈ ਵੀ ਸੀ ਅਤੇ ਉਹਨਾਂ ਨੂੰ ਅੰਗਰੇਜ਼ੀ (ਜਾਂ ਫ੍ਰੈਂਚ) ਭਾਸ਼ਾ ਦਾ ਵੀ ਚੰਗਾ ਗਿਆਨ ਸੀ, ਉਹਨਾਂ ਨੂੰ ਉਸ ਕੰਮ ਲਈ ਕੈਨੇਡਾ ਵਿੱਚ ਨਿਰਧਾਰਤ ਸਮੇਂ ਲਈ ਬੁਲਾਉਣ ਦਾ ਸਿਲਸਿਲਾ ਇਸ ਲਈ ਸ਼ੁਰੂ ਕੀਤਾ ਗਿਆ ਕਿਉਂਕਿ ਇੱਥੇ ਉਸ ਤਰ੍ਹਾਂ ਦੇ ਕਾਮਿਆਂ ਦੀ ਕਮੀ ਸੀ। ਮਕਸਦ ਇਹ ਸੀ ਕਿ ਉਹਨਾਂ ਤੋਂ ਕੰਮ ਵੀ ਲਿਆ ਜਾਣਾ ਸੀ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਟ੍ਰੇਨਿੰਗ ਵੀ ਦਵਾਉਣੀ ਸੀ ਤਾਂ ਕਿ ਜਦੋਂ ਉਹ ਆਪਣਾ ਸਮਾਂ ਪੂਰਾ ਕਰਕੇ ਵਾਪਸ ਜਾਣ ਤਾਂ ਪਿੱਛੋਂ ਉਹਨਾਂ ਦੀ ਥਾਂ ਕੰਮ ਕਰਨ ਵਾਲੇ ਕਾਮੇ ਮੌਜੂਦ ਹੋਣ। 2002 ਵਿੱਚ ਵੀ ਲਿਬਰਲ ਪਾਰਟੀ ਦੀ ਹੀ ਸਰਕਾਰ ਸੀ ਅਤੇ ਪ੍ਰਧਾਨ ਮੰਤਰੀ ਸਨ ਯੌਂ ਕ੍ਰੇਚੀਆਂ। ਉਹਨਾਂ ਨੇ ਇਸ ਪ੍ਰੋਗਰਾਮ ਵਿੱਚ ਤਬਦੀਲੀ ਕੀਤੀ ਅਤੇ ਇਸ ਦਾ ਵਿਸਥਾਰ ਕਰਦਿਆਂ ਇਸ ਨੂੰ ਘੱਟ ਸਿਖਲਾਈ ਵਾਲੇ ਖੇਤਰ (ਲੋ-ਸਕਿਲਡ ਕੈਟੇਗਰੀ) ਵਾਸਤੇ ਵੀ ਖੋਲ੍ਹ ਦਿੱਤਾ। ਇਸ ਸ਼੍ਰੇਣੀ ਲਈ ਪੜ੍ਹਾਈ-ਲਿਖਾਈ ਦੀ ਲੋੜ ਨਹੀਂ ਸੀ ਪਰ ਤਜਰਬਾ ਚਾਹੀਦਾ ਸੀ। 2006 ਵਿੱਚ ਇਸ ਨੂੰ ਫਾਸਟ-ਟ੍ਰੈਕ ਕਰ ਦਿੱਤਾ ਗਿਆ ਅਤੇ 2012 ਵਿਚ ਤਨਖਾਹਾਂ, ਭੱਤਿਆਂ ਆਦਿ ਵਿੱਚ ਵਾਧਾ ਕਰ ਦਿੱਤਾ ਗਿਆ। ਟੀ.ਐਫ.ਡਬਲਿਊ. ਕੈਟੇਗਰੀ ਤਹਿਤ 1993 ਤੋਂ 2013 ਦੇ ਦਹਾਕੇ ਦੌਰਾਨ 3 ਲੱਖ 38 ਹਜ਼ਾਰ ਤੋਂ ਵੱਧ ਕਾਮੇ ਕੈਨੇਡਾ ਪੁੱਜੇ। ਸਾਲ 2006 ਤੋਂ 2014 ਦਰਮਿਆਨ 5 ਲੱਖ ਤੋਂ ਵੱਧ ਟੀ.ਐਫ.ਡਬਲਿਊ. ਇੱਥੇ ਪਹੁੰਚ ਗਏ।

ਵੱਡੇ ਪੱਧਰ ਉਤੇ ਸਵਾਲ ਇਹੀ ਪੈਦਾ ਹੁੰਦਾ ਹੈ ਕਿ ਕੀ ਇਹ ਪ੍ਰੋਗਰਾਮ ਸਹੀ ਹੈ? ਸਰਕਾਰ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਆਰਜ਼ੀ (ਟੈਂਪਰੇਰੀ) ਹੈ, ਜਿਸ ਨੇ ਇਸ ਪ੍ਰੋਗਰਾਮ ਤਹਿਤ ਦਰਖਾਸਤ ਦੇਣੀ ਹੁੰਦੀ ਹੈ, ਉਸ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਥਾਈ ਪ੍ਰੋਗਰਾਮ ਨਹੀਂ ਹੈ, ਕੈਨੇਡਾ ਵਿੱਚ ਵੱਸਣ ਦੀ ਗਾਰੰਟੀ ਨਹੀਂ ਹੈ। ਸਰਕਾਰੀ ਪੱਖ ਇਹ ਹੈ ਕਿ ਜਿੱਥੇ ਇਸ ਪ੍ਰੋਗਰਾਮ ਨਾਲ ਕੈਨੇਡਾ ਵਿੱਚ ਜਿਹਨਾਂ ਕੰਮਾਂ ਲਈ ਕਾਮੇ ਨਹੀਂ ਮਿਲਦੇ, ਉਹਨਾਂ ਕੰਮਾਂ ਨੂੰ ਚੱਲਦਾ ਰੱਖਣ ਵਿੱਚ ਮੱਦਦ ਮਿਲਦੀ ਹੈ, ਉੱਥੇ ਵਿਦੇਸ਼ਾਂ ਵਿੱਚ ਰੋਜ਼ਗਾਰ ਦੀ ਭਾਲ ਕਰ ਰਹੇ ਲੋਕਾਂ ਨੂੰ ਕੰਮ ਹਾਸਲ ਹੁੰਦਾ ਹੈ ਅਤੇ ਕੈਨੇਡਾ ਵਿੱਚ ਕੰਮ ਕੀਤੇ ਹੋਣ ਦਾ ਸਰਟੀਫਿਕੇਟ ਮਿਲਣ ਕਰਕੇ ਉਹ ਭਵਿੱਖ ਵਿਚ ਆਪਣਾ ਰਾਹ ਵਧੀਆ ਕਰ ਸਕਦੇ ਹਨ।

ਇਸ ਦਾ ਦੂਜਾ ਪਹਿਲੂ ਕਾਮਿਆਂ ਨਾਲ ਸੰਬੰਧ ਰੱਖਦਾ ਹੈ। ਕੰਮ ਦੀ ਭਾਲ ਵਿੱਚ ਇਸ ਪ੍ਰੋਗਰਾਮ ਦੇ ਤਹਿਤ ਜਦੋਂ ਉਹ ਕੈਨੇਡਾ ਵਿੱਚ ਆ ਜਾਂਦੇ ਹਨ ਤਾਂ ਉਹਨਾਂ ਦੀ ਲੁੱਟ-ਖਸੁੱਟ ਸ਼ੁਰੂ ਹੋ ਜਾਂਦੀ ਹੈ। ਕਈ ਕੰਮ ਮਾਲਕ ਇਸ ਪ੍ਰੋਗਰਾਮ ਦੇ ਪਰਦੇ ਹੇਠ ਮਨ-ਆਈਆਂ ਕਰਦੇ ਹਨ। ਕੈਨੇਡਾ ਦੀ ਲੇਬਰ ਮਾਰਕਿਟ ਇਹਨਾਂ ਕਾਮਿਆਂ ਦੀ ਪਰਵਾਹ ਹੀ ਨਹੀਂ ਕਰਦੀ। ਕੈਨੇਡਾ ਦੇ ਰੌਇਲ ਬੈਂਕ ਆਫ ਕੈਨੇਡਾ (ਆਰ.ਬੀ.ਸੀ.) ਨੇ ਕੈਨੇਡੀਅਨ ਨਾਗਰਿਕਾਂ ਨੂੰ ਨੌਕਰੀ ਤੋਂ ਫਾਰਿਗ ਕਰ ਕੇ ਵਿਦੇਸ਼ੀ ਕਾਮਿਆਂ ਨੂੰ ਭਰਤੀ ਕੀਤਾ ਹੋਇਆ ਸੀ। ਇਸ ਗੱਲ ਦਾ ਖੁਲਾਸਾ ਸਾਲ 2013 ਵਿੱਚ ਹੋਇਆ। ਬੈਂਕ ਨੇ ਮਾਫੀ ਮੰਗ ਲਈ ਤੇ ਛੁਟਕਾਰਾ ਹੋ ਗਿਆ। ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿੱਚ ਮੈਕਡੋਨਾਲਡ ਦੇ ਇੱਕ ਰੈਸਟੋਰੈਂਟ ਵਿੱਚ ਇਹਨਾਂ ਆਰਜ਼ੀ ਕਾਮਿਆਂ ਨੂੰ ਭਰਤੀ ਕਰ ਲਿਆ ਗਿਆ ਪਰ ਨਾਗਰਿਕਾਂ ਨੂੰ ਹਟਾ ਦਿੱਤਾ ਗਿਆ, ਇਸੇ ਤਰ੍ਹਾਂ ਦੀ ਸ਼ਿਕਾਇਤ ਸੈਸਕੈਚੇਵਾਨ ਦੇ ਸ਼ਹਿਰ ਵੇਅਬਰਨ ਤੋਂ ਵੀ ਆਈ ਜਿੱਥੇ ਇੱਕ ਪਿਜ਼ਾ ਰੈਸਟੋਰੈਂਟ 'ਤੇ ਵੀ ਅਜਿਹਾ ਹੀ ਕੀਤਾ ਜਾ ਰਿਹਾ ਸੀ। ਇਸ ਤੋਂ ਬਾਦ ਕਾਨੂੰਨ ਵਿੱਚ ਤਬਦੀਲੀ ਕਰ ਦਿੱਤੀ ਗਈ।

ਕਈ ਭਾਰਤੀ ਤੇ ਪਾਕਿਸਤਾਨੀ ਰੈਸਟੋਰੈਂਟਾਂ ਦੇ ਨਾਲ ਨਾਲ ਵੱਖੋ ਵੱਖਰੇ ਦੇਸ਼ਾਂ ਨਾਲ ਸੰਬੰਧਿਤ ਕੈਨੇਡੀਅਨ ਨਾਗਰਿਕਾਂ ਦੇ ਵਪਾਰਕ ਅਦਾਰਿਆਂ (ਮੁੱਖ ਤੌਰ ਤੇ ਰੈਸਟੋਰੈਂਟਾਂ ਤੇ ਹੋਟਲਾਂ) ਲਈ ਉਹਨਾਂ ਨੂੰ ਕਾਮਿਆਂ ਦੀ ਲੋੜ ਰਹਿੰਦੀ ਹੈ, ਕੈਨੇਡਾ ਵਿੱਚ ਇਹ ਕਾਮੇ ਨਹੀਂ ਮਿਲਦੇ; ਵਿਦੇਸ਼ਾਂ ਤੋਂ ਮੰਗਵਾਉਣ ਦਾ ਪ੍ਰਬੰਧ ਹੋਣ ਕਰ ਕੇ ਇਸ ਪ੍ਰੋਗਰਾਮ ਤਹਿਤ ਸਰਕਾਰ ਨੇ ਇਹਨਾਂ 'ਰੋਜ਼ਗਾਰ ਦਾਤਿਆਂ' ਨੂੰ ਉਹਨਾਂ ਦੀ ਖੁਲ੍ਹੀ ਛੋਟ ਦੇ ਦਿੱਤੀ। ਸਰਕਾਰ ਦੀ ਇੱਕ ਨੀਤੀ ਤਾਂ ਇਹ ਵੀ ਰਹੀ ਹੈ ਕਿ ਇਹਨਾਂ ਕਾਮਿਆਂ ਨੂੰ ਕੈਨੇਡੀਅਨ ਨਾਗਰਿਕਾਂ ਦੇ ਮੁਕਾਬਲੇ 15% ਘੱਟ ਉਜਰਤ ਦੇ ਕੇ ਵੀ ਕੰਮ 'ਤੇ ਰੱਖਿਆ ਜਾ ਸਕਦਾ ਸੀ। ਖੇਤਾਂ ਅਤੇ ਬਾਗਾਂ ਵਿੱਚ ਸੀਜ਼ਨਲ ਕਾਮਿਆਂ ਦੀ ਲੋੜ, ਤੰਬਾਕੂ ਦੇ ਖੇਤਾਂ ਲਈ ਅਜਿਹੇ ਕਾਮਿਆਂ ਦੀ ਜ਼ਰੂਰਤ, ਫਾਸਟ-ਫੂਡ ਚੇਨਾਂ ਲਈ ਇਹਨਾਂ ਦੀ ਲੋੜ...ਹੋਣਾ ਤਾਂ ਇਹ ਚਾਹੀਦਾ ਸੀ ਕਿ ਇਹਨਾਂ ਨੂੰ ਵੱਧ ਤਨਖਾਹ 'ਤੇ ਰੱਖਿਆ ਜਾਂਦਾ ਪਰ ਹੋਇਆ ਇਸ ਦੇ ਉਲਟ। ਇਹਨਾਂ ਟੈਂਪਰੇਰੀ ਕਾਮਿਆਂ ਦੇ ਆਪੋ-ਆਪਣੇ ਮੁਲਕਾਂ ਵਿੱਚ ਲੋਟੂ ਏਜੰਟ ਆ ਬੈਠੇ। ਇੱਧਰਲੀਆਂ ਅਖਬਾਰਾਂ ਦੇ ਇਸ਼ਤਿਹਾਰਾਂ ਨੂੰ ਅਧਾਰ ਬਣਾ ਕੇ ਉੱਧਰ (ਵਿਦੇਸ਼ਾਂ ਵਿੱਚ) ਲੋਟੂ ਦੁਕਾਨਾਂ ਖੁੱਲ੍ਹ ਗਈਆਂ, ਬੇਰੋਜ਼ਗਾਰੀ ਕਾਰਨ ਅਤੇ ਕਰੰਸੀ ਦੇ ਅਸਲ ਮੁੱਲ ਵਿੱਚ ਬਹੁਤ ਜ਼ਿਆਦਾ ਫਰਕ ਹੋਣ ਕਾਰਨ ਉਹ ਇੱਧਰ (ਕੈਨੇਡਾ) ਘੱਟ ਉਜਰਤਾਂ 'ਤੇ ਵੀ ਕੰਮ ਕਰਨ ਨੂੰ ਤਿਆਰ ਹੋ ਗਏ।

ਕੈਨੇਡਾ ਦੀ ਸੂਚਨਾ ਅਤੇ ਤਕਨੀਕ ਇੰਡਸਟਰੀ ਨੂੰ 2019 ਤੱਕ ਇਕ ਲੱਖ ਤੋਂ ਵੱਧ, ਖਦਾਨ (ਮਾਈਨਿੰਗ) ਉਦਯੋਗ ਨੂੰ 2021 ਤੱਕ ਇੱਕ ਲੱਖ 12 ਹਜ਼ਾਰ, ਨਿਰਮਾਣ (ਕੰਸਟ੍ਰਕਸ਼ਨ) ਉਦਯੋਗ ਨੂੰ 2020 ਤੱਕ 3 ਲੱਖ 19 ਹਜ਼ਾਰ ਕਾਮਿਆਂ ਦੀ ਲੋੜ ਹੈ। ਐਲਬਰਟਾ ਨੂੰ ਅਗਲੇ 8 ਸਾਲਾਂ ਵਿੱਚ 6 ਲੱਖ ਤੋਂ ਜ਼ਿਆਦਾ ਕਾਮਿਆਂ ਦੀ ਲੋੜ ਹੈ। ਸਰਕਾਰੀ ਨੀਤੀਆਂ ਦੀ ਲੱਚਕਤਾ ਦੇ ਚਲਦਿਆਂ ਇੱਥੇ ਪਹੁੰਚੇ ਹੋਏ ਆਰਜ਼ੀ ਕਾਮਿਆਂ ਦਾ ਜੀਵਨ ਅੰਤਾਂ ਦਾ ਦੁੱਖਦਾਈ ਹੋ ਚੱਕਿਆ ਹੈ। ਹਜ਼ਾਰਾਂ ਕਾਮਿਆਂ ਨੂੰ ਵਾਪਸ ਪਰਤਨਾ ਪੈ ਰਿਹਾ ਹੈ; ਉਹਨਾਂ ਦੀ ਕੋਈ ਗੱਲ ਨਹੀਂ ਸੁਣੀ ਜਾ ਰਹੀ। ਇਹਨਾਂ ਦੀ ਲੁੱਟ-ਖਸੁੱਟ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਰਹੀ। ਉਹਨਾਂ ਦੇ ਪਰਿਵਾਰਾਂ ਨਾਲ ਕੀ ਬੀਤ ਰਹੀ ਹੈ, ਕੋਈ ਸੁਣਵਾਈ ਨਹੀਂ ਹੋ ਰਹੀ। ਕੋਈ ਐਮ.ਐਲ.ਏ., ਕੋਈ ਐਮ.ਪੀ. ਇਹਨਾਂ ਦੀ ਬਾਂਹ ਫੜਣ ਵਾਲਾ ਨਹੀਂ। ਇਹਨਾਂ ਨੂੰ ਵਰਤ ਲਿਆ ਗਿਆ ਹੈ, ਹੁਣ ਸੁੱਟਿਆ ਜਾ ਰਿਹਾ ਹੈ। ਲੱਖਾਂ ਦੀ ਗਿਣਤੀ ਵਿੱਚ ਆਏ ਇਹਨਾਂ ਆਰਜ਼ੀ ਕਾਮਿਆਂ ਉੱਤੇ ਅਨਿਸ਼ਚਿਤਤਾ ਦੀ ਤਲਵਾਰ ਲਟਕ ਰਹੀ ਹੈ। ਹਜ਼ਾਰਾਂ 'ਨੈਨੀ' ਕਲਾਸ ਦੀਆਂ ਔਰਤਾਂ ਦੀ ਜ਼ਿੰਦਗੀ ਨਰਕ ਬਣੀ ਹੋਈ ਹੈ। ਪਿਛਲੇ 8-8 ਸਾਲਾਂ ਤੋਂ ਉਹ ਭਟਕ ਰਹੀਆਂ ਹਨ; ਉਹਨਾਂ ਦਾ ਦਰਦ ਸੁਣਨ ਵਾਲਾ ਕੋਈ ਨਹੀਂ। ਫੈਡਰਲ ਸਰਕਾਰ ਦੇ Human Resources and Skills Development ਅਤੇ Citizenship and Immigration ਮਹਿਕਮਿਆਂ ਕੋਲ ਇਹਨਾਂ ਦੀ ਜ਼ਿੰਮੇਵਾਰੀ ਹੈ। ਜ਼ਰੂਰਤ ਹੈ ਕਿ ਇਹਨਾਂ ਦੀ ਦਰਦ-ਕਹਾਣੀ ਆਪੋ ਆਪਣੇ ਨੁਮਾਇੰਦਿਆਂ ਤੀਕ ਪਹੁੰਚਾਉਣ ਵਿੱਚ ਇਹਨਾਂ ਦੀ ਮਦਦ ਕੀਤੀ ਜਾਵੇ।

587-899-1060
ਨਿਊਜ਼ ਡਾਇਰੈਕਟਰ ਰੈਡ ਐਫ. ਐਮ. ਕੈਲਗਰੀ




# ਤਰਕਸ਼ੀਲ ਸੁਸਾਇਟੀ ਵਲੋਂ ਅੰਤਰ-ਰਾਸ਼ਟਰੀ ਔਰਤ ਦਿਵਸ

**ਬਰੈਂਪਟਨ/ਹਰਜੀਤ ਬੇਦੀ**

ਬਰੈਂਪਟਨ ਦਾ ਚਿੰਗੂਜੀ ਵੈੱਲਨੈੱਸ ਸੈਂਟਰ, ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਅੰਤਰ-ਰਾਸ਼ਟਰੀ ਔਰਤ ਦਿਵਸ। ਹਾਜ਼ਰੀ ਅਤੇ ਵਿਚਾਰ ਵਟਾਂਦਰੇ ਪੱਖੋਂ ਲਾ-ਮਿਸਾਲ। ਸੁਸਾਇਟੀ ਦੇ ਵਿੱਤ ਸਕੱਤਰ ਨਿਰਮਲ ਸੰਧੂ ਵਲੋਂ ਪਰਧਾਨਗੀ ਮੰਡਲ ਨੂੰ ਸੱਦਾ। ਪ੍ਰਧਾਨਗੀ ਮੰਡਲ ਵਿੱਚ ਔਰਤਾਂ ਦੀ ਭਰਵੀਂ ਸ਼ਮੂਲੀਅਤ। ਕਾਰਵਾਈ ਦੀ ਸ਼ੁਰੂਆਤ ਕਰਦੇ ਹੋਏ ਡਾ: ਬਲਜਿੰਦਰ ਸੇਖੋਂ ਨੇ ਜੀ ਆਇਆਂ ਕਹਿਣ ਦੇ ਨਾਲ ਹੀ ਔਰਤਾਂ ਵਲੋਂ ਆਪਣੇ ਹੱਕਾਂ ਲਈ ਕੀਤੇ ਇਤਿਹਾਸਕ ਸੰਘਰਸ਼ਾਂ ਦੀਆਂ ਉਦਾਹਰਣਾਂ ਦਿੰਦੇ ਹੋਏ ਸੁਨੇਹਾ ਦਿੱਤਾ ਕਿ ਔਰਤਾਂ ਨੂੰ ਸੁਚੇਤ ਹੋ ਕੇ ਆਪਣੇ ਜੀਵਨ ਨੂੰ ਚੰਗੇਰਾ ਬਣਾਉਣ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰਨੀ ਜ਼ਰੂਰੀ ਹੈ। ਡਾ: ਵਰਿੰਦਰ ਕੌਰ ਗਿੱਲ ਨੇ ਸਲਾਈਡ ਸ਼ੋਅ ਰਾਹੀਂ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਔਰਤਾਂ ਦੀ ਨਾ-ਬਰਾਬਰੀ ਬਾਰੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਔਰਤਾਂ ਨਾਲ ਵਿਤਕਰੇ ਭਰਿਆਂ ਸਲੂਕ ਕੀਤਾ ਜਾਂਦਾ ਹੈ। ਔਰਤਾਂ ਨੂੰ ਹਫਤੇ ਵਿੱਚ ਘਰੋਂ ਜੌਬ ਤੇ 40-45 ਘੰਟੇ ਕੰਮ ਤੋਂ ਬਾਦ ਘਰ ਵਿੱਚ 20-25 ਘੰਟੇ ਵਾਧੂ ਕੰਮ ਕਰਨਾ ਪੈਂਦਾ ਹੈ। ਕਨੇਡਾ ਵਰਗੇ ਦੇਸ਼ ਵਿੱਚ ਵੀ ਕਈ ਥਾਵਾਂ ਤੇ ਇੱਕੋ ਕੰਮ ਲਈ ਔਰਤਾਂ ਨੂੰ ਘੱਟ ਉਜਰਤ ਦਿੱਤੀ ਜਾਂਦੀ ਹੈ ।







ਇਸ ਪ੍ਰੋਗਰਾਮ ਦੀ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀ ਸੀ, ਸ਼੍ਰੀਮਤੀ ਸੁਰਿੰਦਰ ਸ਼ੌਕਰ ਵਲੋਂ ਸਲਾਈਡਾਂ ਨਾਲ ਤਿਆਰ ਕੀਤੀ ਔਰਤਾਂ ਦੀ ਸਿਹਤ ਦਾ ਵਿਗਿਆਨਕ ਅਤੇ ਸਮਾਜਕ ਪੱਖ। ਮਨੁੱਖ ਦੁਆਰਾ ਕੀਤੀ ਤਰੱਕੀ ਲਈ ਪੁੱਟੀਆਂ ਪੁਲਾਂਘਾਂ ਤੇ ਵੱਖ ਵੱਖ ਸਮਿਆਂ ਤੋਂ ਲੈ ਕੇ ਅੱਜ ਤੱਕ ਔਰਤ ਦੀ ਸਥਿਤੀ ਤੇ ਸਿਹਤ ਬਾਰੇ ਇਹ ਬਹੁਤ ਹੀ ਜਾਣਕਾਰੀ ਭਰਪੂਰ ਸੀ। ਉਹਨਾਂ ਇਹ ਦਰਸਾਇਆ ਕਿ ਅੱਜੋਕੇ ਸਮੇਂ ਵਿੱਚ ਵੀ ਸੰਸਾਰ ਵਿੱਚ ਪੰਜਾਹ ਹਜਾਰ ਔਰਤਾਂ ਜਣੇਪੇ ਦੌਰਾਨ ਹੀ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਸ਼੍ਰੀਮਤੀ ਗੁਰਮੀਤ ਬਰਨਾਲਾ ਨੇ ਔਰਤਾਂ ਦੇ ਸਮਾਜ ਵਿੱਚ ਰੋਲ ਬਾਰੇ ਦੱਸਦੇ ਕਿਹਾ ਕਿ ਔਰਤ ਕਮਜ਼ੋਰ ਨਹੀਂ ਹੈ। ਉਸਦਾ ਪਰਿਵਾਰ ਨੂੰ ਠੀਕ ਢੰਗ ਨਾਲ ਚਲਾਉਣ, ਪਰਿਵਾਰਕ ਰਿਸ਼ਤਿਆਂ ਨੂੰ ਮਜਬੂਤ ਰੱਖਣ, ਸਮਾਜਿਕ ਤਾਣੇ ਬਾਣੇ ਨੂੰ ਟੁੱਟਣ ਤੋਂ ਬਚਾਉਣ ਅਤੇ ਪਰਿਵਾਰ ਦੀ ਤਰੱਕੀ ਅਤੇ ਉਸਨੂੰ ਮਜ਼ਬੂਤ ਕਰਨ ਵਿੱਚ ਵਿਸ਼ੇਸ਼ ਰੋਲ ਹੈ। ਬੱਚੀ ਸੁਮੀਤ ਸਹੋਤਾ ਨੇ ਬੱਚੀਆਂ ਨਾਲ ਘਰਾਂ, ਸਕੂਲਾਂ ਅਤੇ ਹੋਰ ਸਮਾਜਿਕ ਖੇਤਰਾਂ ਵਿੱਚ ਹੁੰਦੇ ਵਿਤਕਰੇ ਦਾ ਜ਼ਿਕਰ ਕਰਦੇ ਹੋਏ ਨਵੀਂ ਪੀੜ੍ਹੀ ਨੂੰ ਸੁਚੇਤ ਹੋ ਕੇ ਆਪਣੇ ਹੱਕਾਂ ਲਈ ਤਕੜੇ ਹੋ ਕੇ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ।

ਪ੍ਰੋਗਰਾਮ ਨੂੰ ਅੱਗੇ ਤੋਰਦੇ ਹੋਏ ਡਾ: ਹਰਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਔਰਤ ਦੀ ਮੁਕਤੀ ਸਾਰੀ ਮਨੁੱਖ ਜਾਤੀ ਦੀ ਮੁਕਤੀ ਨਾਲ ਜੁੜੀ ਹੋਈ ਹੈ। ਧਰਮ ਅਤੇ ਰਾਜਨੀਤੀ ਦੋਵੇਂ ਹੀ ਕਮਜ਼ੋਰ ਵਰਗ ਦੇ ਵਿਅਕਤੀਆਂ ਤੇ ਔਰਤਾਂ ਤੇ ਦਾਬਾ ਰੱਖਣ ਰੱਖਣ ਵਿੱਚ ਸਹਾਈ ਹੋ ਰਹੇ ਹਨ। ਇਹਨਾਂ ਵਿਤਕਰਿਆਂ ਦਾ ਹੱਲ ਸਮਾਜਵਾਦ ਹੈ ਜਿਸ ਵਿੱਚ ਔਰਤ ਦੀ ਮੁਕਤੀ ਹੋ ਸਕਦੀ ਹੈ। ਪਰੋਗ੍ਰਾਮ ਨੂੰ ਸਿਖਰ ਵੱਲ ਲਿਜਾਂਦੇ ਹੋਏ ਕੌਮਾਂਤਰੀ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਕਿਹਾ ਕਿ ਔਰਤਾਂ ਦੀਆਂ ਸਮੱਸਿਆਵਾਂ ਦੇ ਆਰਥਿਕ, ਰਾਜਨੀਤਕ ਤੇ ਸਮਾਜਿਕ ਕਾਰਨ ਹਨ। ਮੰਨੂ-ਵਾਦੀ ਸੋਚ ਔਰਤ ਨੂੰ ਦਬਾਅ ਕੇ ਰੱਖਣਾ ਚਾਹੁੰਦੀ ਹੈ ਪਰੰਤੂ ਅੱਜ ਮਰਦਾਂ ਦਾ ਬਹੁਤ ਵੱਡਾ ਹਿੱਸਾ ਉਸ ਸੋਚ ਨੂੰ ਛੱਡ ਰਿਹਾ ਹੈ। ਔਰਤ ਤੇ ਮਰਦ ਦੋਨੋਂ ਰਲ ਕੇ ਹੀ ਕੋਈ ਤਬਦੀਲੀ ਲਿਆ ਸਕਦੇ ਹਨ। ਪ੍ਰੋਗਰਾਮ ਦੇ ਦੌਰਾਨ ਹਰਜੀਤ ਬੇਦੀ ਤੇ ਹਰਭਵਨਪ੍ਰੀਤ ਨੇ ਔਰਤਾਂ ਨਾਲ ਸਬੰਧਤ ਕਵਿਤਾਵਾਂ ਪੇਸ਼ ਕੀਤੀਆਂ। ਨਛੱਤਰ ਬਦੇਸਾਨੇ ਸਾਰੇ ਪ੍ਰੋਗਰਾਮ ਨੂੰ ਭਾਵਪੂਰਤ ਟਿੱਪਣੀਆਂ ਕਰਦੇ ਹੋਏ ਯੋਜਨਾਵੱਧ ਢੰਗ ਨਾਲ ਚਲਾਇਆ ਅਤੇ ਕਿਹਾ ਤਰਕਸ਼ੀਲ ਸੁਸਾਇਟੀ ਔਰਤ ਨਾ-ਬਰਾਬਰੀ ਦੂਰ ਕਰਨ ਲਈ ਵੀ ਕੰਮ ਕਰ ਰਹੀ ਹੈ ।

ਸਟੇਜ ਤੋਂ ਇੰਡੋ-ਕਨੇਡੀਅਨ ਵਰਕਰਜ਼ ਐਸੋ:, ਸਰੋਕਾਰਾਂ ਦੀ ਆਵਾਜ, ਇੰਡੋ-ਕਨੇਡੀਅਨ ਪੰਜਾਬੀ ਸਾਹਿਤ ਸਭਾ, ਹੋਰ ਸਹਿਯੋਗੀ ਜਥੇਬੰਦੀਆਂ ਅਤੇ ਮੀਡੀਏ ਦਾ ਧੰਨਵਾਦ ਕੀਤਾ ਗਿਆ। ਅੰਤ ਵਿੱਚ ਅੰਮ੍ਰਿਤ ਢਿੱਲੋਂ ਜੀ ਨੇ ਆਪਣੇ ਨਿਵੇਕਲੇ ਸ਼ਾਇਰਾਨਾ ਅੰਦਾਜ਼ ਵਿੱਚ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਕਮਿਊਨਿਟੀ ਦੇ ਜਾਣੇ ਪਹਿਚਾਣੇ ਵਕੀਲ ਵਿਪਨ ਮਹਿਰੋਕ, ਨਾਹਰ ਔਜਲਾ, ਤਲਵਿੰਦਰ ਮੰਡ, ਹਰਜੀਤ ਬਾਜਵਾ, ਜੋਗਿੰਦਰ ਪੱਡਾ, ਮਲੂਕ ਕਾਹਲੋਂ, ਮਿਸਜ਼ ਜਸਵੰਤ ਪਲਾਹਾ ਵੀ ਹਾਜ਼ਰ ਸਨ। ਸੁਰਜੀਤ ਸਹੋਤਾ ਦੇ ਪ੍ਰਬੰਧ ਹੇਠ ਸੁਸਾਇਟੀ ਵਲੋਂ ਪੁਸਤਕ ਪਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿੱਚ ਲੋਕਾਂ ਨੇ ਪੂਰੀ ਦਿਲਚਸਪੀ ਦਿਖਾਈ। ਪ੍ਰੋਗਰਾਮ ਇੰਨਾ ਸਾਰਥਕ ਅਤੇ ਜਾਣਕਾਰੀ ਭਰਪੂਰ ਸੀ ਕਿ ਸਰੋਤੇ ਪ੍ਰੋਗਰਾਮ ਖਤਮ ਹੋਣ ਤੋਂ ਬਾਦ ਵੀ ਆਪਸ ਵਿੱਚ ਵਿਚਾਰ ਵਟਾਂਦਰਾ ਕਰਦੇ ਨਜ਼ਰ ਆਏ।

# ਕੈਲਗਰੀ 'ਚ ਪੰਜਾਬੀ ਬੋਲੀ ਦੇ ਵਿਕਾਸ ਦੀਆਂ ਸਰਗਰਮੀਆਂ ਨੂੰ ਭਰਵਾਂ ਹੁੰਗਾਰਾ

## ਮਾਸਟਰ ਭਜਨ ਦਾ ਸਨਮਾਨ, ਕਵਿਤਾ ਉਚਾਰਣ ਵਰਕਸ਼ਾਪ ਦੇ ਬੱਚੇ ਸਨਮਾਨਿਤ, ਪੰਜਾਬੀ ਭਾਸ਼ਾ ਸਿੱਖਣ ਦੀਆਂ ਜਮਾਤਾਂ ਸ਼ੁਰੂ






**- ਸੁਖਵੀਰ ਗਰੇਵਾਲ -**

ਕੈਲਗਰੀ : ਕੈਲਗਰੀ ਵਿੱਚ ਮਾਰਚ ਦਾ ਮਹੀਨਾ ਪੰਜਾਬੀ ਬੋਲੀ ਨੂੰ ਸਮਰਪਿਤ ਗਤੀਵਿਧੀਆਂ ਦੇ ਨਾਂ ਰਿਹਾ। ਪੰਜਾਬੀ ਲਿਖਾਰੀ ਸਭਾ ਕੈਲਗਰੀ, ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਦੁਆਰਾ ਵਿੱਢੀਆਂ ਸਰਗਰਮੀਆਂ ਕੈਲਗਰੀ ਵਿੱਚ ਪੰਜਾਬੀ ਬੋਲੀ ਨੇ ਸੁਨਹਿਰੇ ਭਵਿੱਖ ਦਾ ਸੁਨੇਹਾ ਦੇਣ ਵਿੱਚ ਕਾਮਯਾਬ ਰਹੀਆਂ।

**ਪੰਜਾਬੀ ਕਵਿਤਾ ਉਚਾਰਣ ਵਰਕਸ਼ਾਪ:** ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਪਿਛਲੇ ਪੰਜ ਸਾਲਾਂ ਤੋਂ ਕਰਵਾਏ ਜਾ ਰਹੇ ਪੰਜਾਬੀ ਬੋਲਣ ਦੇ ਮੁਕਾਬਲਿਆਂ ਦੀ ਤਿਆਰੀ ਹਿੱਤ ਇੱਕ ਵਰਕਸ਼ਾਪ ਇੰਡੀਅਨ ਐਕਸ ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿੱਚ ਲਗਾਈ ਗਈ। ਕਮਲਪ੍ਰੀਤ ਪੰਧੇਰ, ਜਸ ਲੰਮੇ, ਨਵਕਿਰਨ ਢੁੱਡੀਕੇ, ਅਮਿਤਾ ਸ਼ਰਮਾ ਅਤੇ ਕਮਲਜੀਤ ਗਰੇਵਾਲ ਦੀ ਅਗਵਾਈ ਹੇਠ ਇਸ ਵਰਕਸ਼ਾਪ ਵਿੱਚ 24 ਦੇ ਬੱਚਿਆਂ ਨੇ ਭਾਗ ਲਿਆ। ਇਹ ਵਰਕਸ਼ਾਪ ਲਗਭਗ ਡੇਢ ਮਹੀਨਾ ਚੱਲੀ ਅਤੇ ਮੰਚ ਦੇ ਮਾਹਿਰਾਂ ਨੇ ਬੱਚਿਆਂ ਨੂੰ ਹਰ ਪੱਖੋਂ ਤਿਆਰ ਕਰਨ ਵਿੱਚ ਰੱਜਵੀਂ ਮਿਹਨਤ ਕਰਵਾਈ। 12 ਮਾਰਚ ਨੂੰ ਕਰਵਾਏ ਗਏ ਪੰਜਾਬੀ ਕਵਿਤਾ ਉਚਾਰਣ ਮੁਕਾਬਲੇ ਵਿੱਚ ਇਸ ਵਰਕਸ਼ਾਪ ਨੇ ਬਹੁਤ ਹੀ ਵਧੀਆ ਨਤੀਜੇ ਦਿੱਤੇ। ਵਰਕਸ਼ਾਪ ਵਿੱਚੋਂ ਤਿਆਰ ਬੱਚਿਆਂ ਨੇ ਕੁੱਲ 9 ਵਿੱਚੋਂ 6 ਤਮਗੇ ਜਿੱਤੇ। ਮਾਸਟਰ ਭਜਨ ਗਿੱਲ ਨੇ ਪੁਨੀਤ ਢੱਡਾ, ਗੀਆ ਸੇਖੋਂ, ਪ੍ਰਭਲੀਨ ਗਰੇਵਾਲ, ਚੰਨਪ੍ਰੀਤ ਕੌਰ ਮੁੰਜਲ, ਅਮਰੀਤ ਕੌਰ ਗਿੱਲ ਅਤੇ ਕੋਮਲ ਕੌਰ ਧਾਲੀਵਾਲ ਨੂੰ ਤਮਗੇ ਜਿੱਤਣ ਤੇ ਬਹੁਤ-ਬਹੁਤ ਵਧਾਈ ਦਿੱਤੀ।

**ਮਾਸਟਰ ਭਜਨ ਗਿੱਲ ਦਾ ਸਨਮਾਨ:** ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਮਾਸਟਰ ਭਜਨ ਗਿੱਲ ਨੂੰ ਉਹਨਾਂ ਵਲੋਂ ਕੀਤਾ ਕਾਰਜਾਂ ਕਰਕੇ ਸਨਮਾਨਿਤ ਕੀਤਾ ਗਿਆ। ਗੁਰਬਚਨ ਸਿੰਘ ਬਰਾੜ ਨੇ ਮਾਸਟਰ ਭਜਨ ਗਿੱਲ ਬਾਰੇ ਸੰਖੇਪ ਪਰਚਾ ਪੜ੍ਹਿਆ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸਕੱਤਰ ਮਾਸਟਰ ਭਜਨ ਗਿੱਲ ਪੰਜਾਬ ਤੋਂ ਸੇਵਾ ਮੁਕਤ ਅਧਿਆਪਕ ਹਨ। ਪੰਜਾਬ ਦੇ ਜੱਥੇਬੰਦਕ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਉਣ ਤੋਂ ਬਾਅਦ ਮਾਸਟਰ ਭਜਨ ਨੇ ਕੈਨੇਡਾ ਆ ਕੇ ਵੀ ਲੋਕਾਂ ਨੂੰ ਕਿਤਾਬਾਂ ਰਾਹੀਂ ਜਾਗ੍ਰਿਤ ਕਰਨ ਦਾ ਕੰਮ ਨਹੀਂ ਤਿਆਗਿਆ। ਉਹਨਾਂ ਨੇ ਬੱਚਿਆਂ ਵਿੱਚ ਪੰਜਾਬੀ ਬੋਲੀ ਨੂੰ ਪ੍ਰਚਲਿਤ ਕਰਨ ਲਈ ਪੰਜਾਬੀ ਲਿਖਾਰੀ ਸਭਾ ਵਧਾਈ ਦਿੰਦਿਆਂ ਕਿਹਾ ਕਿ ਉਹ ਬੱਚਿਆਂ ਨੂੰ ਮਾਂ ਬੋਲੀ ਨਾਲ਼ ਜੋੜਨ ਲਈ ਕੀਤੇ ਜਾਂਦੇ ਉਪਰਾਲਿਆਂ ਲਈ ਸਹਿਯੋਗ ਦੇਣ। ਉਹਨਾਂ ਕਿਹਾ ਕਿ ਹਰ ਵਿਅਕਤੀ ਨੂੰ ਚੰਗਾ ਸਾਹਿਤ ਪੜ੍ਹਨਾ ਚਾਹੀਦਾ ਹੈ ਤਾਂ ਕਿ ਸੋਚ ਨੂੰ ਵਿਗਿਆਨਿਕ ਪੱਖ ਤੋਂ ਵਿਕਾਸਿਆ ਜਾ ਸਕੇ।

**ਵਰਕਸ਼ਾਪ ਵਿੱਚ ਸ਼ਾਮਲ ਬੱਚੇ ਸਨਮਾਨਿਤ:** ਕੈਲਗਰੀ ਪਬਲਿਕ ਲਾਇਬਰੇਰੀ (ਸੈਡਲਟਾਊਨ) ਵਿੱਚ ਕਰਵਾਏ ਗਏ ਇੱਕ ਸਮਾਗਮ ਦੌਰਾਨ ਪੰਜਾਬੀ ਕਵਿਤਾ ਉਚਾਰਣ ਵਰਕਸ਼ਾਪ ਵਿੱਚ ਸ਼ਾਮਲ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਦੇ ਮੈਂਬਰਾਂ ਤੋਂ ਇਲਾਵਾ ਬੱਚਿਆਂ ਦੇ ਪਰਿਵਾਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਸਨਮਾਨਿਤ ਹੋਣ ਵਾਲ਼ੇ ਬੱਚਿਆਂ ਵਿੱਚ ਤਾਨੀਆ ਲਹਿਲ, ਗੁਰਵੀਰ ਸਿੰਘ, ਕੀਰਤ ਕੌਰ, ਗੀਆ ਆਸੀ, ਸੁਖਕਰਨ ਬਰਾੜ, ਸਹਿਜ ਪੰਧੇਰ, ਪੁਨੀਤ ਢੱਡਾ, ਗੁਰਸੀਰਤ ਕੌਰ, ਪੁਨੀਤ ਧਾਲੀਵਾਲ, ਗੁਰਵਰਦਾਨ ਸਿੰਘ ਟਿਵਾਣਾ, ਗੁਰਇਕਬਾਲ ਸਿੰਘ, ਪ੍ਰਭਲੀਨ ਕੌਰ ਗਰੇਵਾਲ, ਤਰਨਪ੍ਰੀਤ ਬਰਾੜ, ਹਰਸ਼ਲ ਸ਼ਰਮਾ, ਸਾਹਿਬ ਪੰਧੇਰ, ਗੀਆ ਸੇਖੋਂ, ਚੰਨਪ੍ਰੀਤ ਕੌਰ, ਅਮਰੀਤ ਕੌਰ ਗਿੱਲ, ਕਰਨਵੀਰ ਸਿੰਘ, ਹਰਸ਼ਵੀਰ ਸਿੰਘ, ਸਿਮਰਨ ਕੌਰ, ਕੋਮਲ ਕੌਰ ਧਾਲੀਵਾਲ, ਹਰਲੀਨ ਕੌਰ ਗਰੇਵਾਲ ਅਤੇ ਰਵਤੇਜ ਸਿੰਘ ਢੱਡਾ ਸ਼ਾਮਲ ਸਨ। ਇਸ ਮੌਕੇ ਮਾਸਟਰ ਭਜਨ ਨੇ ਰੈਡ ਐਫ. ਐਮ. ਦੇ ਸਮਾਚਾਰ ਨਿਰਦੇਸ਼ਨ ਰਿਸ਼ੀ ਨਾਗਰ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੁਆਰਾ ਰੇਡੀਓ ਤੇ ਦਿੱਤੇ ਹੋਕੇ ਸਦਕਾ ਹੀ ਪੰਜਾਬੀ ਬੋਲੀ ਦੀਆਂ ਇਹ ਗਤੀਵਿਧੀਆਂ ਤੇਜ਼ ਹੋ ਸਕੀਆਂ ਹਨ। ਰਿਸ਼ੀ ਨਾਗਰ ਨੇ ਕਿਹਾ ਉਹਨਾਂ ਨੂੰ ਆਪਣੇ ਪੰਜਾਬੀ ਹੋਣ ਤੋਂ ਇਲਾਵਾ ਪੰਜਾਬੀ ਬੋਲੀ ਬੋਲਣ ਤੇ ਵੀ ਮਾਣ ਹੈ। ਉਹਨਾਂ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਉਹਨਾਂ ਦੁਆਰਾ ਰੇਡੀਓ ਤੋਂ ਕੀਤੇ ਪ੍ਰਚਾਰ ਕਾਰਨ ਇਸ ਤਰ੍ਹਾਂ ਦੇ ਉੱਦਮ ਹੋਣ ਲੱਗੇ ਹਨ। ਮਾਸਟਰ ਭਜਨ ਨੇ ਕਿਹਾ ਕਿ ਇਸ ਵਰਕਸ਼ਾਪ ਰਾਹੀਂ ਤਿਆਰ ਬੱਚੇ ਸਿਰਫ ਪੰਜਾਬੀ ਬੋਲੀ ਨਾਲ਼ ਹੀ ਨਹੀਂ ਜੁੜੇ ਸਗੋਂ ਮੰਚ ਤੋਂ ਬੋਲਣ ਨਾਲ਼ ਉਹਨਾਂ ਦੇ ਆਤਮ ਵਿਸ਼ਵਾਸ਼ ਵਿੱਚ ਵਾਧਾ ਹੋਇਆ ਹੈ। ਕਮਲਪ੍ਰੀਤ ਪੰਧੇਰ ਨੇ ਕਿਹਾ ਕਿ ਕੁਝ ਕਾਰਨਾਂ ਕਰਕੇ ਉਹਨਾਂ ਨੇ ਅਕਾਊਂਟੈਂਟ ਦਾ ਕਿੱਤਾ ਤਾਂ ਚੁਣ ਲਿਆ ਪਰ ਅਧਿਆਪਕ ਬਣਨ ਦੀ ਜੋ ਦਿੱਲੀ ਰੀਝ ਸੀ ਉਹ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਵਿੱਚ ਆ ਕੇ ਪੂਰੀ ਹੁੰਦੀ ਹੈ। ਤਾਨੀਆ ਲਹਿਲ ਦੇ ਪਰਿਵਾਰ ਵਲੋਂ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇੰਡੀਅਨ ਐਕਸ ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਪ੍ਰਧਾਨ ਹਰਗੁਰਜੀਤ ਸਿੰਘ ਮਿਨਹਾਸ ਨੇ ਇਸ ਵਰਕਸ਼ਾਪ ਲਈ ਬੱਚਿਆਂ ਅਤੇ ਪਰਿਵਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵਿੱਤ ਸਕੱਤਰ ਜੀਤਇੰਦਰ ਪਾਲ, ਗੋਪਾਲ ਜੱਸਲ ਜਾਜ਼ਰ ਸਨ। ਮੰਚ ਸੰਚਾਲਨ ਸੁਖਵੀਰ ਗਰੇਵਾਲ ਨੇ ਕੀਤਾ।

**ਪੰਜਾਬੀ ਸਿੱਖਣ ਲਈ ਭਰਵਾਂ ਹੁੰਗਾਰਾ :** ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਅਤੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸਾਂਝੇ ਬੈਨਰ ਹੇਠ ਸ਼ੁਰੂ ਹੋਣ ਵਾਲ਼ੀਆਂ ਪੰਜਾਬੀ ਸਿੱਖਣ ਦੀਆਂ ਜਮਾਤਾਂ ਲਈ ਰਜਿਸਟਰੇਸ਼ਨ ਨੂੰ ਬੇਮਿਸਾਲ ਹੁੰਗਾਰਾ ਮਿਲ਼ਿਆ। ਜੈਨਸਿਸ ਸੈਂਟਰ ਵਿੱਚ ਲਗਾਏ ਗਏ ਇੱਕ ਕੈਂਪ ਦੌਰਾਨ 100 ਤੋਂ ਵੀ ਵੱਧ ਬੱਚਿਆਂ ਨੇ ਪੰਜਾਬੀ ਲਿਖਣ ਅਤੇ ਪੜ੍ਹਨ ਵਿੱਚ ਰੁਚੀ ਦਿਖਾਈ। ਪੰਜਾਬੀ ਪੜ੍ਹਾਉਣ ਦੀਆਂ ਜਮਾਤਾਂ 2 ਅਪਰੈਲ ਤੋਂ ਕੈਲਗਰੀ ਪਬਲਿਕ ਲਾਇਬਰੇਰੀ ਵਿੱਚ ਸ਼ੁਰੂ ਹੋਣਗੀਆਂ। ਇਹ ਜਮਾਤਾਂ ਹਰ ਸ਼ਨੀਵਾਰ ਲਾਇਬਰੇਰੀ ਦੇ ਕੌਮਨ ਰੂਮ ਵਿੱਚ ਲੱਗਣੀਆਂ। ਜਮਾਤਾਂ ਦਾ ਸਮਾਂ ਸਵੇਰ 10:30 ਤੋਂ ਬਾਅਦ ਦੁਪਹਿਰ 12:30 ਵਜੇ ਤੱਕ ਹੋਵੇਗਾ। ਇਸ ਸਮੇਂ ਦੌਰਾਨ ਇੱਕ-ਇੱਕ ਘੰਟੇ ਦੀਆਂ ਦੋ ਕਲਾਸਾਂ ਲੱਗਣਗੀਆਂ। ਦੋਵੇਂ ਸੰਸਥਾਵਾਂ ਵਲੋਂ ਇਹਨਾਂ ਜਮਾਤਾਂ ਦੀ ਕੋਈ ਵੀ ਫੀਸ ਨਹੀਂ ਰੱਖੀ ਗਈ ਹੈ। ਵਲੰਟਰੀਅਰ ਸੇਵਾਵਾਂ ਲਈ ਸੁਖਵੀਰ ਗਰੇਵਾਲ ਨੂੰ 403-402-0770 ਅਤੇ ਮਾ. ਭਜਨ ਨੂੰ 403-455-4220 'ਤੇ ਸੰਪਰਕ ਕਰੋ।


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। [illegible]

ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

[illegible]

ਮਾਸਟਰ ਭਜਨ ਸਿੰਘ : 403-455-4220, ਪ੍ਰੋ. ਗੋਪਾਲ ਕਾਉਂਕੇ : 403-970-3588

Commitment to Excellent Services

Punjab Insurance Inc

Pii Punjab Insurance Inc

Your Insurance Advisor

Super Visa Insurance

Disability Insurance | Life Insurance| Critical Illness Insurance|

Mortgage Insurance Segregated Funds| RRSP & TFSA | RESP|

Email : dharbans@hotmail.com www.numberoneinsurance.ca



Harbans Singh
416-817-7142

# ਦਵਾ ਸਨਅਤ ਦਾ ਮੁਨਾ.ਫਾ ਤੇ ਬੀਮਾਰ ਮਨੁੱਖ



**ਡਾ. ਅਜੀਤਪਾਲ ਸਿੰਘ ਐਮ. ਡੀ.**

ਡਾਕਟਰੀ ਵਿਗਿਆਨ ਦੇ ਵਿਕਾਸ ਦੇ ਹਰ ਪੜਾਅ ਦੇ ਨਾਲ ਮਨੁੱਖ ਨੇ ਬੀਮਾਰੀਆਂ ਤੇ ਜਿੱਤ ਦੀਆਂ ਨਵੀਆਂ ਬੁਲੰਦੀਆਂ ਨੂੰ ਛੋਹਿਆ ਹੈ। ਖਾਸ ਕਰਕੇ ਪਿਛਲੇ 100 ਸਾਲਾਂ ਨੂੰ ਇਸ ਖੇਤਰ 'ਚ ਲੰਬੀ ਛਾਲ ਲੱਗੀ ਹੈ। ਅੱਜ ਸਾਡੇ ਕੋਲ ਜ਼ਿਆਦਾਤਰ ਬਿਮਾਰੀਆਂ ਨਾਲ ਲੜਣ ਲਈ ਦਵਾਈਆਂ ਦਾ ਜਖੀਰਾ ਮੌਜੂਦ ਹੈ। ਇੰਨੀਆ ਦਵਾਈਆਂ ਦੀ ਪੈਦਾਵਾਰ ਤੇ ਉਪਲਬਧਤਾ ਕਰਕੇ ਹੋਣਾ ਤਾਂ ਇਹ ਚਾਹੀਦਾ ਸੀ ਕਿ ਹਰ ਨਾਗਰਿਕ ਨੂੰ ਹਰ ਤਰ੍ਹਾਂ ਦੀ ਦਵਾ ਸਮੇਂ ਸਿਰ 'ਤੇ ਮੁਫ਼ਤੋ ਮੁਫ਼ਤੀ ਮੁਹੱਈਆ ਹੁੰਦੀ। ਪਰ ਸੱਚਾਈ ਤਾਂ ਇਸ ਤੋਂ ਕੋਹਾਂ ਦੂਰ ਹੈ। ਵੱਧ ਤੋਂ ਵੱਧ ਆਬਾਦੀ ਨੂੰ ਜ਼ਰੂਰੀ ਸੇਵਾਵਾਂ (ਦਵਾਈਆਂ) ਤੱਕ ਵੀ ਨਹੀਂ ਮਿਲਦੀਆਂ ਹਨ ਅਤੇ ਜਿਥੇ ਮਿਲਦੀਆਂ ਹਨ, ਉਥੇ ਜ਼ਿਆਦਾਤਰ ਲੋਕਾਂ ਦੀ ਪਹੁੰਚ ਹੀ ਨਹੀਂ ਹੈ। ਕਿਸੇ ਸਮੇਂ ਮਾਨਵਤਾਵਾਦੀ ਕਹੇ ਜਾਣ ਵਾਲਾ ਡਾਕਟਰ ਪੇਸ਼ਾ ਅੱਜ ਮੁਨਾਫ਼ਾ ਆਧਾਰਿਤ, ਗੈਰ ਮਨੁੱਖੀ ਤੇ ਬੇਰਹਿਮ ਤਾਣੇ ਬਾਣੇ ਦਾ ਸ਼ਿਕਾਰ ਹੋ ਗਿਆ ਹੈ। ਦਵਾ ਕੰਪਨੀਆਂ ਤੋਂ ਲੈ ਕੇ ਲਾਲਚੀ ਡਾਕਟਰ ਤੇ ਸਰਕਾਰ ਤੱਕ ਇਸ ਤੰਦੂਏ ਜਾਲ ਨੂੰ ਬੁਨਣ ਖਾਤਰ ਇਕਜੁਟ ਹਨ ਅਤੇ ਹਰ ਤਰ੍ਹਾਂ ਦੇ ਕਾਨੂੰਨਾਂ, ਥੋਥੇ ਨੈਤਿਕਤਾਪੂਰਨ ਭਾਸ਼ਣਾਂ ਅਤੇ ਅਪੀਲਾਂ ਦੇ ਬਾਵਜੂਦ ਇਹ ਗੌਰਖ ਧੰਦਾ ਤੇਜ਼ੀ ਨਾਲ ਮਾਨਵਤਾ ਦੇ ਗਲੇ 'ਚ ਰੱਸੀ ਵਾਂਗੂੰ ਕਸਦਾ ਜਾ ਰਿਹਾ ਹੈ। ਆਓ ਇਸ ਗੋਰਖਧੰਦੇ ਨੂੰ ਸਮਝੀਏ ਅਤੇ ਇਸ ਦੀ ਤਹਿ ਤੱਕ ਪਹੁੰਚੀਏ। ਟਾਵਰਸ ਵਾਟਸਨ ਨਾਮਕ ਇਕ ਵਿਸ਼ਵੀ ਸਰਵੇਖਣ ਕੰਪਨੀ ਅਨੁਸਾਰ ਭਾਰਤ ਦੀ ਦਵਾ ਸਨਅਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਦਵਾ ਸਨਅਤ ਹੈ। ਭਾਰਤ ਸਰਕਾਰ ਦੇ ਰਸਾਇਣ ਤੇ ਊਰਜਾ ਮੰਤਰਾਲੇ ਦੇ ਫਾਰਮਾਸਿਊਟੀਕਲ ਵਿਭਾਗ ਮੁਤਾਬਕ 2008-09 ਦਰਮਿਆਨ ਭਾਰਤ ਦੀ ਦਵਾ ਸਨਅਤ ਦਾ ਕੁਲ ਸਲਾਨਾ ਕਾਰੋਬਾਰ ਦਾ ਅਰਬ ਅਮਰੀਕੀ ਡਾਲਰ ਰਿਹਾ ਸੀ। ਸਾਡੇ ਦੇਸ਼ ਅੰਦਰ 2007 'ਚ ਹੀ ਛੋਟੀਆਂ-ਵੱਡੀਆਂ 10,563 ਦਵਾ ਕੰਪਨੀਆਂ ਸਨ ਜੋ ਕਰੀਬ 90 ਹਜ਼ਾਰ ਬਰਾਂਡ ਬਣਾਉਂਦੀਆਂ ਸਨ। ਇੰਡੀਅਨ ਬਰਾਂਡ ਇਕਵਟੀ ਫਾਊਂਡੇਸ਼ਨ ਨਾਂ ਦੀ ਇਕ ਗੈਰ ਸਰਕਾਰੀ ਸੰਸਥਾ ਵਲੋਂ ਕੀਤੇ ਗਏ ਇਕ ਸਰਵੇ ਅਨੁਸਾਰ 2020 ਤੱਕ ਭਾਰਤੀ ਦਵਾ ਬਾਜ਼ਾਰ ਦਾ ਕਾਰੋਬਾਰ 85 ਅਰਬ ਅਮਰੀਕੀ ਡਾਲਰ ਹੋ ਜਾਣ ਦੀ ਸੰਭਾਵਨਾ ਹੈ। ਬਹੁਤ ਤੇਜ਼ੀ ਨਾਲ ਵਧਦੀ ਹੋਈ ਦਵਾ ਸਨਅਤ ਸਾਡੇ ਦੇਸ਼ 'ਚ ਹੀ ਨਹੀਂ ਪੂਰੀ ਦੁਨੀਆ 'ਚ ਹਥਿਆਰਾਂ ਤੋਂ ਪਿਛੋਂ ਮੁਨਾਫ਼ੇ ਦਾ ਸਭ ਤੋਂ ਵੱਡਾ ਕਾਰੋਬਾਰ ਬਣਦਾ ਜਾ ਰਿਹਾ ਹੈ ਅਤੇ ਇਹ ਵੈਸੇ ਹੀ ਨਹੀਂ ਹੋ ਰਿਹਾ। ਇਸ ਖਾਤਰ ਹਰ ਤਰ੍ਹਾਂ ਦੇ ਹਥਕੰਡੇ ਇਨ੍ਹਾਂ ਕੰਪਨੀਆਂ ਵਲੋਂ ਅਪਣਾਏ ਜਾ ਰਹੇ ਹਨ। ਇਕ ਹਥਕੰਡਾ ਹੈ ਜੈਨਰਿਕ ਤੇ ਐਥੀਕਲ ਦਵਾਈਆਂ ਦਾ ਭਰਮ ਜਾਲ। ਜ਼ਿਆਦਾਤਰ ਲੋਕਾਂ ਦਾ ਇਹ ਮੰਨਣਾ ਹੈ ਕਿ ਜੈਨੇਰਿਕ ਦਵਾਈਆਂ ਦੀ ਗੁਣਵੰਣਤਾ ਬ੍ਰਾਂਡੇਡ ਐਕੀਕਲ ਦਵਾਈਆਂ ਤੋਂ ਘੱਟ ਹੁੰਦੀ ਹੈ। ਵੱਡੀਆਂ ਕੰਪਨੀਆਂ ਵਲੋਂ ਇਹ ਭਰਮ ਫੈਲਾਇਆ ਜਾਂਦਾ ਹੈ। ਪੜ੍ਹੇ ਲਿਖੇ ਲੋਕ ਅਕਸਰ ਇਸ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਸਭ ਤੋਂ ਪਹਿਲਾਂ ਤਾਂ ਵੇਖਦੇ ਹਾਂ ਕਿ ਜੈਨਰਿਕ ਦਵਾ ਆਖਰ ਹੁੰਦੀ ਕੀ ਹੈ? ਜਦ ਕਿਸੇ ਨਵੀਂ ਦਵਾ ਦੀ ਖੋਜ ਹੁੰਦੀ ਹੈ ਤਾਂ ਉਸ ਨੂੰ ਬਣਾਉਣ ਵਾਲੀ ਕੰਪਨੀ ਉਸ ਦਾ ਪੇਟੈਂਟ ਕਰਵਾ ਲੈਂਦੀ ਹੈ, ਇਸ ਤਰ੍ਹਾਂ ਉਸ ਦਵਾ ਨੂੰ ਬਣਾਉਣ ਤੇ ਵੇਚਣ ਦਾ ਅਧਿਕਾਰ ਸਿਰਫ਼ ਉਸੇ ਕੰਪਨੀ ਕੋਲ ਹੁੰਦਾ ਹੈ। ਅਜਿਹੇ 'ਚ ਇਹ ਕੰਪਨੀ ਆਪਣੀ ਮਨਚਾਹੀ ਕੀਮਤ ਨਾਲ ਇਸ ਨੂੰ ਬਾਜ਼ਾਰ 'ਚ ਉਤਾਰਦੀ ਹੈ ਅਤੇ ਅਥਾਹ ਮੁਨਾਫ਼ਾ ਕਮਾਉਂਦੀ ਹੈ। ਪੇਟੈਂਟ ਦਾ ਅਰਸਾ ਖਤਮ ਹੋ ਜਾਣ ਪਿਛੋਂ ਕੰਪਨੀ ਨੂੰ ਇਸ ਦਵਾ ਦਾ ਫਾਰਮੂਲਾ ਜਨਤਕ ਕਰਨਾ ਪੈਂਦਾ ਹੈ ਅਤੇ ਇਸ ਪਿਛੋਂ ਦੂਜੀਆਂ ਕੰਪਨੀਆਂ ਵੀ ਇਸ ਦਵਾ ਨੂੰ ਬਣਾ ਕੇ ਵੇਚ ਸਕਦੀਆਂ ਹਨ। ਹੁਣ ਮੁਕਾਬਲੇਬਾਜ਼ੀ ਜ਼ਿਆਦਾ ਹੋ ਜਾਣ ਕਰਕੇ ਇਹ ਕੰਪਨੀ ਉਸ ਨੂੰ ਦਵਾ ਨੂੰ ਬਹੁਤ ਸਸਤਾ ਵੇਖਦੀਆਂ ਹਨ। ਇਨ੍ਹਾਂ ਸਸਤੀਆਂ ਦਵਾਈਆਂ ਨੂੰ ਜੈਨੇਰਿਕ ਦਵਾਈਆਂ ਕਿਹਾ ਜਾਂਦਾ ਹੈ ਪਰ ਜਿਸ ਕੰਪਨੀ ਨੇ ਦਵਾ ਨੂੰ ਸਭ ਤੋਂ ਪਹਿਲਾਂ ਬਾਜ਼ਾਰ 'ਚ ਉਤਾਰਿਆ ਸੀ ਅਤੇ ਦੂਜੀਆਂ ਕੰਪਨੀਆਂ ਜੋ ਵੱਡੇ ਨਾਵਾਂ ਵਾਲੀਆਂ ਹਨ, ਉਸ ਖਾਸ ਦਵਾ ਨੂੰ ਉਨੇ ਹੀ ਮਹਿੰਗੇ ਭਾਅ ਵੇਚਦੀਆਂ ਹਨ ਜਿੰਨੇ ਸ਼ੁਰੂ 'ਚ ਸਨ। ਇਸ ਮਹਿੰਗੇ ਬ੍ਰਾਂਡ ਦੀ ਵਿਕਰੀ ਨਿਰੰਤਰ ਜਾਰੀ ਰਹੇ ਇਸ ਦੇ ਲਈ ਦਾਅਵੇ ਕੀਤੇ ਜਾਂਦੇ ਹਨ ਕਿ ਮਹਿੰਗੀਆਂ ਦਵਾਈਆਂ ਜੈਨੇਰਿਕ ਦਵਾਈਆਂ ਦੀ ਬਜਾਏ ਗੁਣਵੰਣਤਾ 'ਚ ਬੇਹਤਰ ਹੁੰਦੀਆਂ ਹਨ। ਆਮ ਲੋਕ ਹੀ ਨਹੀਂ ਬਹੁਤ ਸਾਰੇ ਡਾਕਟਰ ਵੀ ਵਿਸ਼ਵਾਸ ਕਰਦੇ ਹਨ ਕਿ ਜੈਨੇਰਿਕ ਦਵਾਈਆਂ ਦੀ ਕੁਆਲਟੀ ਏਨੀ ਅੱਤੀ ਨਹੀਂ ਹੁੰਦੀ। ਆਓ ਵੇਖੀਏ ਇਨ੍ਹਾਂ ਦਾਅਵਿਆਂ 'ਚ ਸੱਚਾਈ ਕਿੰਨੀ ਹੈ। ਅਮਰੀਕਾ ਦੇ ਬੋਸਟਨ ਵਿਚ ਹਾਰਵਡ ਮੈਡੀਕਲ ਸਕੂਲ ਵਿਚ 2008 'ਚ 47 ਦਿਲ ਦੇ ਰੋਗਾਂ ਦੀਆਂ ਜੈਨੇਰਿਕ ਤੇ ਬਰਾਂਡਿਡ ਦਵਾਈਆਂ 'ਤੇ ਖੋਜ ਕੀਤੀ ਗਈ ਅਤੇ ਪਾਇਆ ਗਿਆ ਕਿ ਜੈਨੇਰਿਕ ਦਵਾਈਆਂ ਆਪਣੀ ਰਸਾਇਣਕ ਬਣਤਰ 'ਚ ਬ੍ਰਾਂਡਿਡ ਦਵਾਈਆਂ ਦੇ ਬਰਾਬਰ ਹਨ, ਜੋ ਫਰਕ ਖੋਜੀਆਂ ਨੂੰ ਮਿਲਿਆ ਉਨ੍ਹਾਂ ਨੂੰ ਬਣਾਉਣ ਦੀ ਵਿਧੀ ਅਤੇ ਗੋਲੀਆਂ ਦੇ ਸਾਈਜ਼ 'ਤੇ ਰੰਗ ਵਰਗੇ ਇਲਾਜ ਵਜੋਂ ਸੈਰ ਜ਼ਰੂਰੀ ਗੁਣਾ 'ਚ ਸੀ। 2009 'ਚ ਅਮਰੀਕਾ 'ਚ ਹੀ ਹੋਈ ਇਕ ਖੋਜ 'ਚ ਪਾਇਆ ਗਿਆ ਕਿ ਜੈਨੇਰਿਕ ਦਵਾਈਆਂ ਗੁਣਾ 'ਚ ਬ੍ਰਾਂਡਿਡ ਦਵਾਈਆਂ ਦੇ ਬਰਾਬਰ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਹ ਫਰਕ ਸਿਰਫ਼ ਮੁਨਾਫ਼ੇ ਦਾ ਹੈ ਅਤੇ ਇਹ ਵੀ ਕਿ ਮੁਨਾਫ਼ੇ ਲਈ ਕਿਸੇ ਤਰ੍ਹਾਂ ਲੋਕਾਂ 'ਤੇ ਮਹਿੰਗੀਆਂ ਦਵਾਈਆਂ ਠੋਸੀਆਂ ਜਾਂਦੀਆਂ ਹਨ। ਆਓ ਹੁਣ ਆਪਾਂ ਇਹ ਜਾਣਦੇ ਹਾਂ ਕਿ ਜੈਨੇਰਿਕ ਦਵਾਈਆਂ ਗੁਣਵੰਣਤਾ 'ਚ ਬਰਾਂਡਿਡ ਦਵਾਈਆਂ ਦੇ ਬਰਾਬਰ ਹੁੰਦੀਆਂ ਹਨ ਪਰ ਹੁਣ ਇਕ ਨਵਾਂ ਹੱਥਕੰਡਾ ਸਾਹਮਣੇ ਆਉਂਦਾ ਹੇ। ਜੈਨੇਰਿਕ ਦਵਾਈਆਂ ਦੀ ਆੜ ਵਿਚ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਵੱਧ ਫੁਲ ਰਿਹਾ ਹੈ। ਸਾਰੀਆਂ ਬੀਮਾਰੀਆਂ ਦੀਆਂ ਨਸਲੀ ਦਵਾਈ ਬਾਜ਼ਾਰ 'ਚ ਮਿਲਦੀਆਂ ਹਨ ਜੋ ਮਰੀਜ਼ ਨੂੰ ਠੀਕ ਕਰਨਾ ਤਾਂ ਦੂਰ ਉਲਟਾ ਨੁਕਸਾਨ ਵੱਧ ਕਰਦੀਆਂ ਹਨ। ਇਹ ਸਭ ਸਰਕਾਰ ਤੇ ਦਵਾ ਵਿਭਾਗ ਦੇ ਨੱਕ ਹੇਠ ਹੋ ਰਿਹਾ ਹੈ। ਇਸ ਗੋਰਖ ਧੰਦੇ ਦੀ ਮਾਰ ਹੇਠ ਉਹ ਲੋਕ ਜੈਨੇਰਿਕ ਦਵਾਈਆਂ ਬਦਲੇ ਨਕਲੀ ਦਵਾਈਆਂ ਦੇ ਚੁੰਗਲ ਵਿਚ ਫਸ ਜਾਂਦੇ ਹਨ। ਸਾਫ਼ ਹੈ ਕਿ ਇਹ ਪੀੜਤ ਆਬਾਦੀ ਦੇਸ਼ ਦੀ ਵਿਆਪਕ ਮਿਹਨਤਕਸ਼ ਆਬਾਦੀ ਹੈ। ਇਸ ਅਬਾਦੀ ਨੂੰ ਗਰੀਬੀ ਕਾਰਨ ਲੋੜੀਂਦੀ ਖ਼ੁਰਾਕ ਨਹੀਂ ਮਿਲਦੀ ਅਤੇ ਗੰਦੇ ਮਾਹੌਲ 'ਚ ਰਹਿਣਾ ਪੈਂਦਾ ਹੈ ਜਿਸ ਕਾਰਨ ਬੀਮਾਰੀਆਂ ਦੀ ਲਪੇਟ 'ਚ ਵੀ ਇਹ ਆਬਾਦੀ ਸਭ ਤੋਂ ਵੱਧ ਆਉਂਦੀ ਹੈ। ਬੀਮਾਰ ਹੋਣ 'ਤੇ ਦਵਾ ਦੀ ਬਜਾਏ ਨਕਲੀ ਦਵਾ ਦੇ ਰੂਪ 'ਚ ਇਨ੍ਹਾਂ ਨੂੰ ਜ਼ਹਿਰ ਮਿਲਦਾ ਹੈ। ਇਹ ਜ਼ਹਿਰ ਜਾਨਲੇਬਾ ਹੀ ਸਾਬਤ ਹੁੰਦਾ ਹੈ। ਜੇ ਨਕਲੀ ਦਵਾ ਤੋਂ ਬਚਾ ਵੀ ਲਿਆ ਜਾਵੇ ਤਾਂ ਇਕ ਨਵਾਂ ਹੱਥਕੰਡਾ ਤਿਆਰ ਖੜ੍ਹਾ ਹੈ। ਪਿਛਲੇ ਸਾਲ ਖ਼ਬਰ ਆਈ ਸੀ ਕਿ ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਵਿਚ ਅਹਿਮਦਾਬਾਦ ਦੀ ਦਵਾ ਕੰਪਨੀਆਂ ਤੋਂ ਉਸ ਦੀਆਂ ਦਵਾਈਆਂ ਦੀ ਵਿਕਰੀ ਵਧਾਉਣ ਬਦਲੇ 44 ਡਾਕਟਰਾਂ ਨੂੰ ਕੈਸ਼ ਅਤੇ ਤੋਹਫ਼ੇ ਲੈਂਦੇ ਹੋਏ ਫੜਿਆ ਗਿਆ ਸੀ। ਇੰਡੀਅਨ ਮੈਡੀਕਲ ਕੌਂਸਲ ਨੇ ਆਂਧਰਾ ਪ੍ਰਦੇਸ਼ ਮੈਡੀਕਲ ਕੌਂਸਲ ਨੂੰ ਇਨ੍ਹਾਂ ਡਾਕਟਰਾਂ ਖਿਲਾਫ਼ ਐਕਸ਼ਨ ਲੈਣ ਦੇ ਹੁਕਮ ਵੀ ਦਿੱਤੇ ਸਨ। ਹਾਲ ਦੀ ਘੜੀ ਡਾਕਟਰਾਂ ਖਿਲਾਫ਼ ਐਕਸ਼ਨ ਲਿਆ ਜਾਣਾ ਹਾਲਾਂਕਿ ਬਾਕੀ ਹੈ ਪਰ ਇਸ ਲਈ ਸਿਰਫ਼ ਡਾਕਟਰ ਜ਼ਿੰਮੇਵਾਰ ਨਹੀਂ ਹਨ। ਡਾਕਟਰਾਂ ਤੇ ਦਵਾ ਕੰਪਨੀਆਂ ਦਾ ਇਹ 'ਅਪਵਿੱਤਰ ਗਠਜੋੜ' ਕੋਈ ਨਵੀਂ ਖੋਜ ਨਹੀਂ ਹੈ। ਬਹੁਤ ਪਹਿਲਾਂ ਤੋਂ ਹੀ ਦਵਾ ਕੰਪਨੀਆਂ ਆਪਣੇ ਏਜੰਟਾਂ ਰਾਹੀਂ ਇਹ ਕੰਮ ਅੰਜਾਮ ਦਿੰਦੀਆਂ ਆ ਰਹੀਆਂ ਹਨ। ਕੰਪਨੀਆਂ ਤੇ ਥੋਕ ਵਪਾਰੀਆਂ ਲਈ ਕੰਮ ਕਰਨ ਵਾਲੇ ਏਜੰਟ ਜਾਂ ਮੈਡੀਕਲ ਰਿਪਰਜੇਂਟੈਟਿਵ ਆਪਣੇ 'ਟੀਚੇ' ਪੂਰੇ ਕਰਨ ਹਿੱਤ ਡਾਕਟਰਾਂ ਨੂੰ ਫੜਦੇ ਹਨ ਅਤੇ ਕਮਿਸ਼ਨ ਵਜੋਂ ਡਾਕਟਰਾਂ ਨੂੰ ਵੀ 'ਟੀਚੇ' ਤਹਿ ਹੁੰਦੇ ਹਨ। ਇਥੋਂ ਸ਼ੁਰੂ ਹੁੰਦਾ ਹੈ ਮੁਨਾਫ਼ੇ ਦੀ ਹਵਸ਼ ਦਾ ਨੰਗਾ ਨਾਚ ਜਿਸ 'ਚ ਦਵਾ ਕੰਪਨੀਆਂ, ਦਵਾ ਵਿਕ੍ਰੇਤਾ ਤੇ ਡਾਕਟਰ ਇਕ ਦੂਜੇ ਦੇ ਕਦਮ ਨਾਲ ਕਦਮ ਮਿਲਾਉਂਦੇ ਹਨ। ਟਾਰਗੇਟ ਪੂਰਾ ਕਰਨ ਲਈ ਹਰ ਤਰ੍ਹਾਂ ਦੀਆਂ ਗੈਰ ਜ਼ਰੂਰੀ ਦਵਾਈਆਂ ਮਰੀਜ਼ਾਂ 'ਤੇ ਠੋਸ ਦਿੱਤੀਆਂ ਜਾਂਦੀਆਂ ਹਨ ਜੋ ਬਹੁਤ ਵਾਰੀ ਉਨ੍ਹਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਸ ਤੋਂ ਇਲਾਵਾ ਮਰੀਜ਼ ਦੀ ਜੇਬ 'ਤੇ ਜੋ ਬੋਝ ਪੈਂਦਾ ਹੈ ਉਸ ਬਾਰੇ ਲਿਖਣ ਦੀ ਲੋੜ ਨਹੀਂ ਹੈ। ਨਾਲ ਹੀ ਵੱਡੀ ਮਾਤਰਾ 'ਚ ਐਂਟੀਬਾਇਟਕ ਦਵਾਈਆਂ ਦੇ ਬੇਅਸਰ ਹੋਣ ਪਿਛੇ ਇਕ ਕਾਰਨ ਉਨ੍ਹਾਂ ਦੀ ਬੇਲੋੜੀ ਵਰਤੋਂ ਵੀ ਹੈ। ਸਪਸ਼ਟ ਹੈ ਕਿ ਮਾਮਲਾ 'ਐਥੀਕਲ ਦਵਾਈਆਂ' ਦਾ ਨਹੀਂ ਬਲਕਿ 'ਐਥਿਕਸ' ਯਾਨੀ ਨੈਤਿਕਤਾ ਦਾ ਹੈ, ਮਨੁੱਖਤਾ ਦਾ ਹੈ ਤੇ ਮਨੁੱਖੀ ਸੰਵੇਦਨਾ ਦਾ ਹੈ ਪਰ ਸਰਮਾਏਦਾਰੀ 'ਚ ਮਨੁੱਖਤਾ, ਨੈਤਿਕਤਾ ਤੇ ਭਾਵਨਾਵਾਂ ਦਾ ਕੋਈ ਅਰਥ ਨਹੀਂ ਹੁੰਦਾ। ਦਵਾ ਤਾਂ ਮੁਨਾਫ਼ੇ ਲਈ ਵਿਕਦੀ ਹੈ ਪਰ ਨਾਲ ਹੀ ਵਿਕਦੀ ਹੈ, ਜ਼ਿੰਦਗੀ, ਮਾਨਵੀ ਕਦਰਾਂ ਕੀਮਤਾਂ ਤੇ ਨੈਤਿਕਤਾ। ਇਨ੍ਹਾਂ ਦੀ ਕੀਮਤ ਕੋਡੀਆਂ ਤੋਂ ਵੀ ਸਸਤੀ ਹੁੰਦੀ ਹੈ। ਕੁਝ ਲੋਕ ਡਾਕਟਰਾਂ ਨੂੰ ਸੇਵਾ ਕਰਨ ਦੀ ਭਾਵੁਕ ਅਪੀਲ ਕਰਦੇ ਹਨ। ਕੁਝ ਲੋਕ ਅਸਰਦਾਇਕ ਨੀਤੀਆਂ 'ਤੇ ਸਖ਼ਤ ਕਾਨੂੰਨਾਂ ਦੀ ਗੱਲ ਕਰਦੇ ਹਨ ਤੇ ਕੁਝ ਲੋਕ ਕਹਿੰਦੇ ਹਨ ਕਿ ਅੱਛੇ ਬੁਰੇ ਲੋਕ ਹਰ ਪੇਸ਼ੇ 'ਚ ਹੁੰਦੇ ਹਨ ਅਤੇ ਅੱਜ ਅੱਛੇ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ ਪਰ ਇਹ ਸਿਰਫ਼ 'ਕੁਝ' ਲੋਕਾਂ, ਕੰਪਨੀਆਂ ਜਾਂ ਡਾਕਟਰਾਂ ਦੀ ਗੱਲ ਨਹੀਂ ਹੈ ਜੋ ਇਹ ਘਿਨੌਣੇ ਕੰਮ ਕਰ ਰਹੇ ਹਨ ਤੇ ਨਾ ਹੀ ਕੋਈ ਮਾਨਵਤਾਵਾਦੀ ਅਪੀਲ, ਸਖ਼ਤ ਕਾਨੂੰਨ ਜਾਂ ਕੁਝ ਚੰਗੇ ਲੋਕਾਂ ਦੀ ਭਲਮਾਨਸੀ ਨਾਲ ਕੁਝ ਅੱਛਾ ਹੋ ਸਕਦਾ ਹੈ। ਅਸਲ 'ਚ ਮੁਨਾਫ਼ੇ 'ਤੇ ਆਧਾਰ ਨਿਜਾਮ ਹੀ ਲੋਕਾਂ ਦਾ ਖ਼ੂਨ ਚੂਸਦਾ ਹੈ। ਸਰਮਾਏਦਾਰੀ ਆਪਣੇ ਆਪ 'ਚ ਮਨੁੱਖ ਦੋਖੀ ਪ੍ਰਣਾਲੀ ਹੈ, ਇਸ ਦਾ ਇਲਾਜ ਕਿਸੇ ਜੈਨੇਰਿਕ ਜਾਂ ਬ੍ਰਾਂਡਿਡ ਦਵਾਈਆਂ ਨਾਲ ਨਹੀਂ ਬਲਕਿ ਬੁਨਿਆਦੀ ਤਬਦੀਲੀ ਨਾਲ ਹੀ ਹੋ ਸਕਦਾ ਹੈ। ਨਿਜ਼ਾਮ ਬਦਲ ਕੇ ਮਿਹਨਤਕਸ਼ ਦਾ ਲੋਕ ਸਵਰਾਜ ਸਿਰਜਨ ਨਾਲ ਹੀ ਹੋ ਸਕਦਾ ਹੈ।

98156-29301

**(ਕਰਟਸੀ ਮਜ਼ਦੂਰ ਬਿਗਲ ਫਰਵਰੀ 2016)**



**Balkar Bajwa**

Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132



# ਮੱਧ ਪੂਰਬ ਦਾ ਸੰਕਟ, ਸਾਮਰਾਜੀ ਸ਼ਾਜਿਸ਼ਾਂ ਤੇ ਸਾਡਾ ਵਰਤਮਾਨ ਸਮਾਂ



ਡਾ. ਸੁਖਦੇਵ

ਪਿਛਲੇ ਲੰਬੇ ਸਮੇਂ ਤੋਂ ਮੀਡੀਆ ਵਿੱਚ, ਮੱਧ ਪੂਰਬ ਦਾ ਖਿੱਤਾ ਖ਼ਬਰਾਂ ਦੀ ਮੁੱਖ ਸੁਰਖੀ ਬਣਿਆ ਰਿਹਾ ਹੈ। ਲੰਬੇ ਅਰਸੇ ਤੋਂ ਸੰਸਾਰ ਦੇ ਯੁੱਧ ਗ੍ਰਸਤ ਖੇਤਰਾਂ ਵਿੱਚ ਮੱਧ ਪੂਰਬ ਦਾ ਨਾਮ ਸ਼ਾਮਲ ਹੈ। ਪਰ ਮੱਧ ਪੂਰਬ ਦੇ ਸੰਕਟ ਸਬੰਧੀ ਗੱਲ ਕਰਦਿਆਂ, ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਕੋਈ ਉਹਨਾਂ ਦੇਸ਼ਾਂ ਦੇ ਵਿਸ਼ੇਸ਼ ਚਰਿੱਤਰਗਤ ਸੁਭਾਅ ਕਰਕੇ, ਉਹਨਾਂ ਦੇਸ਼ਾਂ ਦੀ ਖੇਤਰੀ ਸਮੱਸਿਆ ਹੈ ਜਾਂ ਇਹ ਸੰਸਾਰ ਵਿਆਪੀ ਸਰਮਾਏਦਾਰਾ ਸੰਕਟ ਦਾ ਹੀ ਪ੍ਰਗਟਾਵਾ ਹੈ। ਮੱਧ ਪੂਰਬ ਦਾ ਨਾਂ ਆਉਂਦਿਆਂ ਹੀ ਸਭ ਤੋਂ ਪਹਿਲਾਂ ਫਿਲਸਤੀਨ ਅਤੇ ਇਜ਼ਰਾਇਲ ਦੇ ਝਗੜੇ ਦਾ ਨਾਂ ਆਉਂਦਾ ਹੈ, ਫਿਲਸਤੀਨ ਦੇ ਲੋਕਾਂ ਦਾ ਮੁਕਤੀ ਸੰਗ੍ਰਾਮ, ਇਜ਼ਰਾਇਲ ਦੀ ਫਾਸਿਸਟ ਜਾਇਨਵਾਦੀ ਹਾਕਮਾਂ ਨੂੰ ਦਿੱਤੀ ਜਾਣ ਵਾਲੀ ਸਾਮਰਾਜੀ ਦੇਸ਼ਾਂ ਦੀ ਸਹਾਇਤਾ, ਠੰਡੀ ਜੰਗ ਦੇ ਸਮੇਂ ਦੀਆਂ ਸਾਮਰਾਜੀ ਸਾਜ਼ਸ਼ਾਂ, ਹਥਿਆਰਾਂ ਦੀ ਵਿਕਰੀ ਦੇ ਮਾਮਲੇ ਵਿੱਚ ਸਾਮਰਾਜੀ ਦੇਸ਼ਾਂ ਵੱਲੋਂ, ਇੱਥੋਂ ਦੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਅਤੇ ਹਥਿਆਰਾਂ ਦੀ ਮੰਡੀ ਬਣਾਉਣ ਲਈ, ਇਹਨਾਂ ਦੇਸ਼ਾਂ ਦੇ ਲੋਕ ਵਿਰੋਧੀ ਅਤੇ ਪਿਛਾਂਹ ਖਿੱਚੂ ਹਾਕਮਾਂ ਨਾਲ ਮਿਲੀ ਭੁਗਤ ਅਤੇ ਫਿਰਕਾਪ੍ਰਸਤੀ ਦੇ ਨਾਂ 'ਤੇ ਕਿਰਤੀ ਲੋਕਾਂ ਵਿੱਚ ਫੁੱਟ ਪਾਉਣ ਦੀਆਂ ਸ਼ਰਮਨਾਕ ਕਾਰਵਾਈਆਂ, ਰਾਜਪਲਟੇ ਅਤੇ ਹਥਿਆਰਬੰਦ ਅੱਤਵਾਦੀ ਸੰਗਠਨ ਖੜ੍ਹੇ ਕਰਕੇ ਆਪਣੀਆਂ ਨੀਤੀਆਂ ਨੂੰ ਅਮਲ ਵਿੱਚ ਲਿਆਉਣਾ ਸਾਹਮਣੇ ਆਉਂਦਾ ਹੈ। ਇਹਨਾਂ ਸਾਰੀਆਂ ਘਟਨਾਵਾਂ ਨੂੰ, ਅੱਜ ਦੇ ਸੰਸਾਰ ਸਰਮਾਏਦਾਰੀ ਪ੍ਰਬੰਧ ਤੋਂ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ। ਇਹਨਾਂ ਦੇਸ਼ਾਂ 'ਚ ਦੇਸੀ ਵਿਦੇਸ਼ੀ ਸਰਮਾਏਦਾਰਾਂ ਦੀ ਲੁੱਟ ਦਾ ਸ਼ਿਕਾਰ ਮਜ਼ਦੂਰ ਅਤੇ ਕਿਰਤੀ ਲੋਕਾਂ ਦੀ ਪ੍ਰਤੀਕ੍ਰਿਆ ਦਾ ਵੀ ਆਪਣਾ ਇਤਿਹਾਸ ਹੈ। ਸਰਮਾਏ ਅਤੇ ਕਿਰਤ ਦੇ ਮਹਾਂਸੰਗ੍ਰਾਮ ਦੇ ਇਸ ਉੱਚੇ ਇਤਿਹਾਸਕ ਦੌਰ ਵਿੱਚ, ਜਮਾਤੀ ਸੰਘਰਸ਼, ਸਾਡੇ ਵਰਤਮਾਨ ਇਤਿਹਾਸ ਦੀ ਸਿਰਜਣਾ ਦਾ ਹਮੇਸ਼ਾਂ ਵਾਂਗ ਅੱਜ ਵੀ ਬੁਨਿਆਦੀ ਪੱਖ ਹੈ। ਇਸ ਲਈ ਚੀਜ਼ਾਂ ਨੂੰ ਉਹਨਾਂ ਦੇ ਆਪਣੇ ਇਤਿਹਾਸਕ ਵਿਕਾਸ ਅਤੇ ਅੰਦਰੂਨੀ ਤੇ ਬਾਹਰੀ ਸਬੰਧਾਂ ਦੇ ਚੌਖਟੇ ਵਿੱਚ ਸਮਝਣ ਦੀ ਕੋਸ਼ਿਸ਼ ਹੀ, ਇਸ ਲੇਖ ਦਾ ਮਕਸਦ ਹੈ।

**ਸੰਸਾਰ ਸਰਮਾਏਦਾਰੀ ਦੇ ਵਰਤਮਾਨ ਸੰਕਟ ਦੇ ਸੰਦਰਭ ਚੌਖਟੇ 'ਚ ਮੱਧ ਪੂਰਬ**

21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹੀ ਸਾਰੀ ਦੁਨੀਆ ਸੰਸਾਰ ਵਿਆਪੀ ਸਰਮਾਏਦਾਰਾ ਮੰਦਵਾੜੇ ਦਾ ਸ਼ਿਕਾਰ ਹੋ ਗਈ। ਚਾਹੇ ਅਮਰੀਕਾ ਅਤੇ ਯੋਰਪ ਦੇ ਵਿਕਸਤ ਦੇਸ਼ ਹੋਣ ਜਾਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ ਹੋਣ, ਸਭ ਥਾਵਾਂ 'ਤੇ ਮਜ਼ਦੂਰਾਂ ਦੇ ਹੱਕਾਂ 'ਤੇ ਹਮਲੇ ਤੇਜ਼ ਹੋ ਗਏ। ਨਤੀਜੇ ਵਜੋਂ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਵੱਲੋਂ ਰੋਸ ਪ੍ਰਗਟਾਵਿਆਂ ਦਾ ਸਿਲਸਿਲਾ 21ਵੀਂ ਸਦੀ ਦੇ ਅਰੰਭ ਵਿੱਚ ਹੀ, ਇੱਕ ਕੌਮਾਂਤਰੀ ਵਰਤਾਰੇ ਦੇ ਰੂਪ ਵਿੱਚ ਸਾਹਮਣੇ ਆਇਆ। ਪਰ ਮੱਧ ਪੂਰਬ ਦੇ ਦੇਸ਼ਾਂ ਵਿੱਚ ਇਹ ਬਹੁਤ ਜ਼ਬਰਦਸਤ ਲੋਕ ਵਿਦਰੋਹ ਦੇ ਰੂਪ ਵਿੱਚ ਸਾਹਮਣੇ ਆਇਆ। ਅਰਬ ਬਹਾਰ ਦੇ ਨਾਂ ਨਾਲ ਜਾਣਿਆਂ ਜਾਣ ਵਾਲਾ ਇਹ ਸੰਘਰਸ਼ 21ਵੀਂ ਸਦੀ ਦੇ ਇਤਿਹਾਸ ਦਾ ਪਹਿਲਾ ਵੱਡਾ ਲੋਕ ਵਿਦਰੋਹ ਹੈ ਜਿਸ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਸਭ ਤੋਂ ਪਹਿਲਾਂ ਇਸ ਸੰਘਰਸ਼ ਨੇ ਲੋਕਾਂ ਦੀ ਅਥਾਹ ਸਮਰੱਥਾ ਨੂੰ ਪ੍ਰਗਟ ਕੀਤਾ ਹੈ। ਦੂਜੇ ਪਾਸੇ ਇਸ ਸੰਘਰਸ਼ ਦੀ ਹਾਰ ਦੇ ਗੰਭੀਰ ਅਧਿਐਨ ਦੀ ਜ਼ਰੂਰਤ ਹੈ। ਇਹ ਹਾਰ ਤੋਂ ਬਾਅਦ, ਮੱਧ ਪੂਰਬ ਵਿੱਚ ਕੱਟੜਪੰਥੀ, ਫਿਰਕਾਪ੍ਰਸਤ ਤੇ ਫਾਸੀਵਾਦੀ ਤਾਕਤਾਂ ਲਈ ਰਾਹ ਪੱਧਰਾ ਹੋਇਆ ਹੈ। ਇੱਕ ਵਾਰ ਫੇਰ ਉਸ ਇਤਿਹਾਸਕ ਸਬਕ ਦੀ ਪੁਸ਼ਟੀ ਹੋਈ ਹੈ ਜਿਸ ਦਾ ਖਦਸ਼ਾ ਜਰਮਨੀ ਵਿੱਚ ਫਾਸੀਵਾਦ ਦੇ ਆਉਣ ਤੋਂ ਪਹਿਲਾਂ ਰੋਜ਼ਾ ਲਗਜ਼ਮਬਰਗ ਨੇ ਪ੍ਰਗਟ ਕੀਤਾ ਸੀ ਕਿ ਇਨਕਲਾਬ ਨਾ ਹੋਣ ਦੀ ਸਜ਼ਾ ਫਾਸੀਵਾਦ ਦੇ ਰੂਪ ਵਿੱਚ ਮਿਲੇਗੀ। ਮੱਧ ਪੂਰਬ ਦੇ ਦੇਸ਼ਾਂ ਦਾ ਵਿਦਰੋਹ, ਉਸਦੀ ਹਾਰ ਦਾ ਵਿਸ਼ਲੇਸ਼ਣ ਇੱਕ ਵੱਖਰਾ ਵਿਸ਼ਾ ਹੈ। 21ਵੀਂ ਸਦੀ ਦੇ ਚੜ੍ਹਦਿਆਂ ਹੀ ਸੰਸਾਰ ਸਰਮਾਏਦਾਰੀ ਪ੍ਰਬੰਧ ਹੱਲ ਨਾ ਹੋ ਸਕਣ ਵਾਲੇ ਸੰਕਟ ਵਿੱਚ ਫਸ ਗਿਆ ਹੈ। ਇੱਕ ਪਾਸੇ ਇਹ ਲੋਕਾਂ ਲਈ ਅਥਾਹ ਮੁਸੀਬਤਾਂ ਲੈ ਕੇ ਆਇਆ ਹੈ, ਦੂਜੇ ਪਾਸੇ 20ਵੀਂ ਸਦੀ ਦੇ ਅੰਤ ਵਿੱਚ ਨਜ਼ਰ ਆਉਂਦੀ, ਅੰਤਰ-ਸਾਮਰਾਜੀ ਸ਼ਾਂਤੀ, ਸਾਮਰਾਜ ਦੇ ਵੱਖ-ਵੱਖ ਧੜਿਆਂ ਦੀ ਖਹਿ-ਭੇੜ ਅਤੇ ਦੁਸ਼ਮਣੀ ਦਾ ਰੂਪ ਧਾਰਨ ਲੱਗੀ ਹੈ। ਮੱਧ ਪੂਰਬ ਅਤੇ ਖਾਸ ਕਰਕੇ ਸੀਰੀਆ ਵਿੱਚ, ਰੂਸੀ-ਅਮਰੀਕੀ ਟਕਰਾਅ ਇਸ ਦੀ ਉੱਘੜਵੀ ਮਿਸਾਲ ਹੈ। ਜਿਸ ਸਾਮਰਾਜੀ ਖਹਿ-ਭੇੜ ਨੇ ਦੋ ਸੰਸਾਰ ਜੰਗਾਂ ਨੂੰ ਜਨਮ ਦਿੱਤਾ ਸੀ, ਉਹ ਸਾਮਰਾਜੀ ਖਹਿਭੇੜ ਇੱਕ ਵਾਰ ਫਿਰ ਆਪਣੇ ਨੰਗੇ ਚਿੱਟੇ ਬੇਸ਼ਰਮ ਰੂਪ ਵਿੱਚ, ਬੇਪਰਦ ਹੋ ਗਿਆ ਹੈ। ਦੁਨੀਆਂ ਭਰ ਦੇ ਲੋਕਾਂ ਨੂੰ ਜਮਹੂਰੀਅਤ ਦੀ ਸਿੱਖਿਆ ਦੇਣ ਤੇ ਅੱਤਵਾਦ ਤੋਂ ਬਚਾਉਣ ਵਾਲੇ ਇੱਕ ਮਾਤਰ ਮਸੀਹੇ ਵਾਲਾ ਉਸ ਦਾ ਚੋਲ਼ਾ ਲੀਰੋਲੀਰ ਹੋ ਗਿਆ ਹੈ। ਭਾਵੇਂ ਸਮਝਦਾਰ ਲੋਕਾਂ ਲਈ ਤਾਂ ਪਹਿਲਾਂ ਵੀ ਇਹ ਕੋਈ ਰਹੱਸ ਨਹੀਂ ਸੀ।

ਕਿਰਤ ਸ਼ਕਤੀ ਦੇ ਕੁਦਰਤੀ ਵਸੀਲਿਆਂ ਦੀ ਬੇਕਿਰਕ ਲੁੱਟ, ਅਜੋਕੀ ਸਰਮਾਏਦਾਰੀ ਨੂੰ ਜਿਉਂਦਾ ਰੱਖਣ ਦੀ ਜ਼ਰੂਰਤ ਬਣ ਗਿਆ ਹੈ ਜਾਂ ਸਮਝੋ ਕਿ ਮਨੁੱਖਤਾ ਅਤੇ ਕੁਦਰਤ ਦੀ ਤਬਾਹੀ, ਸਰਮਾਏਦਾਰੀ ਨੂੰ ਚੱਲਦੇ ਰੱਖਣ ਦੀ ਸ਼ਰਤ ਬਣ ਗਈ ਹੈ। ਪੈਟਰੋਲੀਅਮ ਪਦਾਰਥ ਅਤੇ ਧਰਤੀ ਹੇਠਲੇ ਹੋਰ ਖਣਿਜ ਪਦਾਰਥ, ਜੰਗਲਾਂ ਦੀ ਤਬਾਹੀ ਅਤੇ ਹਰ ਤ੍ਹਾਂ ਦੇ ਕੁਦਰਤੀ ਵਸੀਲਿਆਂ ਦਾ ਬੇਕਿਰਕ ਉਜਾੜਾ, ਅਜੋਕੇ ਸਰਮਾਏਦਾਰਾ ਵਿਕਾਸ ਦਾ ਅਹਿਮ ਲੱਛਣ ਹੈ। ਵਿਕਾਸ ਦੇ ਇਸ ਮਾਡਲ ਦੇ ਕੇਂਦਰ ਵਿੱਚੋਂ ਮਨੁੱਖ ਗਾਇਬ ਹੈ। ਮਜ਼ਦੂਰ ਜਮਾਤ ਦੀ ਕਿਰਤ ਸ਼ਕਤੀ ਨਾਲ ਹੋ ਰਿਹਾ ਇਹ ਵਿਕਾਸ, ਕਿਰਤੀਆਂ ਦੀ ਜ਼ਿੰਦਗੀ ਨੂੰ ਤਾਂ ਨਰਕ ਬਣਾ ਹੀ ਰਿਹਾ ਹੈ, ਧਰਤੀ ਜਾਂ ਕੁਦਰਤ ਦੀ ਹੋਂਦ ਲਈ ਵੀ ਖਤਰਾ ਬਣ ਗਿਆ ਹੈ। ਪਿੱਛੇ ਜਿਹੇ ਚੇਨੱਈ ਵਿੱਚ ਹੋਈ ਹੜ੍ਹ ਨਾਲ ਤਬਾਹੀ ਜਾਂ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਬਰਸਾਤ ਅਤੇ ਹੜ੍ਹ ਨਾਲ ਵਾਪਰਨ ਵਾਲੀ ਤ੍ਰਾਸਦੀ, ਇਸ ਵਿਕਾਸ ਦਾ ਨਮੂਨਾ ਹੈ। ਪ੍ਰਦੂਸ਼ਣ ਦੀ ਸਮੱਸਿਆ, ਓਜ਼ੋਨ ਪਰਤ ਵਿਚਲੇ ਛੇਕ, ਇਸ ਵਿਕਾਸ ਦੀ ਬਦੌਲਤ ਧਰਤੀ 'ਤੇ ਵਾਪਰਨ ਵਾਲੀਆਂ ਤਬਾਹੀਆਂ, ਹੜ੍ਹ, ਸੋਕੇ, ਭੂਚਾਲ ਜਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਵਾਪਰਨ ਵਾਲੀਆਂ ਤਬਾਹੀਆਂ ਲਈ ਬਹਿਸ ਚੱਲ ਰਹੀ ਹੈ। ਸਰਮਾਏਦਾਰਾਂ ਦੇ ਟੁਕੜਿਆਂ 'ਤੇ ਪਲਣ ਵਾਲਿਆਂ ਬੁੱਧੀਜੀਵੀਆਂ ਅਤੇ ਜਥੇਬੰਦੀਆਂ, ਜਿਹਨਾਂ ਦਾ ਸ਼ਿਕਾਰ ਸਾਡੇ ਨਿਮਨ-ਬੁਰਜੂਆ ਬੁੱਧੀਜੀਵੀਆਂ ਵਿਚਲੀਆਂ ਕਈ ਭੋਲੀਆਂ ਆਤਮਾਵਾਂ ਵੀ ਸ਼ਿਕਾਰ ਹੋ ਜਾਂਦੀਆਂ ਹਨ, ਦਿਨ-ਰਾਤ ਮਗਜਪੱਚੀ ਕਰਦੇ ਹੋਈ, ਨਵੇਂ-ਨਵੇਂ ਸੁਧਾਰਵਾਦੀ ਨੁਸਖੇ ਸੁਝਾਉਂਦੇ ਹਨ। ਬਹੁਤ ਸਾਰੇ ਸੁਹਿਰਦ ਲੋਕ ਵੀ ਇਹਨਾਂ ਦੇ ਡੰਗ ਟਪਾਊ ਸੁਝਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਪ੍ਰੰਤੂ ਇਹਨਾਂ ਬਹਿਸਾਂ ਦੀ ਇੱਕ ਸੀਮਾਂ ਮਿਥ ਲਈ ਜਾਂਦੀ ਹੈ। ਲੋਕਾਂ ਦੇ ਦੁੱਖਾਂ-ਦਰਦਾਂ ਦੀ ਗੱਲ ਕਰਦਿਆਂ, ਮਗਰਮੱਛੀ ਹੰਝੂ ਵਹਾਉਣੇ ਅਤੇ ਇਹਨਾਂ ਸਾਰੀਆਂ ਤਰਾਸਦੀਆਂ (ਜੰਗਾਂ-ਯੁੱਧਾਂ ਤੇ ਅਖੌਤੀ ਕੁਦਰਤੀ ਕਰੋਪੀਆਂ) ਦੀ ਅਸਲ ਦੋਸ਼ੀ ਸਰਮਾਏਦਾਰੀ ਦੇ ਗੁਨਾਹਾਂ ਨੂੰ ਛੁਪਾਉਣਾ। ਸਰਮਾਏਦਾਰੀ ਦੀ ਸੇਵਾ ਵਿੱਚ ਲੱਗੇ ਇਹਨਾਂ ਭਾੜੇ ਦੇ ਬੁੱਧੀਜੀਵੀਆਂ ਅਤੇ ਉਹਨਾਂ ਦਾ ਸਾਥ ਦੇ ਰਹੇ ਕੁਝ ਲੋਕ-ਹਿਤੈਸ਼ੀ ਭੋਲੇ ਬੁੱਧੀਜੀਵੀਆਂ ਦੇ ਜਾਲ ਵਿੱਚੋਂ ਕੱਢਣ ਦੇ ਬੇਹੱਦ ਜ਼ਰੂਰੀ ਵਿਚਾਰਧਾਰਕ ਕੰਮ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿੱਥੋਂ ਤੱਕ ਮਜ਼ਦੂਰ ਜਮਾਤ ਦੀ ਗੱਲ ਹੈ, ਇਸ ਨੇ ਤਾਂ 19 ਵੀਂ ਸਦੀ ਵਿੱਚ ਪ੍ਰਵਾਨ ਚੜ੍ਹ ਰਹੀ ਸਰਮਾਏਦਾਰੀ ਦੀ ਚੜ੍ਹਤ ਦੇ ਦੌਰ ਵਿੱਚ ਹੀ, ਪੈਰਿਸ ਕਮਿਊਨ ਦੇ ਰੂਪ ਵਿੱਚ ਪਹਿਲੀ ਚੁਣੌਤੀ ਦੇ ਕੇ, ਆਪਣੀ ਮਹਾਨ ਸ਼ਕਤੀ ਦੇ ਦਰਸ਼ਨ ਕਰਾ ਦਿੱਤੇ ਸਨ। 1917 ਦੇ ਰੂਸੀ ਇਨਕਲਾਬ ਨਾਲ ਸ਼ੁਰੂ ਹੋਏ ਇਸ ਸੰਘਰਸ਼ ਨੇ ਦੁਨੀਆਂ ਦੀ ਇੱਕ ਤਿਹਾਈ ਅਬਾਦੀ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਪਰ 1956 ਵਿੱਚ ਸੋਵੀਅਤ ਸੰਘ ਅਤੇ 1976 ਵਿੱਚ ਚੀਨ ਵਿੱਚ ਸਰਮਾਏਦਾਰਾਂ ਦੀ ਜਿੱਤ ਨਾਲ ਇਸ ਮਹਾਨ ਜਮਾਤੀ ਸੰਘਰਸ਼ ਵਿੱਚ ਇੱਕ ਵਾਰ ਫਿਰ ਸਰਮਾਏਦਾਰਾਂ ਦਾ ਪਲੜ੍ਹਾ ਭਾਰੀ ਹੋ ਗਿਆ। ਇਸੇ ਦਰਮਿਆਨ ਦੁਨੀਆਂ ਦੇ ਬਾਕੀ ਸਮਾਜਵਾਦੀ ਦੇਸ਼ਾਂ ਵਿੱਚ ਵੀ ਸਰਮਾਏਦਾਰੀ ਦੀ ਬਹਾਲੀ ਹੋ ਗਈ। ਜਿੱਥੋਂ ਤੱਕ ਕੌਮੀ ਮੁਕਤੀ ਲਹਿਰਾਂ ਦੀ ਗੱਲ ਹੈ ਇਹ ਲਤੀਨੀ ਅਮਰੀਕਾ, ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਵਿੱਚ ਵੱਖ-ਵੱਖ ਰੂਪਾਂ ਵਿੱਚ ਚੱਲੀਆਂ। ਪਰ ਅੱਜ ਇਹ ਦੇਸ਼ ਵਿਕਾਸ ਦੇ ਪੂਰਵ ਸਮਾਜਵਾਦੀ ਰੂਪਾਂ ਨੂੰ ਪਿੱਛੇ ਛੱਡਦੇ ਹੋਏ ਸਰਮਾਏਦਾਰੀ ਮੰਜ਼ਲ ਵਿੱਚ ਦਾਖਲ ਹੋ ਚੁੱਕੇ ਹਨ। ਦੁਨੀਆਂ ਭਰ ਵਿੱਚ ਸਮਾਜਵਾਦੀ ਖੇਮੇ ਦੀ ਹਾਰ ਤੋਂ ਬਾਅਦ ਸਾਰਾ ਸੰਸਾਰ ਸਰਮਾਏਦਾਰੀ ਦੇ ਤਰਕ ਨਾਲ ਚੱਲ ਰਿਹਾ ਹੈ। ਇਸ ਸਰਮਾਏਦਾਰੀ ਪ੍ਰਬੰਧ ਨੂੰ ਇੱਕ ਤੋਂ ਬਾਅਦ ਇੱਕ ਜਾਨਲੇਵਾ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਵਰਤਮਾਨ ਸੰਕਟ ਇਸਦਾ ਸਭ ਤੋਂ ਭਿਆਨਕ ਸੰਕਟ ਹੈ ਪਰ 21 ਵੀਂ ਸਦੀ ਦੀ ਇਸ ਪਹਿਲੀ ਮਹਾਂਮੰਦੀ ਅਤੇ 1930 ਦੀ ਮਹਾਂਮੰਦੀ ਵਿੱਚ ਫ਼ਰਕ ਹੈ। ਉਦੋਂ ਬੇਸ਼ੱਕ ਸਰਮਾਏਦਾਰੀ ਦੀ ਮੌਤ ਬੜੀ ਨੇੜੇ ਨਜ਼ਰ ਆ ਰਹੀ ਸੀ ਅਤੇ ਸਮਾਜਵਾਦ ਦੀ ਚੁਣੌਤੀ ਵੀ ਸਾਹਮਣੇ ਖੜੀ ਸੀ, ਫਿਰ ਵੀ ਮਰਨ ਕੰਢੇ ਪਈ ਸਰਮਾਏਦਾਰੀ ਦੀ ਜਾਨ ਬਚਾਉਣ ਲਈ ਕੀਨਜ਼ਵਾਦੀ ਨੁਸਖੇ ਕੰਮ ਆ ਗਏ। ਇਹਨਾਂ ਨੇ ਵਕਤੀ ਤੌਰ 'ਤੇ ਸਰਮਾਏਦਾਰੀ ਨੂੰ ਮਰਨੋਂ ਬਚਾ ਲਿਆ। ਮਨੁੱਖੀ ਇਤਿਹਾਸ ਦੇ ਜਿਸ ਪੜਾਅ ਵਿੱਚ ਆਪਾਂ ਪਹੁੰਚ ਚੁੱਕੇ ਹਾਂ, ਇਸ ਬਾਰੇ ਪ੍ਰਸਿੱਧ ਇਤਿਹਾਸਕਾਰ ਐਰਿਕ ਹਾਬਸਬਾਮ ਨੇ ਆਪਣੀ ਮੌਤ ਤੋਂ ਥੋੜਾ ਚਿਰ ਪਹਿਲਾਂ ਕਿਹਾ ਸੀ ਕਿ ਮੰਡੀ ਰੂੜ੍ਹੀਵਾਦ ਦੇ ਵਧਦੇ ਹੋਏ ਮਹੱਤਵ ਕਾਰਨ ਦੇਸ਼ਾਂ ਅਤੇ ਖੇਤਰਾਂ ਵਿੱਚ ਬੇਹੱਦ ਵਾਧਾ ਹੋਇਆ ਹੈ ਅਤੇ ਸਰਮਾਏਦਾਰੀ ਅਰਥਚਾਰੇ ਦੀ ਬੁਨਿਆਦੀ ਗਤੀ ਵਿੱਚ ਮਹਾਂ ਬਿਪਤਾ ਦਾ ਉਹੋ ਜਿਹਾ ਤੱਤ, ਦੁਬਾਰਾ ਆ ਗਿਆ ਹੈ ਜਿਸ ਕਾਰਨ 1930 ਦੇ ਬਾਅਦ ਦਾ ਸਭ ਤੋਂ ਵੱਧ ਗੰਭੀਰ ਭੂਮੰਡਲੀ ਖਤਰਾ ਮੰਡਰਾ ਰਿਹਾ ਹੈ ਇਹ ਮੰਡੀ ਰੂੜ੍ਹੀਵਾਦ ਕੀ ਹੈ, ਇਸ ਨੂੰ ਸਮਝਣ ਲਈ ਥੋੜਾ ਪਿੱਛੇ ਜਾਣਾ ਪਏਗਾ। 1930 ਦੇ ਸਰਮਾਏਦਾਰਾ ਸੰਕਟ ਵਿੱਚੋਂ ਨਿਕਲਣ ਲਈ, ਸਾਮਰਾਜ ਵਿੱਚ ਬਦਲ ਚੁੱਕੀ ਸਰਮਾਏਦਾਰੀ ਦੀ ਮਰਨਾਊ ਹਾਲਤ ਤੋਂ ਛੁਟਕਾਰੇ ਵਾਸਤੇ, ਸਰਮਾਏਦਾਰਾ ਹਕੀਮਾਂ ਜਾਂ ਚਿੰਤਕਾ ਵਿੱਚੋਂ ਇੱਕ ਪ੍ਰਸਿੱਧ ਅਰਥਸ਼ਾਸਤਰੀ ਕੀਨਜ਼ ਦੇ ਸੁਝਾਅ ਨੂੰ ਲਾਗੂ ਕੀਤਾ ਗਿਆ। ਉਸ ਦੌਰ ਨੂੰ ਕੀਨਜ਼ਵਾਦੀ ਆਰਥਿਕਤਾ ਦਾ ਦੌਰ ਕਿਹਾ ਜਾਂਦਾ ਹੈ। ਇੱਕ ਪਾਸੇ ਸਰਮਾਏਦਾਰੀ ਮੰਦਵਾੜਾ ਸੀ ਅਤੇ ਦੂਜੇ ਪਾਸੇ ਸਫਲ ਸਮਾਜਵਾਦੀ ਇਨਕਲਾਬਾਂ ਦਾ ਖਤਰਾ ਸਾਹਮਣੇ ਖੜ੍ਹਾ ਸੀ। ਉਸ ਸਮੇਂ ਇਹਨਾਂ ਨੀਤੀਆਂ ਦਾ ਮੁੱਖ ਨੁਕਤਾ ਇਹ ਸੀ ਕਿ ਅਰਥਚਾਰੇ ਦੇ ਮਾਮਲੇ ਵਿੱਚ ਪਹਿਲਕਦਮੀ ਰਾਜ ਆਪਣੇ ਹੱਥ ਵਿੱਚ ਲਵੇ। ਕਲਿਆਣਕਾਰੀ ਰਾਜ ਦਾ ਸੰਕਲਪ ਸਾਹਮਣੇ ਆਇਆ। ਸਮਾਜ ਕਲਿਆਣ ਜਾਂ ਲੋਕ ਭਲਾਈ ਦੇ ਕੁਝ ਕੰਮ ਰਾਜ ਨੇ ਆਪਣੇ ਹੱਥ ਵਿੱਚ ਲੈ ਕੇ, ਲੋਕ ਰੋਹ ਨੂੰ ਸ਼ਾਂਤ ਕਰਨ ਦੀ ਨੀਤੀ ਅਪਣਾਈ। ਆਰਥਕਤਾ ਦੇ ਕੁਝ ਖੇਤਰ ਸਰਮਾਏਦਾਰਾ ਰਾਜ ਦੀ ਦੇਖ-ਰੇਖ ਵਿੱਚ ਕੰਮ ਕਰਨ ਲੱਗੇ। ਜਿਸ ਨੂੰ ਰਾਜਕੀ ਖੇਤਰ ਕਿਹਾ ਜਾਂਦਾ ਹੈ। ਭਾਰਤ ਵਰਗੇ ਦੇਸ਼ਾਂ ਵਿੱਚ ਇਸ ਨੂੰ ਪਬਲਿਕ ਸੈਕਟਰ ਕਿਹਾ ਗਿਆ।

ਠੰਢੀ ਜੰਗ ਦੇ ਦੌਰ ਵਿੱਚ ਵੀ ਇਹ ਮੁਕਾਬਲਤਨ ਸਥਿਰਤਾ ਦਾ ਦੌਰ ਬਣਿਆ ਰਿਹਾ। ਉਸ ਦੌਰ ਵਿੱਚ ਵੀ ਸਾਮਰਾਜ ਵਿਰੋਧੀ, ਕੌਮੀ ਮੁਕਤੀ ਦੇ ਘੋਲਾਂ ਵਿੱਚ ਸੰਸਾਰ ਸਰਮਾਏਦਾਰੀ ਪ੍ਰਬੰਧ ਨੂੰ ਚੁਣੌਤੀ ਮਿਲਦੀ ਹੀ ਰਹੀ ਹੈ। ਉਂਝ ਆਰਥਿਕ ਸੰਕਟ ਤੋਂ ਮੁਕਤ ਸਰਮਾਏਦਾਰੀ ਸੰਸਾਰ ਦੀ ਹੋਂਦ ਤਾਂ ਕਦੀ ਵੀ ਨਹੀਂ ਰਹੀ, ਪਰ ਫਿਰ ਵੀ ਦੂਜੀ ਸੰਸਾਰ ਜੰਗ ਤੋਂ ਲੈ ਕੇ 1974 ਤੱਕ ਸੰਸਾਰ ਸਰਮਾਏਦਾਰੀ ਦੇ ਮੁਕਾਬਲਤਨ ਸਥਿਰਤਾ ਵਾਲੇ ਦੌਰ ਨੂੰ ਸਰਮਾਏਦਾਰੀ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। 80ਵਿਆਂ ਤੱਕ ਇਹ ਸਥਿਰਤਾ ਡਗਮਗਾ ਜਾਂਦੀ ਹੈ। ਰੀਗਨ-ਥੈਚਰ ਦੇ ਦੌਰ, ਨਵ-ਉਦਾਰਵਾਦੀ ਜਾਂ ਆਰਥਕ ਰੂੜ੍ਹੀਵਾਦ ਦਾ ਦੌਰ ਸ਼ੁਰੂ ਹੁੰਦਾ ਹੈ। ਕੀਨਜ਼ ਦੇ ਕਲਿਆਣਕਾਰੀ ਰਾਜ ਨੂੰ ਅਲਵਿਦਾ ਕਹਿੰਦੇ ਹੋਏ ਸੰਸਾਰੀਕਰਨ, ਨਿਜੀਕਰਨ ਅਤੇ ਕੰਟਰੋਲ ਮੁਕਤੀ ਦੀਆਂ ਨੀਤੀਆਂ ਦੀ ਸ਼ੁਰੂਆਤ ਹੋ ਗਈ। ਆਰਥਕ ਰੂੜ੍ਹੀਵਾਦ ਦੇ ਦੌਰ ਵਿੱਚ ਮਜ਼ਦੂਰਾਂ ਦੇ ਹੱਕਾਂ 'ਤੇ ਹਮਲੇ ਤੇਜ਼ ਹੋ ਗਏ। ਸੰਸਾਰ ਸਰਮਾਏਦਾਰੀ ਪ੍ਰਬੰਧ ਦਾ ਆਰਥਕ ਤੇ ਸਿਆਸੀ ਢਾਂਚਾ ਅਤੇ ਉਸ ਦੀਆਂ ਸੰਸਥਾਵਾਂ, ਹੁਣ ਨਵੇਂ ਦੌਰ ਦੀਆਂ ਤਬਦੀਲੀਆਂ ਸਾਹਮਣੇ ਪੁਰਾਣੀਆਂ ਤੇ ਵੇਲ਼ਾ ਵਿਹਾ ਚੁੱਕੀਆਂ ਸੰਸਥਾਵਾਂ ਬਣਨ ਲੱਗੀਆਂ ਹਨ। ਇਹਨਾਂ ਚੁਣੌਤੀਆਂ ਵਿੱਚੋਂ ਨਿੱਕਲਣ ਦੀ ਕੋਸ਼ਿਸ਼ ਹੈ ਇਹ ਨਵ ਉਦਾਰਵਾਦੀ ਦੌਰ। ਬਿਮਾਰ, ਬੁੱਢੀ ਸਰਮਾਏਦਾਰੀ, ਸੰਸਾਰ ਪੱਧਰ 'ਤੇ ਇਨਕਲਾਬੀ ਤਾਕਤਾਂ ਦੀ ਕਮਜ਼ੋਰੀ ਦੀ ਲਾਭ ਉਠਾਉਂਦੇ ਹੋਏ, ਆਪਣੇ ਲੰਬੇ ਤਜ਼ਰਬੇ ਦੇ ਸਿਰ 'ਤੇ ਡੰਗ ਟਪਾ ਰਹੀ ਹੈ। ਬਸਤੀਵਾਦੀ ਦੌਰ ਦਾ ਸਰਦਾਰ ਬਰਤਾਨੀਆਂ ਜੋ ਦੂਜੀ ਸੰਸਾਰ ਜੰਗ ਸਮੇਂ ਆਪਣੀ ਚੌਧਰ ਗੁਆ ਚੁੱਕਾ ਸੀ, ਬਾਅਦ ਦੇ ਦੌਰ ਦੇ ਚੌਧਰੀ ਅਮਰੀਕਾ ਦਾ ਛੋਟਾ ਭਿਆਲ ਬਨਣ ਲਈ ਮਜ਼ਬੂਰ ਹੈ। ਇੱਕ ਧਰੁਵੀ ਸੰਸਾਰ ਦੇ ਸੁਪਨੇ ਲੈਣ ਵਾਲੇ ਅਮਰੀਕਾ ਦੀਆਂ ਚੁਣੌਤੀ ਰਹਿਤ ਚੌਧਰ ਦੀਆਂ ਗਿਣਤੀਆਂ ਮਿਣਤੀਆਂ ਪਹਿਲਾਂ ਹੀ ਚਕਨਾਚੂਰ ਹੋ ਗਈਆਂ ਹਨ। ਮਗਰਲੇ ਦੌਰ ਦੇ ਇਸ ਸਰਦਾਰ ਦੀ ਸਰਦਾਰੀ ਦੇ ਦਿਨ ਵੀ ਪੁੱਗ ਗਏ ਹਨ। ਅੱਜ ਤੀਸਰੀ ਦੁਨੀਆਂ ਦੇ ਨਵੇਂ ਅਜ਼ਾਦ ਹੋਏ ਮੁਲਕਾਂ ਦੀਆਂ ਹਾਕਮ ਜਮਾਤਾਂ ਅਤੇ ਸਾਮਰਾਜੀ ਸਰਮਾਏਦਾਰਾਂ ਦੇ ਹਿਤ, ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਨਾਲ ਸਿੱਧੇ ਟਕਰਾਅ ਵਿੱਚ ਆ ਗਏ ਹਨ। ਅੱਜ ਸੰਸਾਰ ਸਰਮਾਏਦਾਰੀ ਸਭ ਤੋਂ ਖੂੰਖਾਰ ਰੂਪ ਵਿੱਚ ਹਾਜ਼ਰ ਹੈ। ਆਪਣੇ ਇਤਿਹਾਸ ਦੇ ਮੁੱਢ ਵਿੱਚ, ਮੱਧ ਯੁੱਗੀ ਜਗੀਰਦਾਰੀ ਪ੍ਰਬੰਧਾਂ ਦਾ ਭੋਗ ਪਾਉਣ ਵਾਲੇ ਇਤਿਹਾਸਕ ਕਾਰਜ ਨੂੰ ਸਿਰੇ ਚੜ੍ਹਾਉਣ ਵਾਲੀ ਸਰਮਾਏਦਾਰੀ, ਅੱਜ ਆਪਣੇ ਸਭ ਤੋਂ ਵੱਧ ਪਰਜੀਵੀ, ਜੁਆਰੀ ਤੇ ਜੁਗਾੜੀ ਰੂਪ ਵਿੱਚ ਪੇਸ਼ ਹੈ। ਇਹ ਬੁੱਢੇ ਬਿਮਾਰ ਪਰਜੀਵੀ ਸਰਮਾਏਦਾਰੀ ਪ੍ਰਬੰਧ ਨੂੰ ਕਿਰਤੀਆਂ ਦੇ ਖੂਨ ਦੀਆਂ ਬੋਤਲਾਂ ਚੜ੍ਹਾ ਕੇ ਜਿੰਦਾ ਰੱਖਿਆ ਜਾ ਰਿਹਾ ਹੈ।

90ਵਿਆਂ ਵਿੱਚ ਸੋਵੀਅਤ ਸਮਾਜਿਕ ਸਾਮਰਾਜ ਵੀ ਢਹਿ ਢੇਰੀ ਹੋ ਗਿਆ। ਇਉਂ ਸਮਝਿਆ ਜਾਣ ਲੱਗਾ ਕਿ ਅਮਰੀਕਾ ਦੀ ਅਗਵਾਈ ਹੇਠ ਇੱਕ ਧਰੁਵੀ ਸੰਸਾਰ, ਹੁਣ ਸਾਮਰਾਜੀ ਖਹਿਭੇੜ ਤੋਂ ਛੁਟਕਾਰਾ ਦਿਵਾ ਕੇ ਸਰਮਾਏਦਾਰੀ ਨੂੰ ਕੁਝ ਸਥਿਰਤਾ ਦੇਵੇਗਾ। ਪਰ ਸਰਮਾਏਦਾਰੀ ਵਿੱਚ ਜੇ ਆਪਸੀ ਦੁਸ਼ਮਣੀ ਅਤੇ ਮੁਕਾਬਲੇਬਾਜ਼ੀ ਖਤਮ ਹੋ ਜਾਵੇ ਤਾਂ ਇਹ ਸਰਮਾਏਦਾਰੀ ਹੀ ਨਹੀਂ ਰਹਿ ਜਾਵੇਗੀ। ਸਾਡੇ ਵੇਖਦੇ ਹੀ ਵੇਖਦੇ ਇੱਕ ਧਰੁਵੀ ਸੰਸਾਰ ਦੀ ਸਿੱਥ ਕਾਫ਼ੂਰ ਹੋ ਗਈ। ਸਾਮਰਾਜੀ ਸੰਸਾਰ ਦੇ ਵੱਖ-ਵੱਖ ਖੇਮੇ, ਆਪਣੇ ਆਰਥਕ ਸੰਕਟਾਂ ਦੇ ਕਾਰਨ ਆਰਥਕ ਤੇ ਫੌਜੀ ਟਕਰਾਅ ਦੇ ਰਾਹ ਪੈਣ ਲੱਗ ਪਏ।

ਪਰ ਅਸੀਂ ਅੱਜ ਵੀ ਸਾਮਰਾਜ ਦੇ ਦੌਰ ਵਿੱਚ ਰਹਿ ਰਹੇ ਹਾਂ। ਜਿਵੇਂ ਕਿ ਕਾ. ਲੈਨਿਨ ਨੇ ਕਿਹਾ ਸੀ ਕਿ ਸਾਮਰਾਜ ਸਰਮਾਏਦਾਰੀ ਦਾ ਅੰਤਿਮ ਪੜਾਅ ਹੈ, ਇਹ ਮਰਨਾਊ ਅਵਸਥਾ ਵਿੱਚ ਹੈ ਅਤੇ ਸਾਡਾ ਯੁੱਗ ਸਮਾਜਵਾਦ ਦੀ ਪੂਰਵ-ਬੇਲਾ ਵੀ ਹੈ। ਇਹ ਗੱਲ ਅੱਜ ਵੀ ਓਨੀ ਹੀ ਸੱਚ ਹੈ। ਪਰ ਇਹ ਵੀ ਹਕੀਕਤ ਹੈ ਕਿ ਸਰਮਾਏਦਾਰੀ ਨੇ ਮਜ਼ਦੂਰ ਜਮਾਤ ਦੇ ਅਧਿਆਪਕਾਂ ਦੀ ਆਸ ਤੋਂ ਵੱਧ ਹੰਢਣਸਾਰਤਾ ਵਿਖਾਈ ਹੈ। ਬੇਸ਼ੱਕ ਇਤਿਹਾਸ ਦੀ ਦਿਸ਼ਾ ਨੂੰ ਸਮੇਂ ਦੀਆਂ ਬਾਹਰਮੁਖੀ ਪਦਾਰਥਕ ਹਾਲਤਾਂ ਤੈਅ ਕਰਦੀਆਂ ਹਨ। ਸਰਮਾਏਦਾਰਾ ਪ੍ਰਬੰਧ ਆਪਣਾ ਸਫਰ ਪੂਰਾ ਕਰਦਾ ਹੋਇਆ ਸਮਾਜਵਾਦ ਲਈ ਅਧਾਰ ਵੀ ਤਿਆਰ ਕਰਦਾ ਜਾਂਦਾ ਹੈ। ਮਨੁੱਖਤਾ ਦਾ ਭਵਿੱਖ ਜਮਾਤ-ਰਹਿਤ ਕਮਿਊਨਿਸਟ ਸਮਾਜ ਹੀ ਹੈ। ਪਰ ਦੂਜਾ ਸੱਚ ਇਹ ਵੀ ਹੈ ਕਿ ਇਹ ਸਭ ਕੁਝ ਆਪਣੇ ਆਪ ਨਹੀਂ ਵਾਪਰਦਾ। ਇਨਕਲਾਬ ਇਤਿਹਾਸ ਦੀ ਚਾਲਕ ਸ਼ਕਤੀ ਹਨ। ਇਨਕਲਾਬ ਸਾਡੇ ਸੰਸਾਰ ਦੀ ਸਭ ਤੋਂ ਸੁਚੇਤ ਮਨੁੱਖੀ ਸਰਗਰਮੀ ਵੀ ਹੈ। ਜਿਸ ਲਈ

ਅਧਾਰ ਤਾਂ ਭਾਵੇਂ ਬਾਹਰਮੁਖੀ ਆਰਥਿਕ ਸਬੰਧ ਸਿਰਜਦੇ ਹਨ ਪਰ ਸਿਰੇ ਚੜ੍ਹਾਉਣ ਦਾ ਕੰਮ ਅੰਤਰਮੁਖੀ ਕਾਰਵਾਈ ਹੈ। ਇਸ ਲਈ ਇਨਕਲਾਬ ਦੀ ਚਾਲਕ ਮਜ਼ਦੂਰ ਜਮਾਤ ਦੀ ਅੰਤਰਮੁਖੀ ਤਿਆਰੀ ਦੇ ਪੱਖ ਦੀਆਂ ਕਮੀਆਂ ਪੇਸ਼ੀਆਂ ਵੀ ਸਰਮਾਏਦਾਰੀ ਦੀ ਅੰਤਿਮ ਅਵਸਥਾ ਨੂੰ ਲੰਬਾ ਕਰਨ ਵਿੱਚ ਕੁਝ ਹੱਦ ਤੱਕ ਜ਼ਿੰਮੇਵਾਰ ਹਨ। ਸਰਮਾਏਦਾਰੀ ਦੀ ਇਸ ਯਾਤਰਾ ਵਿੱਚ ਸਭ ਕੁਝ ਸ਼ੁਰੂ ਵਾਂਗ ਹੀ ਨਹੀਂ ਰਿਹਾ। ਕਈ ਚੀਜਾਂ ਬਦਲ ਗਈਆਂ ਹਨ। ਬਸਤੀਵਾਦ ਦਾ ਯੁੱਗ ਬੀਤ ਚੁੱਕਾ ਹੈ। ਬਸਤੀਵਾਦ ਜਿਸ ਦਾ ਸਰਦਾਰ ਬਰਤਾਨੀਆਂ ਸੀ ਇਤਿਹਾਸ ਦੀ ਚੀਜ਼ ਬਣ ਚੁੱਕਾ ਹੈ। ਅਮਰੀਕਾ ਦੀ ਸਰਦਾਰੀ ਵਾਲ਼ੇ ਦੌਰ ਦਾ ਅਧਾਰ ਵੀ ਖਤਮ ਹੋ ਗਿਆ ਹੈ। ਕੌਮੀ ਮੁਕਤੀ ਘੋਲ਼ਾਂ ਦਾ ਦੌਰ ਵੀ ਨਹੀਂ ਰਿਹਾ। 20 ਵੀਂ ਸਦੀ ਵਿੱਚ ਕਾਇਮ ਹੋਏ ਸਮਾਜਵਾਦੀ ਪ੍ਰਬੰਧ ਵਕਤੀ ਤੌਰ ’ਤੇ ਹਾਰ ਚੁੱਕੇ ਹਨ। ਉਹਨਾਂ ਦੇ ਸ਼ਾਨਦਾਰ ਪ੍ਰਯੋਗ ਦੀ ਵਿਰਾਸਤ ਮਜਦੂਰ ਜਮਾਤ ਦੇ ਅਗਲੇ ਸੰਗਰਾਮਾਂ ਲਈ ਪ੍ਰੇਰਣਾ ਸ੍ਰੋਤ ਦੇ ਰੂਪ ਵਿੱਚ ਮੌਜੂਦ ਹੈ। ਨਵੇਂ ਆਜਾਦ ਹੋਏ ਤੀਸਰੀ ਦੁਨੀਆਂ ਦੇ ਦੇਸ਼ਾਂ ਅਤੇ ਸਾਮਰਾਜੀ ਦੇਸ਼ਾਂ ਵਿਚਲੀ ਵਿਰੋਧਤਾਈ ਹੁਣ ਦੁਸ਼ਮਣਾਂਨਾ ਨਹੀਂ ਰਹੀ। ਇਹਨਾਂ ਦੇਸ਼ਾਂ ਦੇ ਸਰਮਾਏਦਾਰ ਛੋਟੇ ਭਿਆਲ ਦੇ ਰੂਪ ਵਿੱਚ ਸੰਸਾਰ ਸਰਮਾਏਦਾਰੀ ਪ੍ਰਬੰਧ ਵਿੱਚ ਆਪਣੀ ਥਾਂ ਸੁਨਿਸ਼ਚਿਤ ਕਰਨ ਦੇ ਯਤਨ ਵਜੋਂ, ਛੋਟੇ ਮੋਟੇ ਰੋਸਿਆਂ ਤੋਂ ਅੱਗੇ ਜਾਣ ਦੀ ਹਾਲਤ ਵਿੱਚ ਨਹੀਂ ਹਨ।

**ਮੱਧ ਪੂਰਬ ਦੇ ਸੰਕਟ ਦੀ ਇਤਿਹਾਸਕ ਪਿੱਠਭੂਮੀ**

ਇਹ ਵਿਸ਼ਵ ਵਿਆਪੀ ਚੋਖਟੇ ਵਿੱਚ ਮੱਧ ਪੂਰਬ ਦੇ ਸੰਕਟ ਨੂੰ ਸਮਝਣ ਦੀ ਸਾਡੀ ਕੋਸ਼ਿਸ਼ ਹੈ। ਵਿਚਾਰ ਅਧੀਨ ਦੇਸ਼ਾਂ ਦਾ ਸਮੂਹ ਜਿਸ ਨੂੰ ਆਮ ਤੌਰ ’ਤੇ ਮੱਧ ਪੂਰਬ ਦੇ ਦੇਸ਼ ਕਿਹਾ ਜਾਂਦਾ ਹੈ, ਇਸਦਾ ਜਿਆਦਾਤਰ ਹਿੱਸਾ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਓਟੋਮਾਨ ਸ਼ਹਿਨਸ਼ਾਹੀ ਦਾ ਅੰਗ ਸੀ। ਪਹਿਲੀ ਸੰਸਾਰ ਜੰਗ ਤੋਂ ਬਾਅਦ ਇੱਥੇ ਕਈ ਦੇਸ਼ ਹੋਂਦ ਵਿੱਚ ਆਏ, ਜਿਨ੍ਹਾਂ ਦਾ ਆਪਣਾ ਵੱਖਰਾ-ਵੱਖਰਾ ਇਤਿਹਾਸ ਸਾਡੇ ਲੇਖ ਦਾ ਵਿਸ਼ਾ ਨਹੀਂ ਹੈ, ਪਰ ਫਿਰ ਵੀ ਇਹਨਾਂ ਸਾਰੇ ਦੇਸ਼ਾਂ ਦਾ, ਆਪਣੇ ਪੁਰਾਤਨ ਕਬਾਇਲੀ ਸਮਾਜ ਤੋਂ ਵਰਤਮਾਨ ਸਰਮਾਏਦਾਰੀ ਪ੍ਰਬੰਧ ਤੱਕ ਪਹੁੰਚਣ ਦਾ ਆਪਣਾ ਇਤਿਹਾਸ ਹੈ। ਇਹਨਾਂ ਸਾਰੇ ਦੇਸ਼ਾਂ ਦੀ ਜਗੀਰਦਾਰੀ ਅਤੇ ਸਾਮਰਾਜ ਦੇ ਵਿਰੋਧ ਦਾ ਸ਼ਾਨਦਾਰ ਇਤਿਹਾਸ ਹੈ। ਪੁਰਾਣੇ ਸਮੇਂ ਵਿੱਚ ਏਸ਼ੀਆ, ਅਫਰੀਕਾ ਤੇ ਯੂਰੋਪ ਵਾਸਤੇ ਇਹ ਇਲਾਕਾ ਇੱਕ ਵੱਡਾ ਵਪਾਰਕ ਲਾਂਘਾ ਸੀ। ਇਸ ਤੋਂ ਵੀ ਪਹਿਲਾਂ ਮੈਸੋਪੋਟਾਮੀਆਂ, ਸੁਮੇਰੀਅਨ ਅਤੇ ਮਿਸਰ ਆਦਿ ਸੱਭਿਆਤਾਵਾਂ ਦੀ ਇਹ ਧਰਤੀ ਸੱਤਵੀਂ ਤੋਂ ਗਿਆਰਵੀਂ ਸਦੀ ਤੱਕ, ਗਿਆਨ-ਵਿਗਿਆਨ ਅਤੇ ਦਰਸ਼ਨ ਦੇ ਖੇਤਰ ਵਿੱਚ ਵੀ ਸੰਸਾਰ ਦੀ ਮੋਹਰੀ ਹੈ। ਓਟੋਮਾਨ ਸ਼ਹਿਨਸ਼ਾਹੀ ਦੇ ਖਿੰਡਣ ਤੋਂ ਬਾਅਦ ਯੁੱਧਨੀਤਕ ਅਤੇ ਵਪਾਰਕ ਲਾਂਘੇ ਦੇ ਤੌਰ ’ਤੇ ਇਸ ਦੇ ਵੱਡੇ ਮਹੱਤਵ ਕਾਰਨ, ਸਾਮਰਾਜੀ ਦੇਸ਼ਾਂ ਦੀ ਨਿਗਾਹ ਹਮੇਸ਼ਾ ਇਸ ਇਲਾਕੇ ’ਤੇ ਰਹੀ ਹੈ। ਕੁਦਰਤੀ ਵਸੀਲਿਆਂ ਅਤੇ ਸਸਤੀ ਕਿਰਤ ਸ਼ਕਤੀ ਦੇ ਸ੍ਰੋਤ ਦੇ ਰੂਪ ਵਿੱਚ ਵੀ ਸਾਮਰਾਜੀ ਦੇਸ਼ਾਂ ਲਈ ਇਸ ਦਾ ਬਹੁਤ ਮਹੱਤਵ ਸੀ। ਤੀਸਰੀ ਦੁਨੀਆਂ ਦੇ ਹੋਰ ਦੇਸ਼ਾਂ ਵਾਂਗ, ਬਸਤੀਵਾਦੀ ਤੇ ਨਵ ਬਸਤੀਵਾਦੀ ਦੌਰ ਵਿੱਚ ਇਹ ਦੇਸ਼ ਵੀ ਸਾਮਰਾਜੀ ਸਾਜਸ਼ਾਂ ਦਾ ਅਖਾੜਾ ਬਣੇ ਰਹੇ। ਜਾਇਨਵਾਦ ਦੀ ਹਮਾਇਤ, ਇਸ ’ਤੇ ਅਧਾਰਤ ਯਹੂਦੀ ਦੇਸ਼ ਦੀ ਸਥਾਪਨਾ ਨੂੰ ਇਸ ਖਿੱਤੇ ਦੇ ਥਾਣੇਦਾਰ ਦੇ ਤੌਰ ’ਤੇ ਤਿਆਰ ਕਰਨਾ, ਸਾਮਰਾਜੀਆਂ ਦੀਆਂ ਬੇਕਿਰਕ ਅਤੇ ਸ਼ਰਮਨਾਕ ਕਾਰਵਾਈਆਂ ਵਿੱਚੋਂ ਇੱਕ ਹੈ। ਓਟੋਮਾਨ ਸਾਮਰਾਜ ਦੇ ਟੁੱਟਣ ਤੋਂ ਬਾਅਦ, ਇਰਾਕ, ਟਰਾਂਸ-ਜਾਰਡਨ ਅਤੇ ਫਿਲਸਤੀਨ ਬਰਤਾਨੀਆਂ ਦੇ ਅਤੇ ਸੀਰੀਆ ਤੇ ਲਿਬਨਾਨ ਫਰਾਂਸ ਦੇ ਕੰਟਰੋਲ ਵਿੱਚ ਗਏ। ਆਪਣੇ ਪ੍ਰਭਾਵ ਨੂੰ ਵਰਤਦੇ ਹੋਏ, ਬਾਲਫੋਰ ਐਲਾਨ ਦੇ ਨਾਲ ਹੀ ਬਰਤਾਨੀਆਂ ਨੇ ਯਹੂਦੀਆਂ ਦੇ ਘਰ ਦੇ ਤੌਰ ’ਤੇ ਫਿਲਸਤੀਨ ਵਿੱਚ ਉਹਨਾਂ ਦੇ ਪ੍ਰਵਾਸ ਨੂੰ, ਇੱਕ ਫਾਸਿਸਟ, ਜਾਇਨਵਾਦੀ ਕੌਮਵਾਦ ਦੇ ਰੂਪ ਵਿੱਚ ਹੱਲਾਸ਼ੇਰੀ ਦੇ ਕੇ, ਮੱਧ ਪੂਰਬ ਨੂੰ ਲਗਾਤਾਰ ਰਿਸਣ ਵਾਲਾ ਨਾਸੂਰ ਦੇ ਦਿੱਤਾ। ਇਹ ਇੱਕ ਐਸਾ ਕੌਮਵਾਦ ਸੀ ਜਿਸ ਦੀ ਨਾ ਕੋਈ ਜਗੀਰਦਾਰੀ ਵਿਰੋਧੀ ਵਿਰਾਸਤ ਸੀ ਅਤੇ ਨਾ ਹੀ ਸਾਮਰਾਜ ਵਿਰੋਧੀ। ਕਬਜ਼ਾ ਕਰਕੇ ਬਸਤੀਆਂ ਬਣਾਉਣਾ ਅਤੇ ਫਿਲਸਤੀਨੀ ਲੋਕਾਂ ਨੂੰ ਉਹਨਾਂ ਦੇ ਘਰ ’ਚੋਂ ਖਦੇੜ ਕੇ ਆਪਣੇ ਰਾਜ ਦਾ ਵਿਸਥਾਰ ਕਰਨਾ ਇਹਨਾਂ ਦੀ ਨੀਤੀ ਸੀ। 1948 ਵਿੱਚ ਅਮਰੀਕੀ ਸਾਮਰਾਜ ਦੇ ਦੌਰ ਵਿੱਚ ਇਜ਼ਰਾਈਲ ਦੇਸ਼ ਦੀ ਸਥਾਪਨਾ ਨਾਲ, ਸਾਮਰਾਜੀਆਂ ਨੇ ਆਪਣਾ ਪੱਕਾ ਅੱਡਾ ਬਣਾ ਕੇ ਮੱਧ ਪੂਰਬ ਦੇ ਖੇਤਰ ਨੂੰ ਨਾ ਹੱਲ ਹੋਣ ਵਾਲੇ ਯੁੱਧ ਖੇਤਰ ਵਿੱਚ ਬਦਲ ਦਿੱਤਾ। ਆਪਣੇ ਹਥਿਆਰਾਂ ਦੀ ਪੱਕੀ ਵਿਕਰੀ ਦਾ ਪ੍ਰਬੰਧ ਤਾਂ ਕਰ ਹੀ ਲਿਆ, ਨਾਲ਼ ਦੀ ਨਾਲ਼ ਯੁੱਧਨੀਤਕ ਤੌਰ ’ਤੇ ਇਜਰਾਈਲ ਨੂੰ ਮੱਧ ਪੂਰਬ ਤੇ ਆਪਣੀਆਂ ਦਾਬੇ ਦੀਆਂ ਨੀਤੀਆਂ ਲਾਗੂ ਕਰਨ ਦਾ ਹਥਿਆਰ ਵੀ ਬਣਾ ਲਿਆ। ਅਰਬ ਕੌਮਵਾਦੀ ਲਹਿਰ ਦੇ ਦਬਾਅ ਵਿੱਚ ਜਦੋਂ ਨਵੇਂ ਦੇਸ਼ ਹੋਂਦ ਵਿੱਚ ਆ ਰਹੇ ਸਨ ਤਾਂ ਸਾਮਰਾਜੀ ਦੇਸ਼ਾਂ ਨੇ ਹੱਦਬੰਦੀਆਂ ਨੂੰ ਪ੍ਰਭਾਵਿਤ ਕਰਨ ਲਈ ਧਾਰਮਿਕ, ਕਬਾਇਲੀ ਤੇ ਨਸਲੀ ਤੁਅੱਸਬਾਂ ਨੂੰ ਲਗਾਤਾਰ ਹਵਾ ਦੇ ਕੇ ਨਵੇਂ ਦੇਸ਼ਾਂ ਦੀਆਂ ਹੱਦਬੰਦੀਆਂ ਨੂੰ ਵੀ ਪ੍ਰਭਾਵਿਤ ਕੀਤਾ। ਅਰਬੀ ਕੌਮਵਾਦੀ ਭਾਵਨਾਵਾਂ, ਜਿਹੜੀਆਂ ਪਹਿਲਾਂ ਓਟੋਮਾਨ ਸ਼ਹਿਸ਼ਨਸ਼ਾਹੀ ਤੋਂ ਮੁਕਤੀ ਦੇ ਸੰਘਰਸ਼ ਦੀ ਤਰਜਮਾਨੀ ਕਰਦੀਆਂ ਸਨ, ਬਾਅਦ ਵਿੱਚ ਓਟੋਮਾਨ ਦੇ ਖੰਡਰ ਤੁਰਕੀ ਦੇ ਤੁਰਕੀਕਰਨ ਦੇ ਵਿਰੋਧ ਦੇ ਰੂਪ ਵਿੱਚ ਸਾਹਮਣੇ ਆਇਆ। ਇਜਰਾਈਲ ਦੇ ਬਣਨ ਤੋਂ ਬਾਅਦ ਸਾਮਰਾਜ ਵਿਰੋਧ ਵਿੱਚੋਂ ਆਪਣਾ ਅਧਾਰ ਲੱਭਣ ਲੱਗੀਆਂ। ਅਰਬ ਕੌਮਵਾਦੀ ਲਹਿਰ ਇੱਕ ਵਿਸ਼ਾਲ ਅਰਬੀ ਕੌਮ ਦੀ ਸਿਰਜਣਾ ਵਿੱਚ ਸਫਲ ਨਹੀਂ ਹੋ ਸਕੀ। ਜਿਹੜੀਆਂ ਕੌਮਾਂ ਨੇ ਰੂਪ ਧਾਰਿਆ ਉਹਨਾਂ ਦੀ ਪਛਾਣ ਵਿੱਚ ਵੀ ਉਹਨਾਂ ਦਾ ਖੇਤਰੀ ਚਰਿੱਤਰ ਹਾਵੀ ਰਿਹਾ, ਜਿਵੇਂ ਮਿਸਰੀ ਕੌਮ। ਅਰਬ ਕੌਮਵਾਦ ਦੀ ਅਸਫਲਤਾ ਨੇ ਧਾਰਮਿਕ ਪਛਾਣ ’ਤੇ ਅਧਾਰਤ, ਸ਼ੀਆ-ਸੁੰਨੀ ਝਗੜਿਆਂ ਲਈ ਰਾਹ ਪੱਧਰਾ ਕਰ ਦਿੱਤਾ। ਸਾਮਰਾਜੀਆਂ ਨੇ ਅਰਬ ਕੌਮਵਾਦ ਨੂੰ ਨਿਰ-ਉਤਸ਼ਾਹਿਤ ਕਰਕੇ ਧਾਰਮਿਕ ਤੇ ਨਸਲੀ ਅਧਾਰ ’ਤੇ ਛੋਟੇ-ਛੋਟੇ ਕਈ ਦੇਸ਼ਾਂ ਦੀ ਸਥਾਪਨਾ ਨੂੰ ਹੱਲਾਸ਼ੇਰੀ ਦਿੱਤੀ। ਇਸ ਖਿੱਤੇ ਨੂੰ ਸਦੀਵੀ ਲੜਾਈਆਂ ਦੇ ਖੇਤਰ ਵਿੱਚ ਬਦਲ ਕੇ, ਹਥਿਆਰਾਂ ਦੀ ਵਿਕਰੀ ਦੀ ਮੰਡੀ ਬਣਾਉਣਾਂ, ਉਹਨਾਂ ਦੀ ਨੀਤੀ ਦਾ ਹਿੱਸਾ ਸੀ। ਫਿਰ ਵੀ ਮੱਧ ਪੂਰਬ ਦੀ ਕੌਮਵਾਦੀ ਲਹਿਰ ਨੇ ਅਬਦਿਲ ਨਾਸਰ ਵਰਗੇ ਤਾਕਤਵਰ ਆਗੂ ਵੀ ਪੈਦਾ ਕੀਤੇ। ਨਾਸਰਵਾਦ ਅਤੇ ਬਾਥਵਾਦ ਅਰਬੀ ਕੌਮਵਾਦ ਦੇ ਹੀ ਖੇਤਰੀ ਨਮੂਨੇ ਹਨ। ਕੌਮਾਂ ਦੀ ਸਿਰਜਣਾ ਦਾ ਇਤਿਹਾਸਕ ਸਮਾਂ ਬੀਤ ਜਾਣਾ ਇਸਦਾ ਇੱਕ ਕਰਨ ਹੋ ਸਕਦਾ ਹੈ। ਹੁਣ ਇਤਿਹਾਸ ਦੇ ਇਹਨਾਂ ਅਧੂਰੇ ਕਾਰਜਾਂ ਨਾਲ ਸਬੰਧਤ ਜਮਹੂਰੀ ਹੱਕਾਂ ਦੀਆਂ ਲੜਾਈਆਂ ਦਾ ਕੰਮ ਵੀ, ਮਜਦੂਰ ਜਮਾਤ ਦੇ ਜ਼ੁੰਮੇਂ ਆ ਗਿਆ ਹੈ।

ਤੇਲ ਦੀ ਖੋਜ ਨੇ ਇੱਥੋਂ ਦੀਆਂ ਖੇਤਰੀ ਹਾਕਮ ਜਮਾਤਾਂ ਅਤੇ ਸਾਮਰਾਜੀਆਂ ਦੀ ਧਨ ਦੀ ਲਾਲਸਾ ਨੂੰ ਬੇਹੱਦ ਤੇਜ਼ ਕਰ ਦਿੱਤਾ। 1930 ਵਿੱਚ ਕੈਲੀਫੋਰਨੀਆਂ ਸਟੈਂਡਰਡ ਆਇਲ ਕੰਪਨੀ ਨੇ ਸਾਉਦੀ ਅਰਬ ਦੇ ਪੂਰਬੀ ਕਿਨਾਰੇ ’ਤੇ ਤੇਲ ਖੋਜਿਆ। ਉਸ ਤੋਂ ਬਾਅਦ ਅਮਰੀਕਨ ਹਿੱਤਾਂ ਦੀ ਰਾਖੀ, ਮੱਧ ਪੂਰਬ ਦੇ ਦੇਸ਼ਾਂ ਵਿੱਚ ਅਮਰੀਕੀ ਨੀਤੀ ਦਾ ਮੁੱਖ ਪੱਖ ਬਣ ਗਈ। ਇਹ ਨੀਤੀ ਤੇਲ ਦੇ ਵਿਸ਼ਾਲ ਭੰਡਾਰਾਂ ਨੂੰ ਹੜੱਪਣ ਦੀ ਨੀਤੀ ਸੀ। ਇਸ ਕੰਮ ਵਿੱਚ ਕੋਈ ਵੀ ਦਖਲ ਅਮਰੀਕਨ ਹਿੱਤਾਂ ਦਾ ਵਿਰੋਧ ਗਰਦਾਨਿਆਂ ਗਿਆ। ਅਗਲੇ ਦੌਰ ਵਿੱਚ ਕਠਪੁਤਲੀ ਹਕੂਮਤ ਕਾਇਮ ਕਰਨਾ, ਫੌਜੀ ਜੁੰਡਲੀਆਂ ਦੀ ਸੱਤ੍ਹਾ ਨਾਲ ਗੱਠਜੋੜ, ਰਾਜਪਲਟੇ ਅਤੇ ਸਾਜਸ਼ਾਂ ਦਾ ਲਗਾਤਾਰ ਸਿਲਸਿਲਾ ਸਾਮਰਾਜੀ ਨੀਤੀਆਂ ਦਾ ਹਿੱਸਾ ਬਣ ਗਿਆ। ਅਰਬ ਦੇ ਪਿਛਾਖੜੀ ਤਾਨਾਸ਼ਾਹ ਦੁਨੀਆਂ ਦੇ ਵੱਡੇ ਅਮੀਰਾਂ ਵਿੱਚ ਸ਼ੁਮਾਰ ਹੋ ਗਏ। 1945 ਵਿੱਚ ਸਾਉਦੀ ਅਰਬ ਦਾ ਬਾਦਸ਼ਾਹ ਅਬਦਲ ਅਜ਼ੀਜ਼ ਬਿਨ ਸਾਦ ਅਮਰੀਕਨ ਰਾਸ਼ਟਰਪਤੀ ਫਰੈਂਕਲਿਨ ਡੀ.ਰੂਜ਼ਵੈਲਟ ਦਾ ਮੰਨਪਸੰਦ ਮਹਿਮਾਨ ਸੀ। ਕਿਰਤੀ ਲੋਕਾਂ ਦੀ ਲੁੱਟ ਨਾਲ ਉੱਸਰ ਰਹੇ ਅਯਾਸ਼ੀ ਦੇ ਟਾਪੂ ਜਨਤਕ ਰੋਸ ਦਾ ਨਿਸ਼ਾਨਾ ਬਣ ਗਏ। ਅਮਰੀਕਾ ਨੂੰ ਹਥਿਆਰਬੰਦ ਦਖਲਅੰਦਾਜੀ ਦਾ ਹੋਰ ਬਹਾਨਾ ਮਿਲ਼ ਗਿਆ। ਖਾਸਕਰ 1970 ਤੋਂ ਬਾਅਦ ਖਾੜੀ ਦੇ ਦੇਸ਼ ਲੋਕ ਲਹਿਰਾਂ ਅਤੇ ਜੰਗ ਦਾ ਅਖਾੜਾ ਬਣ ਗਏ। 1960 ਵਿੱਚ ਪੈਟਰੋਲੀਅਮ ਬਰਾਮਦ ਕਰਨ ਵਾਲ਼ੇ ਦੇਸ਼ਾਂ ਦੀ ਜਥੇਬੰਦੀ ਓਪੇਕ ਦੀ ਸਥਾਪਨਾ ਹੋਈ। ਇਸ ਦੇ ਨਾਲ ਹੀ ਅਰਬ ਦੇ ਤਾਨਾਸ਼ਾਹ ਰਾਜਾਂ ਦੇ ਫੌਜੀਕਰਨ ਦੀ ਨੀਤੀ ਸ਼ੁਰੂ ਹੋਈ। 1973 ਵਿੱਚ ਓਪੇਕ ਦੇਸ਼ਾਂ ਅਤੇ ਅਮਰੀਕਾ ਵਿੱਚ ਇਸ ਬੇਹਿਸਾਬ ਦੌਲਤ ਦੀ ਕੁੱਤਾ-ਖੋਹੀ ਕਾਰਨ ਕੁਝ ਮੱਤਭੇਦ ਵੀ ਉੱਭਰੇ। ਸਾਮਰਾਜੀਆਂ ਨੇ ਕੁਝ ਰਿਆਇਤਾਂ ਦੇ ਕੇ ਆਪਸੀ ਸਹਿਯੋਗ ਲਈ ਸਹਿਮਤ ਕਰ ਲਿਆ। ਹੋਰ ਕਾਰੋਬਾਰਾਂ ਵਿੱਚ ਵੀ ਸਰਮਾਇਆ ਨਿਵੇਸ਼ ਹੋਣ ਲੱਗਾ। ਜਿਹੜੇ ਦੇਸ਼ ਸਾਮਰਾਜੀਆਂ ਦੀ ਇਸ ਨੀਤੀ ਤੋਂ ਪਾਸੇ ਜਾਂਦੇ, ਉੱਥੇ ਰਾਜ ਪਲਟੇ ਕਰਵਾਉਣ ਦੀ ਨੀਤੀ ਅਪਣਾਈ ਗਈ। ਸੀ.ਆਈ.ਏ ਨੇ 1953 ਵਿੱਚ ਵੋਟਾਂ ਨਾਲ਼ ਚੁਣੇ ਗਏ ਇਰਾਨੀ ਪ੍ਰਧਾਨ ਮੰਤਰੀ ਮੁਹੰਮਦ ਮੋਸਾਦਿਕ ਦਾ ਤਖਤਾ ਪਲਟਾ ਕੇ ਤਾਨਾਸ਼ਾਹ ਰਜ਼ਾ ਪਹਿਲਵੀ ਨੂੰ ਹਾਕਮ ਬਣਾ ਦਿੱਤਾ। ਇਜਰਾਈਲ ਤੋਂ ਬਾਅਦ ਇਰਾਨ ਦਾ ਸ਼ਾਹ ਅਤੇ ਸਾਉਦੀ ਅਰਬ ਦਾ ਬਾਦਸ਼ਾਹ ਅਮਰੀਕੀ ਹਿੱਤਾਂ ਦੇ ਹਿਤੈਸ਼ੀ ਬਣ ਗਏ। ਹਥਿਆਰਾਂ ਦੀ ਵਿੱਕਰੀ ਦਾ ਵਪਾਰ ਇਸ ਖਿੱਤੇ ਵਿੱਚ ਸਭ ਹੱਦਾਂ ਬੰਨੇ ਪਾਰ ਕਰ ਰਿਹਾ ਸੀ। 1970-1979 ਤੱਕ ਅਮਰੀਕਾ ਨੇ ਇਰਾਨ ਨੂੰ 22 ਬਿਲੀਅਨ ਡਾਲਰ ਦੇ ਹਥਿਆਰ ਵੇਚੇ, ਜਿਹੜੇ ਇਰਾਨੀ ਹਥਿਆਰਾਂ ਦੀ ਕੁੱਲ ਖਰੀਦ ਦਾ ਤਿੰਨ ਚੌਥਾਈ ਬਣਦੇ ਸਨ। ਇਸ ਤਰ੍ਹਾਂ ਦੇ ਸੌਦੇ ਸਾਰੀਆਂ ਹਾਕਮ ਜੁੰਡਲੀਆਂ ਨਾਲ਼ ਹੋ ਰਹੇ ਸਨ। ਨਤੀਜੇ ਵਜੋਂ ਅੱਗੇ ਚੱਲ ਕੇ ਮੱਧ ਪੂਰਬ ਵਿੱਚ ਫੌਜੀ ਸੱਨਅਤ ਖੜੀ ਹੋ ਗਈ। ਸੋਵੀਅਤ ਸਮਾਜਿਕ ਸਾਮਰਾਜ ਵੀ ਇਸ ਦੌੜ ਵਿੱਚ ਸ਼ਾਮਿਲ ਸੀ। ਇਰਾਕ ਉਸ ਦਾ ਮਹੱਤਵਪੂਰਨ ਗਾਹਕ ਸੀ। ਬਾਅਦ ਵਾਲੇ ਦੌਰ ਵਿੱਚ ਸੀਰੀਆ ਅਤੇ ਲੀਬੀਆ ਵੀ ਉਸਦੇ ਗਾਹਕ ਬਣ ਗਏ। ਜਨਤਕ ਵਿਦਰੋਹ ਦਾ ਸਿਲਸਿਲਾ ਵੀ ਚਲਦਾ ਰਿਹਾ। 1979 ਵਿੱਚ ਸਾਉਦੀ ਅਰਬ ਦਾ ਵਿਦਰੋਹ, ਸ਼ੀਆ ਵਿਦਰੋਹੀਆਂ ਨੇ ਮੱਕੇ ਦੀ ਮੁੱਖ ਮਸਜਿਦ ’ਤੇ ਕਬਜ਼ਾ ਕਰ ਲਿਆ ਸੀ ਜੋ ਸਾਉਦੀ ਅਰਬ ਤੇ ਫਰਾਂਸ ਦੇ ਵਿਸ਼ੇਸ਼ ਬਲਾਂ ਦੀ ਸਾਂਝੀ ਕਾਰਵਾਈ ਨਾਲ਼ ਛੁਡਵਾਇਆ ਗਿਆ। ਇਰਾਨ ਵਿੱਚ ਵਿਦਰੋਹ ਇਸਲਾਮਿਕ ਇਨਕਲਾਬ ਨਾਂ ’ਤੇ ਫੁੱਟ ਪਿਆ। 1979 ਵਿੱਚ ਸ਼ੀਆ ਧਾਰਮਿਕ ਨੇਤਾ ਖੁਮੈਨੀ ਦੀ ਅਗਵਾਈ ਵਿੱਚ ਇਰਾਨ ਦੇ ਸ਼ਾਹ ਦਾ ਤਖਤਾ ਪਲਟ, ਅਮਰੀਕਾ ਲਈ ਭਾਰੀ ਸੱਟ ਸੀ। 1979 ਵਿੱਚ ਸਮਾਜਿਕ ਸਾਮਰਾਜੀ ਸੋਵੀਅਤ ਸੰਘ ਅਫਗਾਨਿਸਤਾਨ ਵਿੱਚ ਦਾਖਲ ਹੋਇਆ। ਵੱਡੀਆਂ ਮਹਾਂਸ਼ਕਤੀਆਂ ਵਿੱਚ ਠੰਢੀ ਜੰਗ ਦੇ ਦੌਰ ਵਿੱਚ ਹਥਿਆਰਾਂ ਦੀ ਦੌੜ ਤਾਂ ਚੱਲ ਹੀ ਰਹੀ ਸੀ, ਕਿਤੇ-ਕਿਤੇ ਇਹ ਖਹਿਭੇੜ ਥੋੜਾ ਗਰਮ ਵੀ ਹੋ ਜਾਂਦਾ ਸੀ। ਸੋਵੀਅਤ ਸੰਘ ਨੂੰ ਅਫਗਾਨਿਸਤਾਨ ਵਿੱਚੋਂ ਖਦੇੜਨ ਲਈ ਮੁਸਲਿਮ ਮੂਲਵਾਦੀ ਅੱਤਵਾਦੀ ਜਥੇਬੰਦੀਆਂ ਨੂੰ ਅਮਰੀਕਾ ਨੇ ਹਥਿਆਰਾਂ ਦੇ ਨਾਲ਼-ਨਾਲ਼ ਸਿਖਲਾਈ ਵੀ ਦੇਣੀ ਸ਼ੁਰੂ ਕਰ ਦਿੱਤੀ। ਅਲ-ਕਾਇਦਾ ਵਰਗੀ ਖੂੰਖਾਰ ਜਥੇਬੰਦੀ ਅਮਰੀਕੀ ਸਹਾਇਤਾ ਨਾਲ ਹੀ ਮਜ਼ਬੂਤ ਹੋਈ। ਅੱਜਕਲ ਬਹੁਚਰਚਿਤ ਅੱਤਵਾਦੀ ਗਰੁੱਪ ਆਈ. ਐਸ. ਐਸ ਵੀ ਅਮਰੀਕੀ ਮਦਦ ਨਾਲ਼ ਹੀ ਐਨਾ ਤਕੜਾ ਹੋਇਆ ਹੈ। ਭਾਵੇਂ ਕਿ ਫਿਰਕਾਪ੍ਰਸਤੀ ਅਤੇ ਅੱਤਵਾਦ ਦੇ ਪੈਦਾ ਹੋਣ ਦੇ ਬੁਨਿਆਦੀ ਕਾਰਨ ਉਹਨਾਂ ਦੇਸ਼ਾਂ ਦੇ ਅੰਦਰੂਨੀ ਹਾਲਾਤਾਂ ਵਿੱਚ ਵੀ ਮੌਜੂਦ ਹਨ। 1980 ਵਿੱਚ ਇਰਾਨ ਤੇ ਇਰਾਕ ਵਿੱਚ ਯੁੱਧ ਛਿੜ ਗਿਆ ਜੋ 1988 ਤੱਕ ਚੱਲਿਆ। ਅਮਰੀਕਾ ਨੇ ਇਸ ਯੁੱਧ ਵਿੱਚ ਇਰਾਕ ਦੀ ਸਹਾਇਤਾ ਕੀਤੀ। ਇੱਥੇ ਅਸੀ ਇਸ ਖੇਤਰ ਦੇ ਹਾਲਾਤਾਂ ਨੂੰ ਸਮਝਣ ਲਈ ਸਿਰਫ ਕੁਝ ਮਿਸਾਲਾਂ ਹੀ ਦੇ ਰਹੇ ਹਾਂ, ਇਹ ਇਸ ਖੇਤਰ ਦਾ ਪੂਰਾ ਇਤਿਹਾਸ ਨਹੀਂ ਹੈ। 1990 ਵਿੱਚ ਇਰਾਕ ਨੇ ਕੁਵੈਤ ’ਤੇ ਹਮਲਾ ਕਰ ਦਿੱਤਾ। ਅਮਰੀਕਾ ਨੇ ਆਪਣੀ ਪੁਰਾਣੀ ਨੀਤੀ ਤਹਿਤ ਸੱਦਾਮ ਹੁਸੈਨ ਦੇ ਰਾਜ ਪਲਟੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਸਫਲਤਾ ਨਾ ਮਿਲਣ ’ਤੇ 2003 ਵਿੱਚ ਇਰਾਕ ’ਤੇ ਸਿੱਧਾ ਹਮਲਾ ਕਰ ਦਿੱਤਾ। ਉਦੋਂ ਤੋਂ ਇਰਾਕ ਤੇ ਉਸਦੇ ਆਸਪਾਸ ਦਾ ਇਲਾਕਾ ਖਾਨਾਜੰਗੀ ਦਾ ਖੇਤਰ ਬਣ ਗਿਆ ਹੈ। 2014 ਤੇ ਫਿਰ 2015 ਵਿੱਚ ਇਜਰਾਈਲ ਦੇ ਫਿਲਸਤੀਨ ਲੋਕਾਂ ’ਤੇ ਹਮਲੇ ਨਾਲ਼ ਪੈਦਾ ਹੋਏ ਹਾਲਾਤ, ਸੀਰੀਆ ਦਾ ਗ੍ਰਹਿ ਯੁੱਧ, ਕੁਰਦਾਂ ਦਾ ਸੰਘਰਸ਼, ਨਾਟੋ ਦੇ ਸਹਿਯੋਗੀ ਦੇ ਰੂਪ ਵਿੱਚ ਤੁਰਕੀ ਦੀ ਇਸ ਵਿੱਚ ਦਖਲਅੰਦਾਜੀ ਨਾਲ਼, ਇਸ ਵੱਡੇ ਖੇਤਰ ਵਿੱਚ ਹਾਲਾਤ ਇੰਨੇ ਭਿਆਨਕ ਬਣ ਗਏ ਹਨ ਕਿ ਲੱਖਾਂ ਦੀ ਗਿਣਤੀ ਵਿੱਚ ਬੇਘਰ ਹੋਏ ਲੋਕ 21 ਵੀਂ ਸਦੀ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਬਣ ਗਏ ਹਨ। ਅਮਰੀਕਾ ਤੇ ਪੱਛਮੀ ਯੂਰੋਪ ਬਾਅਦ ਰੂਸ ਨੇ ਵੀ ਇੱਥੇ ਪੱਕੇ ਮੋਰਚੇ ਖੋਲ਼ ਲਏ ਹਨ। ਇਨਕਲਾਬੀ ਬਦਲ ਦੀ ਅਣਹੋਂਦ ਵਿੱਚ ਪੈਦਾ ਹੋਏ ਆਈ. ਐਸ. ਆਈ. ਐਸ. ਵਰਗੇ ਗਰੁੱਪ ਜਿੱਥੇ ਕਰੂਰਤਾ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਰਹੇ ਹਨ ਉੱਥੇ ਸਾਮਰਾਜੀ ਦੇਸ਼ਾਂ ਦੇ ਹਮਲੇ ਵੀ, ਆਈ. ਐਸ. ਆਈ. ਐਸ ਦੇ ਜ਼ੁਲਮਾਂ ਤੋਂ ਘੱਟ ਨਹੀਂ ਹਨ। ਪੈਰਿਸ ਦੇ ਸੰਗੀਤ ਥੀਏਟਰ ’ਤੇ ਅੱਤਵਾਦੀਆਂ ਦੇ ਘ੍ਰਿਣਤ ਹਮਲੇ ਦਾ ਬਦਲਾ ਨਿਰਦੋਸ਼ ਲੋਕਾਂ ਅਤੇ ਖਾਸ ਕਰਕੇ ਮਾਸੂਮ ਬੱਚਿਆਂ ਤੇ ਔਰਤਾਂ ’ਤੇ ਬੰਬਾਰੀ ਕਰਕੇ ਲਿਆ ਜਾ ਰਿਹਾ ਹੈ। ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦੇ ਮਸੀਹੇ ਦੇ ਤੌਰ ’ਤੇ ਸਾਮਰਾਜੀ ਬੇਨਕਾਬ ਹੋ ਗਏ ਹਨ। ਲੱਖਾਂ ਦੀ ਗਿਣਤੀ ਵਿੱਚ ਸ਼ਰਨਾਰਥੀਆਂ ਲਈ ਪੱਛਮੀ ਦੇਸ਼ਾਂ ਦੇ ਨਾਲ-ਨਾਲ ਮੱਧ ਪੂਰਬ ਦੇ ਪਿਛਾਖੜੀ ਹਾਕਮਾਂ ਨੇ ਵੀ ਆਪਣੇ ਦਰਵਾਜ਼ੇ ਬੰਦ ਕਰ ਲਏ ਹਨ।

**ਸਾਮਰਾਜੀਆਂ ਅਤੇ ਸਰਮਾਏਦਾਰ ਲੁਟੇਰੀਆਂ ਹਾਕਮ ਜਮਾਤਾਂ ਤੋਂ ਬਿਨਾਂ, ਮੱਧ ਪੂਰਬ ਦੇ ਕਿਰਤੀ ਲੋਕਾਂ ਦਾ ਪੱਖ**

‘ਅਰਬ ਬਹਾਰ’ ਦੇ ਨਾਂ ਤੇ 2011 ਦਾ ਜਨਤਕ ਵਿਦਰੋਹ ਜੋ ਇਸ ਖਿਤੇ ਦੇ ਸਾਰੇ ਦੇਸ਼ਾਂ ਵਿੱਚ ਫੈਲ ਗਿਆ ਸੀ। ਇਸ ਦੀ ਅਗਵਾਈ, ਮਜ਼ਦੂਰ ਜਥੇਬੰਦੀਆਂ, ਨੌਜਵਾਨ ਜਥੇਬੰਦੀਆਂ, ਖੱਬੇ ਪੱਖੀ ਪਾਰਟੀਆਂ ਅਤੇ ਕੁਝ ਉਦਾਰਵਾਦੀ ਅਤੇ ਇਸਲਾਮਿਕ ਪਾਰਟੀਆਂ ਨੇ ਕੀਤੀ। ਇਸ ਲਹਿਰ ਦਾ ਸ਼ਾਨਦਾਰ ਪੱਖ ਇਹ ਸੀ ਕਿ ਇਸਨੇ ਧਾਰਮਿਕ ਤੁਅਸੱਬਾਂ ਤੇ ਫਿਰਕਾਪ੍ਰਸਤ ਮੂਲਵਾਦੀ ਤਾਕਤਾਂ ਨੂੰ ਪਿੱਛੇ ਧੱਕ ਦਿੱਤਾ। ਤਹਿਰੀਕ ਚੌਂਕ ਵਿੱਚ ਲੋਕਾਂ ਦੀ ਜਿੱਤ ਵਿੱਚ ਫਰਵਰੀ 2011 ਦੀ ਦੇਸ਼ ਵਿਆਪੀ ਹੜਤਾਲ ਨੇ ਫੈਸਲਾਕੁੰਨ ਭੁਮਿਕਾ ਨਿਭਾਈ। ਹੜਤਾਲ ਮਿਲਟਰੀ ਫੈਕਟਰੀਆਂ ਤੱਕ ਫੈਲ ਗਈ। ਟੁਨੀਸ਼ੀਆ ਦੀ ਮਜ਼ਦੂਰ ਯੂਨੀਅਨ ਯੂ. ਜੀ. ਟੀ. ਟੀ ਦੇ ਸੱਦੇ ’ਤੇ ਹੋਈ ਆਮ ਹੜਤਾਲ ਤੋਂ ਬਾਅਦ ਤਾਨਾਸ਼ਾਹ ਬੇਨ-ਅਲੀ ਨੂੰ ਅਸਤੀਫਾ ਦੇਣਾ ਪਿਆ। ਇਸੇ ਤਰ੍ਹਾਂ ਲੀਬੀਆ, ਸੀਰੀਆ ਤੇ ਯਮਨ ਵਿੱਚ ਹੇਠਲੇ ਪੱਧਰ ’ਤੇ ਇਨਕਲਾਬੀ ਕਮੇਟੀਆਂ ਬਣਨ ਦੀ ਲਹਿਰ ਵਿੱਚ ਮਜ਼ਦੂਰਾਂ ਨੇ ਅਹਿਮ ਭੂਮਿਕਾ ਨਿਭਾਈ। ਕੁਵੈਤ, ਸਾਉਦੀ ਅਰਬ ਅਤੇ ਯੂਨਾਈਟਿਡ ਅਰਬ ਅਮੀਰਾਤ ਵਿੱਚ ਹੜਤਾਲਾਂ ਦੀ ਲਹਿਰ ਫੈਲ ਗਈ। ਇਸ ਸਾਰੀ ਲਹਿਰ ਵਿੱਚ ਮਜ਼ਦੂਰਾਂ ਦੀ ਸ਼ਾਨਦਾਰ ਸ਼ਮੂਲੀਅਤ ਦੇ ਗੰਭੀਰ ਵਿਸ਼ਲੇਸ਼ਣ ਦੀ ਜ਼ਰੂਰਤ ਹੈ। ਦੂਜੇ ਪਾਸੇ ਇਸ ਲਹਿਰ ਦੇ ਪਤਨ ਸਮੇਂ, ਸੋਧਵਾਦੀ ਟਰੇਡ ਯੂਨੀਅਨ ਦੇ ਆਗੂਆਂ ਦੀਆਂ, ਹਾਕਮ ਜਮਾਤ ਦੀਆਂ ਪਾਰਟੀਆਂ ਅਤੇ ਹਾਕਮਾਂ ਨਾਲ ਸਾਂਝ ਭਿਆਲੀ ਦੀਆਂ ਖਬਰਾਂ ਵੀ ਨਿੱਕਲ਼ੀਆਂ, ਜਿਨਾਂ ਨੇ ਮਜਦੂਰਾਂ ਦੀ ਇਸ ਮਹਾਨ ਪਹਿਲਕਦਮੀ ਨੂੰ ਕਮਜ਼ੋਰ ਕੀਤਾ। ਇਸਲਾਮਿਕ ਉਦਾਰਵਾਦੀ ਪਾਰਟੀਆਂ ਦਾ ਪਹਿਲਾਂ ਤਾਂ ਇਸ ਲਹਿਰ ਵਿੱਚ ਸ਼ਾਮਲ ਹੋਣ ਸਮੇਂ ਦੀ ਹਿਚਕਿਚਾਹਟ ਅਤੇ ਜਦੋਂ ਲੋਕ ਰਲ਼ ਤੁਰੇ ਤਾਂ ਇਸ ਦੀ ਅਗਵਾਈ ਹਥਿਆਉਣ ਦੀਆਂ ਚਾਲਾਂ ਨੇ ਸਾਬਤ ਕਰ ਦਿੱਤਾ ਕਿ ਰਵਾਇਤੀ ਬੁਰਜੁਆ ਪਾਰਟੀਆਂ ਦੀ ਪ੍ਰਤੀਬੱਧਤਾ ਲੋਕਾਂ ਦੀ ਬਜਾਏ, ਸਰਮਾਏਦਾਰਾਂ ਨਾਲ਼ ਹੈ। ਇਹਨਾਂ ਪਾਰਟੀਆਂ ਨੇ ਤਸੱਲੀ ਦਿਵਾਈ ਕਿ ਉਹ ਉਦਾਰੀਕਰਨ ਦੇ ਏਜੰਡੇ ਤੋਂ ਬਾਹਰ ਨਹੀਂ ਹਨ, ਪਰ ਮਜ਼ਦੂਰਾਂ, ਦੁਕਾਨਦਾਰਾਂ, ਬੇਰੁਜ਼ਗਾਰ ਨੌਜਵਾਨਾਂ ਅਤੇ ਮੁਲਾਜਮਾਂ ਦੁਆਰਾ ਏਡੀ ਜਬਰਦਸਤ ਲਹਿਰ ਖੜੀ ਕਰ ਦੇਣ ਦੇ ਆਰਥਕ-ਸਮਾਜਕ-ਸਿਆਸੀ ਕਾਰਕਾਂ ਦਾ ਵਿਸ਼ਲੇਸ਼ਣ ਕਰਨਾ ਜਰੂਰੀ ਹੈ। ਮੱਧ ਪੂਰਬ ਵਿੱਚ, ਸੰਸਾਰਵਿਆਪੀ ਉਦਾਰੀਕਰਣ ਦੇ ਦੌਰ ਦੀਆਂ ਤਬਦੀਲੀਆਂ ਨੂੰ ਸਮਝਣ ਦੀ ਕੋਸ਼ਿਸ਼ ਹੈ ਤਾਂ ਕਿ ਇਸ ਵਿਸ਼ੇ ’ਤੇ ਬਹਿਸ ਅੱਗੇ ਚੱਲ ਸਕੇ। ਕੀਨਜ਼ਵਾਦੀ ਦੌਰ ਵਿੱਚ, ਇੱਥੋਂ ਦੀਆਂ ਸਰਕਾਰਾਂ ਦਾ ਚਰਿੱਤਰ, ਰਾਜ ਦੇ ਕੰਟਰੋਲ ਵਿੱਚ, ਰਾਜਕੀ ਖੇਤਰ ਉਸਾਰ ਕੇ ਸਰਮਾਏਦਾਰੀ ਦਾ ਵਿਕਾਸ ਕਰਨਾ ਸੀ। ਕਿਉਂਕਿ ਤੇਲ ਕੰਪਨੀਆਂ ਅਤੇ ਵਿਦੇਸ਼ੀ ਫੌਜੀ ਅੱਡਿਆਂ ਤੋਂ ਪ੍ਰਾਪਤ ਲਗਾਨ ਰਾਜ ਦਾ ਮੁੱਖ ਆਰਥਿਕ ਸ੍ਰੋਤ ਸੀ। ਪਛੜੇ ਪੂਰਵ ਸਰਮਾਏਦਾਰੀ ਸਬੰਧਾਂ ਵਾਲ਼ੇ ਦੇਸ਼ਾਂ ਵਿੱਚ ਸਰਮਾਏਦਾਰਾ ਵਿਕਾਸ ਲਈ, ਮੁਢਲੇ ਸਰਮਾਏ ਦੀ ਥੁੜ ਪੂਰੀ ਕਰਨ ਦੀ ਲੋੜ ਵਿੱਚੋਂ ਹੀ, ਰਾਜਕੀ ਖੇਤਰ ਹੋਂਦ ਵਿੱਚ ਆਇਆ। ਸਾਮਰਾਜੀ ਨੀਤੀਆਂ ਦੀ ਬਦੌਲਤ, ਫੌਜੀ ਸਨਅਤ ਇੱਥੋਂ ਦੀ ਮਹੱਤਵਪੂਰਣ ਸਨਅਤ ਬਣਦੀ ਗਈ। ਲਗਾਨ ਵਸੂਲਣ ਵਾਲ਼ੇ ਹਾਕਮ ਤਾਨਾਸ਼ਾਹ, ਫੌਜੀ ਅਫਸਰ ਅਤੇ ਉਹਨਾਂ ਦੇ ਨਜਦੀਕੀ ਰਾਜਕੀ ਖੇਤਰ ਵਿੱਚ ਉਸਾਰੀ ਜਾਣ ਵਾਲ਼ੀ ਇਸ ਫੌਜੀ ਸਨਅਤ ਦੇ ਮੁਨਾਫਿਆਂ ਨਾਲ਼ ਅਮੀਰ ਹੋਣ ਨਾਲ਼, ਨਿੱਜੀ ਸਨਅਤਾਂ ਵਿੱਚ ਲਾਉਣ ਜੋਗੇ ਮੁੱਢਲੇ ਸਰਮਾਏ ਦੇ ਮਾਲਕ ਹੋ ਗਏ। ਫੌਜੀ ਸੱਨਅਤ ਨਾਲ਼ ਸਬੰਧਤ ਸੱਨਅਤਾਂ ਵਿੱਚ, ਨਿੱਜੀ ਸਰਮਾਇਆ ਨਿਵੇਸ਼ ਨਾਲ ਐਲੂਮੀਨਿਅਮ, ਸਟੀਲ ਸਨਅਤ ਦਾ ਵਿਸਥਾਰ ਅਤੇ ਫਿਰ ਖਪਤ ਦੀਆਂ ਵਸਤੂਆਂ, ਸ਼ਾਪਿੰਗ ਮਾਲਾਂ ਨਾਲ ਸਰਮਾਏਦਾਰੀ ਦਾ ਵਿਕਾਸ ਹੋਣ ਲੱਗਾ। ਮਿਲਟਰੀ ਅਫਸਰਾਂ ਦੀ ਇਸ ਵਿਕਾਸ ਮਾਡਲ ਵਿੱਚ ਅਹਿਮ ਭੂਮਿਕਾ ਰਹੀ ਹੈ। ਖੇਤੀ ਅਧਾਰਤ ਕਾਰੋਬਾਰ, ਦੁੱਧ ਦੀ ਪੈਕਿੰਗ ਦਾ ਕਾਰੋਬਾਰ, ਆਟਾ ਮਿੱਲਾਂ, ਡੱਬਾਬੰਦ ਤਿਆਰ ਭੋਜਨ ਦਾ ਕਾਰੋਬਾਰ, ਪੋਲਟਰੀ ਫਾਰਮ ਬਣਾਉਣਾ ਸਰਮਾਏਦਾਰਾ ਕਿਸਮ ਦੀਆਂ ਕੁਝ ਮਿਸਾਲਾਂ ਹਨ। ਐਸੀ ਹਾਲਤ ਵਿੱਚ, ਮੂਲ ਤੌਰ ’ਤੇ ਰਾਜਕੀ ਖੇਤਰ ’ਤੇ ਅਧਾਰਤ ਰਾਜ, ਜੋ ਕਲਿਆਣਕਾਰੀ ਰਾਜ ਦਾ ਮੱਧ ਪੂਰਬੀ ਸੰਸਕਰਣ ਸੀ, ਨਿੱਜੀ ਖੇਤਰ ਵਿੱਚ ਸਰਮਾਏਦਾਰੀ ਦੇ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਕੇ, ਆਪਣੀ ਇਤਿਹਾਸਕ ਭੂਮਿਕਾ ਨਿਭਾਅ ਚੁੱਕਾ ਸੀ ਅਤੇ ਹੁਣ ਮੱਧ ਪੂਰਬ ਨਵਉਦਾਰੀਕਰਨ ਦੇ, ਸੰਸਾਰ ਸਰਮਾਏਦਾਰੀ ਦੇ ਏਜੰਡੇ, ਸੰਸਾਰੀਕਰਨ, ਨਿੱਜੀਕਰਨ ਅਤੇ ਕੰਟਰੋਲ ਮੁਕਤੀ ਲਈ ਪ੍ਰਪੱਕ ਸੀ। ਹੁਣ ਪੁਰਾਣੇ ਰਾਜਕੀ ਖੇਤਰ ਦੀ ਸਰਕਾਰੀ ਲਗਾਨ ਵਸੂਲੀ ਵਾਲਾ ਰਾਜ, ਸੰਕਟਗ੍ਰਸਤ ਸੀ। ਹੁਣ ਤੇਲ ਦੇ

ਭੰਡਾਰ ਅਤੇ ਸਰਕਾਰੀ ਨਿਅੰਤਰਣ ਵਾਲ਼ੀਆਂ ਸਨਅਤਾਂ ਨੂੰ, ਦੇਸ਼ੀ ਵਿਦੇਸ਼ੀ ਸਰਮਾਏਦਾਰ ਰਲ਼ਮਿਲ਼ ਕੇ ਹੜੱਪਣ ਦੀ ਹਾਲਤ ਵਿੱਚ ਆ ਗਏ ਸਨ। ਉਹਨਾਂ ਲਈ ਬਾਕੀ ਸਾਰੇ ਬਦਲ ਬੰਦ ਹੋ ਗਏ ਹਨ। ਮਿਸਰ ਵਿੱਚ 1981 ਤੋਂ ਬਾਅਦ ਫੌਜੀ ਅਧਿਕਾਰੀਆਂ ਨੇ, ਹਥਿਆਰ ਪੈਦਾਵਾਰ ਸਮੇਤ, ਹੋਰ ਕਈ ਕਾਰੋਬਾਰਾਂ ਵਿੱਚ ਪੈਸਾ ਲਾਇਆ। ਖੇਤੀ ਖੇਤਰ ਤੇ ਮਕਾਨ ਉਸਾਰੀ ਤੋਂ ਬਿਨ੍ਹਾਂ ਫੌਜੀ ਸਨਅਤਾਂ ਦੇ ਡਾਇਰੈਕਟਰ ਹੋਣ ਦੀ ਸਹੂਲਤ ਵੀ ਮਾਣਦੇ ਸਨ।

ਇਹਨਾਂ ਨੂੰ ਜੋ ਵਿਸ਼ੇਸ਼ ਸਹੂਲਤਾਂ ਪ੍ਰਾਪਤ ਸਨ, ਉਹਨਾਂ ਵਿੱਚ ਸਰਕਾਰੀ ਸਬਸਿਡੀਆਂ ਦੀ ਵਰਤੋਂ, ਸਰਕਾਰੀ ਜਮੀਨਾਂ ਦੀ ਵਰਤੋਂ ਤੋਂ ਬਿਨ੍ਹਾਂ ਮਜਦੂਰਾਂ 'ਤੇ ਮਿਲਟਰੀ ਅਨੁਸ਼ਾਸਨ ਲਾਗੂ ਕਰਨਾ ਵੀ ਸ਼ਾਮਿਲ ਸੀ। ਇਸ ਨਾਲ਼ ਇਹਨਾਂ ਦੇ ਮੁਨਾਫੇ ਬਹੁਤ ਤੇਜੀ ਨਾਲ਼ ਵਧੇ। ਇਸ ਤੋਂ ਬਿਨਾਂ ਇਹਨਾਂ ਨੂੰ ਸਰਕਾਰੀ ਆਡਿਟਿੰਗ ਤੋਂ ਵੀ ਛੋਟ ਸੀ। ਮਿਸਰ ਦੇ ਫੌਜੀ ਜਰਨੈਲਾਂ ਅਤੇ ਖਾੜੀ ਦੇਸ਼ਾਂ ਦੇ ਸਰਮਾਏਦਾਰਾਂ ਦਾ ਮਿਸਰ ਦੀ ਭੋਜਨ ਸਨਅਤ ਅਤੇ ਸੇਵਾਵਾਂ ਦੇ ਖੇਤਰ ਵਿੱਚ ਪੂਰਾ ਬੋਲਬਾਲਾ ਸੀ। 2007 ਵਿੱਚ ਅਲੈਗਜ਼ਾਂਡਰੀਆ ਸ਼ਿਪ ਯਾਰਡ ਦੇ ਨਿੱਜੀਕਰਨ ਵੇਲ਼ੇ 3600 ਮਜਦੂਰਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਗਈਆਂ। ਇਸ ਤਰ੍ਹਾਂ ਨਿੱਜੀਕਰਨ ਦਾ ਸਿਲਸਿਲਾ ਤੇਜ ਹੁੰਦਾ ਗਿਆ। ਇਸ ਸੰਦਰਭ ਵਿੱਚ ਮਿਸਰ ਦੀ ਸਿਆਸਤ ਵਿੱਚ ਫੌਜੀ ਅਫ਼ਸਰਾਂ ਦੀ ਭੂਮਿਕਾ ਨੂੰ ਸਮਝਿਆ ਜਾ ਸਕਦਾ ਹੈ।

ਇਸ ਸਾਰੇ ਪ੍ਰਸੰਗ ਵਿੱਚ ਹੀ ਮੱਧ ਪੂਰਬ ਦੀ ਸਿਆਸਤ ਵਿੱਚ ਮਜ਼ਦੂਰ ਜਮਾਤ ਦੀ ਭੂਮਿਕਾ ਦਾ ਵਿਸ਼ਾ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਰਵਾਇਤੀ ਕੌਮਵਾਦੀ, ਉਦਾਰਵਾਦੀ ਅਤੇ ਇਸਲਾਮਿਕ ਜਮਹੂਰੀ, ਮੁਸਲਿਮ ਬ੍ਰਦਰਹੁਡ ਵਰਗੀਆਂ ਪਾਰਟੀਆਂ, ਨਵ ਉਦਾਰਵਾਦੀ ਦੌਰ ਦੇ ਸਿਆਸੀਕਰਨ ਅਤੇ ਨਿੱਜੀਕਰਨ ਦੇ ਏਜੰਡੇ ਨਾਲ ਸਹਿਮਤ ਹਨ। ਮਜਦੂਰ ਜਮਾਤ ਦੀਆਂ ਇਨਕਲਾਬੀ ਪਾਰਟੀਆਂ ਦੇ ਨਾ ਹੋਣ ਕਰਕੇ ਇਹਨਾਂ ਦੇਸ਼ਾਂ ਵਿੱਚ 2011 ਦੇ ਲੋਕ-ਉਭਾਰ ਦੇ ਪਤਨ ਤੋਂ ਬਾਅਦ ਪੈਦਾ ਹੋਈ ਹਾਲਤ ਨੇ ਧਾਰਮਿਕ ਮੂਲਵਾਦੀ ਅਤੇ ਅੱਤਵਾਦੀ ਰੁਝਾਨਾਂ ਨੂੰ ਪੈਦਾ ਕੀਤਾ ਹੈ ਕਿਉਂਕਿ ਰਵਾਇਤੀ ਬੁਰਜੂਆ ਪਾਰਟੀਆਂ 'ਤੇ ਲੋਕਾਂ ਦਾ ਭਰੋਸਾ ਲਗਭਗ ਖਤਮ ਹੋ ਰਿਹਾ ਹੈ। ਬੇਸ਼ਕ ਮਜ਼ਦੂਰ ਜਮਾਤ ਦੀ ਵਿਚਰਧਾਰਾ ਮਾਰਕਸਵਾਦ ਲੈਨਿਨਵਾਦ ਦੀ ਗੱਲ ਕਰਨ ਵਾਲ਼ੇ ਛੋਟੇ-ਛੋਟੇ ਗਰੁੱਪਾਂ ਅਤੇ ਲਹਿਰਾਂ ਦੀਆਂ ਖਬਰਾਂ ਕਦੀ-ਕਦੀ ਸਾਹਮਣੇ ਆਉਂਦੀਆਂ ਹਨ ਪਰ ਇਸ ਬਾਰੇ ਜਾਣਕਾਰੀ ਦੀ ਅਣਹੋਂਦ ਕਰਕੇ ਅਸਲ ਸਥਿਤੀ ਬਾਰੇ ਗੱਲ ਕਰਨੀ ਮੁਸ਼ਕਿਲ ਹੈ। ਫਿਰ ਵੀ 2011 ਦੇ ਸੰਘਰਸ਼ ਦੀ ਅਸਫਲਤਾ, ਲੀਬੀਆ ਦੀ ਲੋਕ ਪਹਿਲ ਕਦਮੀ ਨਾਲ਼ ਪੈਦਾ ਹੋਏ ਰੋਸ ਨੂੰ ਸਾਮਰਾਜੀਆਂ ਦੁਆਰਾ ਹਥਿਆ ਲੈਣ, ਸੀਰੀਆ ਦੀਆਂ ਸਥਾਨਕ ਇਨਕਲਾਬੀ ਕਮੇਟੀਆਂ ਦੀ ਅਸਫਲਤਾ ਤੋਂ ਬਾਅਦ ਲਹਿਰ ਦਾ ਉਲਟ ਇਨਕਲਾਬੀ ਤਾਕਤਾਂ ਦੇ ਹੱਥ ਆ ਜਾਣਾ, ਇਨਕਲਾਬ ਦੀ ਹਾਰ ਤੋਂ ਬਾਅਦ ਫਿਰਕਾਪ੍ਰਸਤ ਤਾਕਤਾਂ ਅਤੇ ਅੱਤਵਾਦੀਆਂ ਦੀ ਤਾਕਤ ਦਾ ਵਧਣਾ, ਇਹ ਸਾਰੀਆਂ ਗੱਲਾਂ ਤੋਂ ਲੱਗਦਾ ਹੈ ਕਿ ਮੱਧਪੂਰਬ ਦੇ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੀਆਂ ਬਾਲਸ਼ਵਿਕ ਚਰਿੱਤਰ ਵਾਲ਼ੀਆਂ ਇਨਕਲਾਬੀ ਪਾਰਟੀਆਂ ਮੌਜੂਦ ਨਹੀਂ ਹਨ। ਫਿਰ ਵੀ, ਜਿਸ ਤਰ੍ਹਾਂ ਅਰਬ ਬਹਾਰ ਦੇ ਇਨਕਲਾਬੀ ਉਭਾਰ ਵਿੱਚ, ਮਜ਼ਦੂਰ ਜਮਾਤ ਨੇ ਆਪਣੀ ਤਾਕਤ ਦਰਜ ਕਰਾਈ ਹੈ, ਇਸ ਤੋਂ ਕੋਈ ਸ਼ੱਕ ਨਹੀਂ ਰਹਿੰਦਾ ਕਿ ਮਜਦੂਰ ਜਮਾਤ ਦੀਆਂ ਇਨਕਲਾਬੀ ਸਿਆਸੀ ਪਾਰਟੀਆਂ ਦੀ ਉਸਾਰੀ, ਮੱਧ ਪੂਰਬ ਦੀ ਮਜਦੂਰ ਲਹਿਰ ਦਾ ਅਗਲਾ ਏਜੰਡਾ ਹੋਵੇਗਾ। 21 ਵੀਂ ਸਦੀ ਵਿੱਚ ਚੱਲਣ ਵਾਲ਼ੇ ਕਿਰਤ ਅਤੇ ਸਰਮਾਏ ਦੇ ਇਸ ਮਹਾਂਯੁੱਧ ਵਿੱਚ ਮੱਧ-ਪੂਰਬ ਦੇ ਕਿਰਤੀਆਂ ਨੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ ਹਨ। ਪ੍ਰਤੀਬੱਧ ਤੋਂ ਧੰਨਵਾਦ ਸਹਿਤ

# ਪੰਜਾਬ ਦੇ ਅੰਦਰ ਵਸਦਾ ਪੰਜਾਬ ਤੇ ਪੰਜਾਬ ਤੋਂ ਬਾਹਰ ਵੱਸਦਾ ਪੰਜਾਬ



**ਗੁਰਮੀਤ ਸਿੰਘ ਪਲਾਹੀ**

ਇੱਕ ਪੰਜਾਬ, ਪੰਜਾਬ 'ਚ ਵਸਦਾ ਹੈ। ਇੱਕ ਪੰਜਾਬ, ਪੰਜਾਬੋਂ ਬਾਹਰ ਵਸਦਾ ਹੈ; ਸੱਤ ਸਮੁੰਦਰੋਂ ਪਾਰ। ਉਸ ਪੰਜਾਬ 'ਚ ਵਸਦੇ ਪੰਜਾਬੀਆਂ ਦੇ ਮਨਾਂ 'ਚ ਆਪਣੇ ਪਿੱਛੇ ਛੱਡੇ ਪੰਜਾਬ ਲਈ ਅੰਤਾਂ ਦੀ ਤੜਪ ਹੈ; ਇੱਕ ਇਹੋ ਜਿਹੀ ਤੜਪ, ਜਿਸ ਦਾ ਹੱਦ-ਬੰਨਾ ਹੀ ਕੋਈ ਨਹੀਂ। ਜੇ ਉਹ ਪੰਜਾਬ ਰਤਾ-ਮਾਸਾ ਖੁਸ਼ਹਾਲ ਹੋਇਆ ਹੈ, ਤਾਂ ਉਹ ਇਧਰਲੇ ਪੰਜਾਬ ਦੀ ਖੁਸ਼ਹਾਲੀ ਮੰਗਦਾ ਹੈ। ਜੇ ਉਸ ਪੰਜਾਬ ਦੇ ਪੰਜਾਬੀਆਂ ਦਾ ਰਤਾ ਢਿੱਡ ਭਰਨ ਲੱਗਿਆ ਹੈ, ਤਾਂ ਉਹ ਇਧਰਲੇ ਪੰਜਾਬੀਆਂ ਦਾ ਢਿੱਡ ਭਰਿਆ ਵੀ ਵੇਖਣਾ ਚਾਹੁੰਦਾ ਹੈ, ਉਹਨਾਂ ਉੱਪਰ ਛੱਤ ਵੀ ਵੇਖਣਾ ਚਾਹੁੰਦਾ ਹੈ ਅਤੇ ਨਾਲ ਹੀ ਚਾਹੁੰਦਾ ਹੈ ਉਹ ਸਭ, ਜੋ ਕੁਝ ਉਸ ਨੂੰ ਬਾਹਰਲੇ ਪੰਜਾਬ 'ਚ ਮਿਲਿਆ ਹੈ। ਉਹ ਚਾਹੁੰਦਾ ਹੈ ਇਧਰਲੇ ਪੰਜਾਬ ਨੂੰ ਵੀ ਮਿਲੇ ਪੂਰਨ ਰੁਜ਼ਗਾਰ, ਪੂਰਨ ਮਨੁੱਖੀ ਅਧਿਕਾਰ, ਹੱਸਦਾ-ਵੱਸਦਾ ਭਰਪੂਰ ਜੀਵਨ, ਸਿਰ 'ਤੇ ਛੱਤ, ਚੰਗੀ ਸਿਹਤ, ਚੰਗੀ ਸਿੱਖਿਆ, ਸਵੱਛ ਵਾਤਾਵਰਣ ਅਤੇ ਤਨਾਅ-ਰਹਿਤ ਜ਼ਿੰਦਗੀ।

ਉਹ ਪੰਜਾਬ, ਜਿਹੜਾ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ 'ਚ ਵਸਦਾ ਹੈ; ਉਹ ਪੰਜਾਬ, ਜਿਹੜਾ ਅਮਰੀਕਾ ਦੇ ਕੈਲੇਫੋਰਨੀਆ 'ਚ ਰਹਿੰਦਾ ਹੈ; ਉਹ ਪੰਜਾਬ, ਜਿਹੜਾ ਬਰਤਾਨੀਆ, ਆਸਟਰੇਲੀਆ 'ਚ ਆਪਣੀ ਹੋਂਦ ਬਣਾਈ ਬੈਠਾ ਹੈ; ਅਤੇ ਉਹ ਪੰਜਾਬ, ਜਿਸ ਨੇ ਵਿਦੇਸ਼ੀ ਧਰਤੀ 'ਤੇ ਰਹਿ ਕੇ ਰਾਜਨੀਤਕ ਤੇ ਸਮਾਜਿਕ ਖੇਤਰ 'ਚ ਮੱਲਾਂ ਮਾਰੀਆਂ ਹਨ, ਬਰਾਬਰ ਦੇ ਮਨੁੱਖੀ ਅਧਿਕਾਰ ਮਾਣੇ ਹਨ, ਚੰਗੀਆਂ ਸਿਹਤ, ਸਿੱਖਿਆ ਸਹੂਲਤਾਂ ਦੇ ਰੰਗ ਵੇਖੇ ਹਨ, ਚੰਗਾ ਵਾਤਾਵਰਣ ਹੰਢਾਇਆ ਹੈ, ਆਪਣੇ ਅਤੇ ਆਪਣੀ ਔਲਾਦ ਲਈ ਉਥੇ ਰਹਿ ਕੇ ਲੱਗਭੱਗ ਬਰਾਬਰ ਦੇ ਹੱਕ ਹੰਢਾਏ ਹਨ; ਆਪਣੀ ਬੋਲੀ, ਆਪਣੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ, ਇੱਕ ਸਦੀ ਤੋਂ ਉੱਪਰ ਵਿਦੇਸ਼ੀ ਧਰਤੀਆਂ 'ਤੇ ਰਹਿ ਕੇ ਯਤਨ ਹੀ ਨਹੀਂ ਕੀਤੇ, ਪ੍ਰਾਪਤੀਆਂ ਵੀ ਕੀਤੀਆਂ ਹਨ, ਜਿਨ੍ਹਾਂ 'ਤੇ ਉਹ ਪੰਜਾਬ ਮਾਣ ਕਰਦਾ ਹੈ, ਪਰ ਸੱਤ ਸਮੁੰਦਰੋਂ ਪਾਰ ਦਾ ਪੰਜਾਬ ਆਪਣੇ ਪਿਆਰੇ ਜੱਦੀ ਪੰਜਾਬ ਬਾਰੇ ਏਨਾ ਚਿੰਤਤ ਕਿਉਂ ਹੈ?

ਓਧਰ ਪੰਜਾਬ ਉਦੋਂ ਤੜਫਦਾ ਹੈ, ਜਦੋਂ ਇਧਰਲੇ ਪੰਜਾਬ ਨੂੰ ਵੱਖੋ-ਵੱਖਰੇ ਖੇਤਰਾਂ 'ਚ ਤਰੱਕੀ ਕੀਤੀ ਨਾ ਵੇਖ ਕੇ ਉਹ ਮੁਰਝਾਇਆ ਵੇਖਦਾ ਹੈ। ਉਹ ਮਾਯੂਸ ਹੁੰਦਾ ਹੈ, ਜਦੋਂ ਹਿੰਦੋਸਤਾਨ ਦਾ ਢਿੱਡ ਭਰਨ ਵਾਲੇ ਕਿਸਾਨ ਨੂੰ ਉਹ ਖ਼ੁਦਕੁਸ਼ੀ ਕੀਤਿਆਂ ਵੇਖਦਾ ਹੈ, ਮਜ਼ਦੂਰਾਂ ਨੂੰ ਖ਼ਾਲੀ ਢਿੱਡ, ਨੌਜਵਾਨਾਂ ਨੂੰ ਬਿਨਾਂ ਰੁਜ਼ਗਾਰ ਨਸ਼ਿਆਂ 'ਚ ਲੱਥ-ਪੱਥ, ਬੱਚੀਆਂ ਦੇ ਔਰਤਾਂ ਦੇ ਪੇਟ 'ਚ ਕਤਲ, ਰਿਸ਼ਤਿਆਂ 'ਚ ਚਿੱਟੇ ਖ਼ੂਨ ਦੇ ਪਸਾਰੇ, ਸੂਬੇ 'ਚ ਫੈਲੀ ਅਰਾਜਕਤਾ, ਤਕੜੇ ਦੇ ਸੱਤੀਂ-ਵੀਹੀਂ ਸੌ ਅਤੇ ਰਾਜਨੀਤਕ ਲੋਕਾਂ ਦੀਆਂ ਚੁਸਤੀਆਂ-ਚਲਾਕੀਆਂ ਦੀਆਂ ਖ਼ਬਰਾਂ ਪੜ੍ਹਦਾ ਹੈ। ਕੀ ਉਸ ਨੂੰ ਇਹ ਹੈਰਾਨੀ ਹੋਣੀ ਸੁਭਾਵਕ ਨਹੀਂ ਕਿ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਤੀਜਾ ਸਥਾਨ ਪ੍ਰਾਪਤ ਹੋਵੇ ਅਤੇ ਇਧਰਲੇ ਪੰਜਾਬ 'ਚ ਮਾਂ-ਬੋਲੀ ਪੰਜਾਬੀ, ਜਿਸ ਦੇ ਆਧਾਰ 'ਤੇ ਅੱਧੀ ਸਦੀ ਪਹਿਲਾਂ ਸੂਬਾ ਬਣਿਆ ਹੋਵੇ, ਗਲੀ-ਗਲੀ ਰੁਲਦੀ ਹੋਵੇ; ਸਕੂਲਾਂ, ਦਫ਼ਤਰਾਂ 'ਚ ਉਸ ਦੀ ਪੁੱਛ ਨਾ ਹੋਵੇ, ਤੇ ਉਥੇ ਹਮਕੋ ਤੁਮਕੋ ਅਤੇ ਗੁੱਡ, ਵੈਰੀ ਗੁੱਡ ਨੂੰ ਉਹਦੇ ਤੋਂ ਉੱਪਰਲਾ ਸਥਾਨ ਮਿਲਿਆ ਹੋਵੇ?

ਬਹੁਤ ਪ੍ਰੇਸ਼ਾਨ ਹੈ ਉਹ ਇਹ ਸੁਣ ਕੇ, ਜਾਣ ਕੇ, ਵੇਖ ਕੇ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਇਧਰਲੇ ਪੰਜਾਬ ਦੇ 10000 ਤੋਂ ਉੱਪਰ ਜੁਝਾਰੂ ਕਿਸਾਨਾਂ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਨੂੰ ਪ੍ਰਣਾਇਆ ਹੈ ਅਤੇ ਇਹ ਜਾਣ ਕੇ ਤਾਂ ਉਹ ਮੱਥਾ ਫੜ ਕੇ ਹੀ ਬੈਠ ਗਿਆ ਹੈ ਕਿ ਉਹ ਪੰਜਾਬ, ਜਿਸ ਨੇ ਸਾਲ 2013-14 ਲਈ ਇੱਕ ਕਰੋੜ ਟਨ ਸਾਲਾਨਾ ਅਨਾਜ ਉਤਪਾਦਨ ਲਈ 'ਕ੍ਰਿਸ਼ੀ ਕਰਮਨ ਪੁਰਸਕਾਰ' ਪ੍ਰਾਪਤ ਕੀਤਾ ਸੀ, ਉਹ ਜੇਤੂ ਸੂਬਾ ਪੰਜਾਬ 2014-15 ਦੇ ਪੁਰਸਕਾਰਾਂ ਦੀ ਕਿਸੇ ਵੀ ਸੂਚੀ 'ਚ ਆਪਣਾ ਨਾਂਅ ਦਰਜ ਕਰਵਾਉਣ 'ਚ ਨਾਕਾਮ ਰਿਹਾ ਹੈ। ਵੱਖ-ਵੱਖ ਵਰਗਾਂ ਤਹਿਤ ਦਿੱਤੇ ਖੇਤੀਬਾੜੀ ਬਾਰੇ ਪੁਰਸਕਾਰਾਂ ਵਿੱਚੋਂ ਕਿਸੇ ਵੀ ਵਰਗ ਵਿੱਚ ਪੰਜਾਬ ਦਾ ਨਾਂਅ ਸ਼ਾਮਲ ਨਹੀਂ। ਸੂਬੇ ਮੱਧ ਪ੍ਰਦੇਸ਼ ਨੂੰ ਇੱਕ ਕਰੋੜ ਟਨ ਤੋਂ ਵੱਧ ਅਨਾਜ ਪੈਦਾ ਕਰਨ ਲਈ ਕ੍ਰਿਸ਼ੀ ਕਰਮਨ ਪੁਰਸਕਾਰ-ਪਹਿਲਾ ਇਨਾਮ ਤੇ ਉੜੀਸਾ ਨੂੰ 10 ਲੱਖ ਟਨ ਤੋਂ ਇੱਕ ਕਰੋੜ ਟਨ ਦਾ ਉਤਪਾਦਨ ਕਰਨ ਦੇ ਵਰਗ ਤਹਿਤ ਦੂਜਾ ਇਨਾਮ ਮਿਲਿਆ। ਫ਼ਸਲਾਂ ਦੇ ਆਧਾਰ 'ਤੇ ਹਰਿਆਣੇ ਨੂੰ ਸਭ ਤੋਂ ਵੱਧ ਚੌਲਾਂ ਦੇ ਉਤਪਾਦਨ ਲਈ, ਜਦੋਂ ਕਿ ਕਣਕ ਲਈ ਰਾਜਸਥਾਨ, ਦਾਲਾਂ ਲਈ ਛੱਤੀਸਗੜ੍ਹ, ਮੋਟੇ ਅਨਾਜ ਲਈ ਤਾਮਿਲ ਨਾਡੂ ਨੂੰ ਇਨਾਮ ਦਿੱਤੇ ਗਏ। ਪੰਜਾਬ ਦੇ ਖੇਤੀ ਇਨਾਮਾਂ ਨੂੰ ਚਿੱਟੀ ਮੱਖੀ, ਚਿੱਟੇ ਮੱਛਰ ਅਤੇ ਰਾਜਨੀਤਕ ਲੋਕਾਂ ਦੀਆਂ ਕੁਚਾਲਾਂ ਨੇ ਨਿਗਲ ਲਿਆ।

ਪ੍ਰੇਸ਼ਾਨ ਹੈ ਇਧਰਲਾ-ਉਧਰਲਾ ਪੰਜਾਬ ਤੇ ਪੰਜਾਬੀ ਕਿ ਆਪਣੇ ਪੈਰੀਂ ਆਪ ਕੁਹਾੜਾ ਮਾਰ ਕੇ ਰਾਜਨੀਤਕਾਂ ਨੇ ਪੰਜਾਬ ਦਾ ਪਾਣੀ ਗੁਆ ਲਿਆ। ਧਰਤੀ ਹੇਠਲਾ ਪਾਣੀ ਗੁਆਇਆ, ਨਹਿਰੀ ਸਿੰਜਾਈ ਦੇ ਸਾਧਨ ਤਬਾਹ ਕਰ ਲਏ। ਅੱਡੀਆਂ ਚੁੱਕ ਕੇ ਫਾਹਾ ਲੈਣ ਵਾਂਗ ਇਥੋਂ ਦੇ ਨੇਤਾਵਾਂ ਨੇ ਕਿਸਾਨਾਂ ਨੂੰ ਮਹਿੰਗੀ ਖੇਤੀ ਕਰਨ ਲਈ ਮਜਬੂਰ ਕਰ ਦਿੱਤਾ। ਕੀ ਸਾਡੇ ਰਾਜਨੀਤਕ ਉੱਪਰਲੇ ਹਾਕਮਾਂ ਦੀਆਂ ਕੋਝੀਆਂ ਚਾਲਾਂ ਪ੍ਰਤੀ ਜਾਣੂ ਨਹੀਂ ਸਨ ਉਦੋਂ, ਜਦੋਂ ਰਿਪੇਰੀਅਨ ਕਨੂੰਨ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਪਾਣੀ ਖੋਹੇ ਜਾ ਰਹੇ ਸਨ? ਜੇਕਰ ਸਾਡਾ ਗੁਆਂਢੀ ਮੁਲਕ ਪਾਕਿਸਤਾਨ ਆਪਣੇ ਪਾਣੀਆਂ ਦੀ ਰੱਖਿਆ ਹਿੰਦੋਸਤਾਨੀ ਸਰਕਾਰ ਤੋਂ ਕਰਵਾ ਗਿਆ ਤਾਂ ਸਾਡੇ ਪੰਜਾਬੀ ਨੇਤਾ ਕਿੱਥੇ ਸੁੱਤੇ ਪਏ ਸਨ, ਜਿਹੜੇ ਪਾਣੀਆਂ ਨੂੰ ਬਚਾਉਣ ਲਈ ਹੋਰ ਕੁਝ ਨਹੀਂ ਕਰ ਸਕੇ, ਸਿਵਾਏ ਪਿਛਲੇ ਤਿੰਨ ਦਹਾਕਿਆਂ ਤੋਂ ਪਾਣੀਆਂ 'ਤੇ ਰਾਜਨੀਤੀ ਕਰਨ ਦੇ? ਕੀ ਉਹ ਜਾਣਦੇ ਹਨ ਅਤੇ ਸਿੱਖ ਸਕਦੇ ਹਨ ਕਿ ਪਾਕਿਸਤਾਨ, ਜਿਸ ਦੇ ਵਿੱਚ ਆਪਣਾ ਇੱਕ ਹੋਰ ਪੰਜਾਬ ਵੀ ਵਸਦਾ ਹੈ, ਕੋਲ ਦੁਨੀਆ ਦਾ ਸਭ ਤੋਂ ਵੱਡਾ ਨਦੀ ਜਲ ਸਪਲਾਈ ਸਿਸਟਮ ਹੈ? ਇੰਡਸ ਬੇਸਿਨ ਦਾ ਇਹ ਪੂਰਾ ਸਿਸਟਮ ਹਿੰਦੋਸਤਾਨ ਤੋਂ ਜਾਣ ਵਾਲੇ ਪਾਣੀ ਉੱਪਰ ਨਿਰਭਰ ਹੈ। ਜੇਹਲਮ ਉੱਤੇ ਮੰਗਲ ਡੈਮ ਅਤੇ ਸਿੰਧੂ ਨਦੀ ਉੱਤੇ ਤਰਬੇਲਾ ਡੈਮ ਬਣਾ ਕੇ ਪਾਕਿਸਤਾਨ ਨੇ 1960 ਤੋਂ 1971 ਦੇ ਦਰਮਿਆਨ ਆਪਣੇ ਖੇਤਰ ਵਿੱਚ ਸਿੰਧੂ ਦੀਆਂ ਸਹਾਇਕ ਨਦੀਆਂ ਨੂੰ ਨਾ ਸਿਰਫ਼ 12 ਇੰਟਰ ਰਿਵਰ ਲਿੰਕ ਨਹਿਰਾਂ ਨਾਲ ਜੋੜਿਆ, ਬਲਕਿ 45 ਹੋਰ ਨਹਿਰਾਂ ਵੀ ਬਣਾਈਆਂ। ਨਤੀਜੇ ਵਜੋਂ ਅੱਜ ਪਾਕਿਸਤਾਨ ਦੀ ਦੋ ਕਰੋੜ ਬਾਰਾਂ ਲੱਖ ਹੈਕਟੇਅਰ ਧਰਤੀ ਇਸ ਪਾਣੀ ਨਾਲ ਸਿੰਜੀ ਜਾਂਦੀ ਹੈ। ਸਿੰਧੂ ਅਤੇ ਇਸ ਦੀਆਂ ਨਦੀਆਂ ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀ ਦਾ ਬਟਵਾਰਾ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਵਿੱਚ ਵਿਸ਼ਵ ਬੈਂਕ ਨੂੰ ਸਾਲਸ ਮੰਨ ਕੇ 19 ਸਤੰਬਰ 1960 ਨੂੰ ਹੋਇਆ। ਇਸ ਸਮਝੌਤੇ ਤਹਿਤ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀ ਉੱਤੇ ਪਾਕਿਸਤਾਨ ਦਾ ਹੱਕ ਮੰਨਿਆ ਗਿਆ ਅਤੇ ਰਾਵੀ, ਬਿਆਸ ਅਤੇ ਸਤਲੁਜ ਦਾ ਸਾਰਾ ਪਾਣੀ ਹਿੰਦੋਸਤਾਨ ਨੂੰ ਮਿਲਿਆ। ਇਹ ਸ਼ਰਤ ਵੀ ਰੱਖੀ ਗਈ ਕਿ 31 ਮਾਰਚ 1970 ਤੱਕ ਭਾਰਤ ਆਪਣੇ ਹਿੱਸੇ ਦੀਆਂ ਤਿੰਨਾਂ ਨਦੀਆਂ ਦਾ ਪਾਣੀ ਪਾਕਿਸਤਾਨ ਜਾਣੋਂ ਨਹੀਂ ਰੋਕੇਗਾ। ਇਸ ਸਮੇਂ ਦੌਰਾਨ ਪਾਕਿਸਤਾਨ ਨੇ ਨਹਿਰਾਂ ਦਾ ਅਜਿਹਾ ਜਾਲ ਵਿਛਾਇਆ ਕਿ ਉਸ ਨੇ ਆਪਣੇ ਕਿਸਾਨਾਂ ਅਤੇ ਲੋਕਾਂ ਦੀ ਪਾਣੀ ਦੀ ਸਮੱਸਿਆ ਹੱਲ ਕਰ ਲਈ।

ਅਣਵੰਡੇ ਪੰਜਾਬ ਨੂੰ 1947 ਤੋਂ ਪਹਿਲਾਂ ਲੱਗਭੱਗ 170 ਐੱਮ ਏ ਐੱਫ ਪਾਣੀ ਦਰਿਆਵਾਂ ਤੋਂ ਉਪਲੱਬਧ ਸੀ, ਜਿਸ ਵਿੱਚ ਕੇਵਲ 38.3 ਐੱਮ ਏ ਐੱਫ਼ ਭਾਰਤੀ ਪੰਜਾਬ ਦੇ ਹਿੱਸੇ ਆਇਆ, ਬਾਕੀ ਪਾਕਿਸਤਾਨ ਲੈ ਗਿਆ। ਹਿੰਦੋਸਤਾਨ ਦੇ ਹਿੱਸੇ ਆਏ ਇਸ ਪਾਣੀ ਉੱਤੇ ਹੱਕ ਪੰਜਾਬ ਦਾ ਸੀ। ਔਖਿਆਈ ਮੰਨਦਾ ਹੈ ਇਸ ਗੱਲੋਂ ਬਾਹਰ ਵੱਸਦਾ ਪੰਜਾਬ, ਕਿ ਜਿਸ ਪਾਣੀ ਉੱਤੇ ਹੱਕ ਪੰਜਾਬ ਦਾ ਸੀ, ਪੰਜਾਬੀਆਂ ਦਾ ਸੀ, ਉਹ ਉਸ ਕੋਲੋਂ ਆਖ਼ਿਰ ਖੋਹਿਆ ਕਿਉਂ ਜਾ ਰਿਹਾ ਹੈ?

ਬਹੁਤ ਸ਼ਰਮਿੰਦਾ ਹੁੰਦਾ ਹੈ ਦੁਨੀਆ ਦੇ ਸਾਹਮਣੇ ਸੱਤ ਸਮੁੰਦਰੋਂ ਪਾਰ ਵਾਲਾ ਪੰਜਾਬ ਉਦੋਂ, ਜਦੋਂ ਉਹ ਪੰਜਾਬ 'ਚ ਮਨੁੱਖੀ ਅਧਿਕਾਰਾਂ ਦਾ ਘਾਣ ਸ਼ਰੇਆਮ ਹੁੰਦਿਆਂ ਵੇਖਦਾ ਹੈ, ਪਾਣੀਆਂ ਦੇ ਮਾਮਲੇ 'ਚ ਪੰਜਾਬੀਆਂ ਦੇ ਹੱਕਾਂ ਦਾ ਘਾਣ, ਮਾਂ-ਬੋਲੀ ਨੂੰ ਦੁਪਰਿਆਰੀ ਬਣਾ ਕੇ ਇਸ ਦਾ ਘਾਣ, ਸਿਹਤ-ਸਿੱਖਿਆ ਸਹੂਲਤਾਂ ਦਾ ਘਾਣ। ਉਸ ਪੰਜਾਬ ਨੂੰ ਉਦੋਂ ਵਾਹਵਾ ਮਾਯੂਸੀ ਹੁੰਦੀ ਹੈ, ਜਦੋਂ ਉਹ ਇਹ ਜਾਣ ਚੁੱਕਾ ਹੈ ਕਿ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਸਟੈਂਡਰਡ ਨੂੰ ਉਸ ਦਾ ਪੰਜਾਬ ਪੂਰਿਆਂ ਨਹੀਂ ਕਰਦਾ। ਪੰਜਾਬ ਤਾਂ ਸ਼ਾਇਦ ਇਹ ਵੀ ਨਹੀਂ ਜਾਣਦਾ ਕਿ ਅੰਤਰ-ਰਾਸ਼ਟਰੀ ਕਨੂੰਨ ਅਨੁਸਾਰ ਉਸ ਦੇ ਵਾਸੀਆਂ ਨੂੰ 61 ਮਨੁੱਖੀ ਅਧਿਕਾਰ ਮਿਲੇ ਹੋਏ ਹਨ, ਵਿਚਾਰ ਅਤੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ, ਇੱਕਜੁੱਟ ਹੋਣ ਦੀ ਆਜ਼ਾਦੀ, ਧਾਰਮਿਕ ਆਜ਼ਾਦੀ, ਨਸਲੀ ਭੇਦ-ਭਾਵ ਤੋਂ ਛੁਟਕਾਰਾ, ਪੁਲਸੀਆ ਹਿੰਸਾ ਤੋਂ ਆਜ਼ਾਦੀ ਸਮੇਤ। ਤੜਫ ਉੱਠਦਾ ਹੈ ਉਹ ਕਿ ਕਿਉਂ ਖੋਹਿਆ ਜਾ ਰਿਹਾ ਹੈ ਉਸ ਤੋਂ ਸੁਤੰਤਰਤਾ ਨਾਲ ਜਿਉਣ ਦਾ ਅਧਿਕਾਰ, ਜਿਸ ਅਧੀਨ ਉਸ ਨੂੰ ਬਰਾਬਰ ਦੀ ਸਿੱਖਿਆ, ਸਿਹਤ ਸਹੂਲਤ ਲੈਣ ਦਾ ਅਧਿਕਾਰ ਹੈ? ਬਿਹਬਲ ਹੋ ਉੱਠਦਾ ਹੈ ਉਹ ਕਿ ਕਿੱਥੇ ਹੈ ਘੁੰਮਣ-ਫਿਰਨ, ਡਰ ਤੋਂ ਰਹਿਤ ਜੀਵਨ ਦੀ ਆਜ਼ਾਦੀ, ਜਦੋਂ ਕਿ ਸਮੇਤ ਔਰਤਾਂ ਕੋਈ ਵੀ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ? ਹੈਰਾਨ ਹੁੰਦਾ ਹੈ ਕਿ ਕਿੱਥੇ ਹੈ ਲੁੱਟ-ਰਹਿਤ ਮਜ਼ਦੂਰੀ ਦਾ ਉਹਨਾਂ ਦਾ ਅਧਿਕਾਰ, ਜਦੋਂ ਕਿ ਔਰਤਾਂ ਨੂੰ ਮਰਦ ਬਰਾਬਰ ਮਜ਼ਦੂਰੀ ਨਹੀਂ ਅਤੇ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ? ਕਿੱਥੇ ਹੈ ਧਾਰਮਿਕ ਆਜ਼ਾਦੀ, ਜਦੋਂ 'ਭਾਰਤ ਮਾਤਾ ਦੀ ਜੈ' ਦਾ ਨਾਹਰਾ ਨਾ ਲਾਉਣ ਵਾਲੇ ਸ਼ੱਕ ਦੇ ਘੇਰੇ 'ਚ ਆ ਜਾਂਦੇ ਹਨ? ਕਿੱਥੇ ਹੈ ਬਰਾਬਰ ਦੀਆਂ ਕਨੂੰਨੀ ਸੇਵਾਵਾਂ ਦਾ ਹੱਕ, ਸ਼ੁੱਧ ਵਾਤਾਵਰਣ ਤੇ ਸਾਫ਼ ਪਾਣੀ ਪੀਣ ਦਾ ਹੱਕ, ਜਦੋਂ ਕਿ ਉਸ ਦਾ ਰਹਿਣ-ਸਹਿਣ ਅਸਲੋਂ ਬਦਤਰ ਹੈ ਅਤੇ ਆਲਾ-ਦੁਆਲਾ ਗੰਦਗੀ ਭਰਪੂਰ? ਪੰਜਾਬੋਂ ਬਾਹਰਲਾ ਪੰਜਾਬ ਜਾਣਦਾ ਹੈ ਕਿ ਕੋਈ ਵੀ ਦੇਸ਼ ਇਹ ਸਾਰੇ ਮਨੁੱਖੀ ਅਧਿਕਾਰ ਆਪਣੇ ਨਾਗਰਿਕਾਂ ਨੂੰ ਨਹੀਂ ਦੇ ਸਕਦਾ, ਪਰ ਇਥੇ ਤਾਂ ਸੱਭੋ ਕੁਝ ਉਲਟਾ-ਪੁਲਟਾ ਹੈ।

ਪੰਜਾਬ, ਜਿਹੜਾ ਕਦੇ ਸਿੱਖਿਆ 'ਚ ਮੋਹਰੀ ਸੀ, ਗਿਆਨ ਦਾ ਭੰਡਾਰ ਸੀ, ਜਿਹੜਾ ਖੇਤੀ 'ਚ ਧੁਰੰਤਰ ਸੀ, ਜਿਸ ਦਾ ਜੀਅ-ਜੀਅ ਉਤਸ਼ਾਹ, ਹੁਲਾਸ ਨਾਲ ਭਰਿਆ ਆਪਣੇ ਰੰਗਲੇ ਪੰਜਾਬ ਦੇ ਸੋਹਲੇ ਗਾਉਂਦਾ ਨਹੀਂ ਸੀ ਥੱਕਦਾ; ਜਿਸ ਦਾ ਨੇਤਾ ਰਾਜਾ ਨਹੀਂ, ਸੇਵਕ ਸੀ; ਜਿਸ ਦੇ ਕਣ-ਕਣ 'ਚ ਕੁਰਬਾਨੀ ਦਾ ਜਜ਼ਬਾ ਸੀ; ਜਿਹੜਾ ਸੱਚ, ਹੱਕ ਦਾ ਪਹਿਰੇਦਾਰ ਸੀ,- ਉਸ ਪੰਜਾਬ ਦੇ ਵਿਹੜਿਆਂ 'ਚ ਅੱਜ ਖ਼ੁਦਕੁਸ਼ੀ ਦੇ ਕੀਰਨੇ ਹਨ, ਨਸ਼ਿਆਂ ਦੇ ਵਹਿਣ 'ਚ ਰੁੜ੍ਹੇ ਨੌਜਵਾਨਾਂ ਦੇ ਮਾਪਿਆਂ ਦੇ ਵੈਣ ਹਨ, ਚੰਗੇ ਖ਼ੁਸ਼ ਰਹਿਣੇ ਪੰਜਾਬੀਆਂ ਦੇ ਜੁੱਸਿਆਂ ਦੀ ਥਾਂ ਆਪਣੀ ਔਲਾਦ ਅਤੇ ਭਵਿੱਖ ਲਈ ਚਿੰਤਾ ਦੀਆਂ ਲਕੀਰਾਂ ਹਨ ਅਤੇ ਦੋ-ਟੁੱਕ ਰੋਟੀ ਕਮਾਉਣ ਦੇ ਆਹਰ 'ਚ ਜੁੱਟੇ ਚਿੰਤਾ ਗ੍ਰਸਤ ਸਰੀਰ ਹਨ। ਪੰਜਾਬ ਦੇ ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਬਾਹਰਲਾ ਪੰਜਾਬ ਇਹੋ ਜਿਹੀ ਸਥਿਤੀ ਤੋਂ ਨਿਰਾਸ਼ ਤਾਂ ਹੈ, ਪਰ ਆਪਣੇ ਅਮਲਾਂ ਨਾਲ, ਆਪਣੀਆਂ ਤਕੜੀਆਂ ਆਵਾਜ਼ਾਂ ਨਾਲ ਇਸ ਦੇ ਹਾਕਮਾਂ ਨੂੰ ਝੰਜੋੜ-ਝੰਜੋੜ ਕੇ ਆਖ ਰਿਹਾ ਪ੍ਰਤੀਤ ਹੁੰਦਾ ਹੈ: ਪੰਜਾਬ ਕਦੇ ਹਾਰਿਆ ਨਹੀਂ, ਪੰਜਾਬ ਕਦੇ ਥੱਕਿਆ ਨਹੀਂ, ਪੰਜਾਬ ਕਦੇ ਨਿਰਾਸ਼ ਨਹੀਂ ਹੋਇਆ, ਪੰਜਾਬ ਤਾਂ ਰਾਹ ਦਿਖਾਵਾ ਹੈ, ਤੇ ਰਹੇਗਾ ਵੀ, ਪਰ ਰਾਜਨੀਤਕੋ ਰਤਾ ਕੁ ਆਪਣੀ ਪੀੜ੍ਹੀ ਹੇਠ ਸੋਟਾ ਤਾਂ ਮਾਰੋ ਤੇ ਵੇਖੋ ਕਿ ਕਰ ਕੀ ਰਹੇ ਹੋ ਤੁਸੀਂ, ਪਾਣੀਆਂ ਦੇ ਮੁੱਦੇ 'ਤੇ ਵੋਟਾਂ ਦੀ ਰਾਜਨੀਤੀ ਕਰ ਕੇ, ਆਪਣੇ ਆਪ ਉਠਾਏ-ਉਲਝਾਏ ਮਸਲਿਆਂ ਨੂੰ ਮੁੜ ਆਪੇ ਹੱਲ ਕਰਨ ਦਾ ਸਵਾਂਗ ਰਚ ਕੇ। ਇਸ ਕਿਸਮ ਦੀ ਰਾਜਨੀਤੀ ਨੂੰ ਸਿੱਧਾ-ਸਾਦਾ ਪੰਜਾਬੀ ਕਦੇ ਪ੍ਰਵਾਨ ਨਹੀਂ ਕਰੇਗਾ। ਇਹ ਆਪ ਜੀ ਦੀ ਨਜ਼ਰ ਗੋਚਰੇ ਹੈ, ਨੇਤਾ ਜੀ!

98158-02070




ਗਿਆਨ ਪ੍ਰਸਾਰ ਸਮਾਜ ਵੱਲੋਂ

# ਫਰਜ਼ੰਦ ਅਲੀ-ਜੀਵਨ ਅਤੇ ਉਹਨਾਂ ਦਾ ਰਚਨਾ ਸੰਸਾਰ ਵਿਸ਼ੇ 'ਤੇ ਗੋਸ਼ਟੀ

**ਡਾ. ਦਰਸ਼ਨ ਖੇੜੀ**

ਲੰਘੇ ਐਤਵਾਰ 21 ਫਰਵਰੀ ਨੂੰ ਗਿਆਨ ਪ੍ਰਸਾਰ ਸਮਾਜ ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਕੌਮਾਂਤਰੀ ਮਾਂ ਬੋਲੀ ਦਿਵਸ 'ਤੇ ਲਹਿੰਦੇ ਪੰਜਾਬ ਦੇ ਮਰਹੂਮ ਨਾਵਲਕਾਰ ਜਨਾਬ ਫਰਜ਼ੰਦ ਅਲੀ ਦੀ ਯਾਦ ਵਿੱਚ ਇਕ ਵਿਚਾਰ ਗੋਸ਼ਟੀ ਕਰਵਾਈ ਗਈ। ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਰਿਜਨਲ ਕੈਂਪਸ ਗੁਰੂ ਕਾਸ਼ੀ ਦੇ ਪ੍ਰੋਫੈਸਰ ਕੁਲਦੀਪ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਗੋਸ਼ਟੀ ਦੀ ਸ਼ੁਰੂਆਤ ਜਨਾਬ ਫਰਜ਼ੰਦ ਅਲੀ ਦੀ ਫੋਟੋ ਨੂੰ ਹਾਰ ਪਹਿਨਾ ਕੇ ਕੀਤੀ ਗਈ।



ਲੰਮੀ ਬਿਮਾਰੀ ਪਿਛੋਂ ਪਿਛਲੀ 4 ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਫਰਜ਼ੰਦ ਅਲੀ ਦੇ ਬੁੱਖਾਂ-ਦੁੱਖਾਂ ਭਰੇ ਜੀਵਨ ਬਾਰੇ ਬੋਲਦਿਆਂ ਪ੍ਰੋਫੈਸਰ ਕੁਲਦੀਪ ਨੇ ਕਿਹਾ ਕਿ ਉਹ ਲੋਕਾਂ 'ਚੋਂ ਪੈਦਾ ਹੋਇਆ ਲੋਕਾਂ ਦਾ ਲੇਖਕ ਸੀ। ਜਿਸ ਨੇ ਸਾਰੀ ਉਮਰ ਆਪਣੀ ਰਚਨਾਤਮਿਕ ਕਲਮ ਰਾਹੀਂ ਲੋਕ ਪੱਖੀ ਸਾਹਿਤ ਦੀ ਸਿਰਜਣਾ ਕੀਤੀ। ਧਾਰਮਿਕ ਕੱਟੜਵਾਦੀ, ਗੈਰ-ਜਮਹੂਰੀ ਅਤੇ ਗੈਰ ਬਰਾਬਰੀ ਭਰੇ ਸਮਾਜ ਅੰਦਰ ਪਿਸ ਰਹੀ ਆਮ ਖਲਕਤ ਦਾ ਦਰਦ ਉਹ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ। ਅੱਜ ਜਦੋਂ ਬਹੁਤੇ ਸਾਹਿਤਕਾਰ ਆਪਣੇ ਅਰਾਮਦਾਇਕ ਕੈਰੀਅਰ ਅਤੇ ਸੁਖ-ਸਹੂਲਤਾਂ ਭਰਪੂਰ ਜੀਵਨ ਦੀਆਂ ਸੌੜੀਆਂ ਵਲਗਣਾਂ ਅੰਦਰ ਕੈਦ ਹੋ ਕੇ ਆਮ ਜਨਤਾ ਦੇ ਜੀਵਨ ਤੋਂ ਬਹੁਤ ਹੱਦ ਤੱਕ ਦੂਰ ਚਲੇ ਗਏ ਹਨ ਅਤੇ ਇਸ ਤਰ੍ਹਾਂ ਉਹ ਜਨਤਾ ਦੇ ਜੀਵਨ ਦੇ ਕਰੂਰ ਯਥਾਰਥ ਅਤੇ ਇਸ ਦੀ ਬੰਦ ਖਲਾਸੀ ਲਈ ਜੂਝ ਰਹੀਆਂ ਤਬਦੀਲੀ ਪਸੰਦ ਸ਼ਕਤੀਆਂ ਵੱਲੋਂ ਨਿਭਾਈ ਜਾ ਰਹੀ ਇਤਿਹਾਸਿਕ ਭੂਮਿਕਾ ਤੋਂ ਵੀ ਲੱਗਭੱਗ ਕੋਰੇ ਰਹਿ ਰਹੇ ਹਨ ਅਤੇ ਅੱਜ ਦੇ ਜਟਿਲ ਕਥਾਨਕ ਨੂੰ ਆਪਣੀ ਰਚਨਾ ਦਾ ਵਿਸ਼ਾ ਵਸਤੂ ਬਨਾਉਣ ਤੋਂ ਵੀ ਆਹਜੇ ਹੋ ਗਏ ਹਨ। ਅਜਿਹੇ ਢਾਹੂ ਸਾਹਿਤਕ ਮਹੌਲ ਅੰਦਰ ਫਰਜ਼ੰਦ ਅਲੀ ਵੱਲੋਂ 'ਭੁੱਬਲ' ਵਰਗੇ ਨਿੱਗਰ ਨਾਵਲ ਦੀ ਸਿਰਜਣਾ ਇਸੇ ਗੱਲ ਦਾ ਪ੍ਰਤੀਕ ਹੈ ਕਿ ਲੋਕ ਜੀਵਨ ਤੋਂ ਟੁੱਟ ਕੇ ਕਿਸੇ ਚਿਰਜੀਵੀ ਅਤੇ ਯੁੱਗ ਪਲਟਾਊ ਸਾਹਿਤ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ।

ਜਨਾਬ ਫਰਜ਼ੰਦ ਅਲੀ ਬਾਰੇ ਉਨ੍ਹਾਂ ਦੱਸਿਆ ਕਿ ਫਰਜ਼ੰਦ ਅਲੀ ਨੇ ਆਪ ਪਹਿਲਾਂ ਮੁਜਾਰੇ ਕਿਸਾਨ ਅਤੇ ਫਿਰ ਇੱਕ ਕਾਰਖਾਨਾ ਮਜਦੂਰ ਮਜਦੂਰ ਦੇ ਜੀਵਨ ਦੀਆਂ ਦੁਸ਼ਵਾਰੀਆਂ, ਗੁਰਬਤ ਅਤੇ ਬੇਵਸੀ ਦੇ ਦੁਖਦਾਈ ਅਹਿਸਾਸਾਂ ਅਤੇ ਉਸਦੇ ਹੋ ਰਹੇ ਭਿਅੰਕਰ ਸੋਸ਼ਣ ਨੂੰ ਖੁਦ ਆਪਣੇ ਹੱਡੀਂ ਹੰਢਾਇਆ। ਇਹੀ ਕਾਰਨ ਹੈ ਕਿ ਉਹ ਪੰਜਾਬੀ ਦੇ ਸਾਹਿਤਕ ਜਗਤ ਨੂੰ 'ਭੁੱਬਲ' ਵਰਗਾ ਸ਼ਾਹਕਾਰ ਨਾਵਲ ਦੇਣ ਦੇ ਸਮਰੱਥ ਹੋ ਸਕੇ।

ਪੂੰਜੀਵਾਦ ਦੇ ਦੌਰ ਅੰਦਰ ਛੋਟੀ ਤੇ ਸੀਮਾਂਤ ਕਿਸਾਨੀ ਦੇ ਆਪਣੇ ਸੰਦ ਸਾਧਨਾਂ ਅਤੇ ਜਮੀਨ ਤੋਂ ਲਗਾਤਾਰ ਵਿਰਵੇ ਹੁੰਦੇ ਜਾਣ ਅਤੇ ਹੌਲੀ ਹੌਲੀ ਮਜਦੂਰ ਜਮਾਤ ਦਾ ਹਿਸਾ ਬਣਦੇ ਜਾਣ ਦੀ ਅਟੱਲ ਅਤੇ ਦੁਖਦਾਈ ਪ੍ਰਕਿਰਿਆ ਦਾ ਯਥਾਰਥਕ ਅਤੇ ਭਾਵਪੂਰਤ ਚਿਤਰਣ ਉਨ੍ਹਾਂ ਆਪਣੇ ਇਸ ਨਾਵਲ ਵਿੱਚ ਬਾਖੂਬੀ ਕੀਤਾ ਹੈ। ਉਨ੍ਹਾਂ ਨੇ ਭੁੱਬਲ ਤੋਂ ਇਲਾਵਾ ਤਾਈ, ਇੱਕ ਚੂੰਢੀ ਲੂਣ ਦੀ ਤੇ ਧਾੜਵੀ ਵਰਗੇ ਤਿੰਨ ਹੋਰ ਨਾਵਲਾਂ, ਦੋ ਦਰਜਨ ਤੋਂ ਵਧੇਰੇ ਨਾਟਕਾਂ ਅਤੇ ਇੱਕ ਕਹਾਣੀ ਸੰਗ੍ਰਿਹ 'ਕੰਡ ਪਿੱਛੇ ਅੱਖੀਆਂ' ਦੀ ਵੀ ਰਚਨਾ ਕੀਤੀ।

'ਭੁੱਬਲ' ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਤਿਹਾਸਿਕ ਪਦਾਰਥਵਾਦੀ ਨਜ਼ਰੀਏ ਤੋਂ ਇਸ ਨਾਵਲ ਵਿੱਚ ਇਤਿਹਾਸ ਦੀ ਪੇਸ਼ਕਾਰੀ ਬਹੁਤ ਹੀ ਜੀਵੰਤ ਅਤੇ ਦਵੰਧਵਾਦੀ ਤਰੀਕੇ ਨਾਲ ਹੋਈ ਹੈ। ਕਿਉਂਕਿ ਉਨ੍ਹਾਂ ਬਦਲ ਰਹੇ ਕਿਸਾਨੀ ਸਮਾਜ ਨੂੰ ਕਿਸੇ ਪ੍ਰਤੀਕਿਰਿਆ ਰਹਿਤ ਸਿੰਥਲ ਸਮੂਹ ਦੇ ਰੂਪ ਵਿੱਚ ਨਹੀਂ ਸਗੋਂ ਇਸ ਨੂੰ ਲਗਾਤਾਰ ਵਿਕਾਸਮਾਨ ਅਤੇ ਗਤੀਸ਼ੀਲ ਹੋਣ ਵਜੋਂ ਪੇਸ਼ ਕੀਤਾ। ਉਨ੍ਹਾਂ ਇਸ ਦੀਆਂ ਅੰਤਰ ਵਿਰੋਧਤਾਈਆਂ ਦਾ ਲਗਾਤਾਰਤਾ ਅਤੇ ਤਬਦੀਲੀ ਦੇ ਦਵੰਧ ਰਾਹੀਂ ਬਹੁਤ ਹੀ ਮਾਰਮਿਕ ਢੰਗ ਨਾਲ ਚਿਤਰਣ ਕੀਤਾ। ਇਸੇ ਲਈ ਆਲੋਚਨਾਤਮਿਕ ਯਥਾਰਥਵਾਦ ਦੇ ਇਤਿਹਾਸਿਕ ਪੜਾਅ ਦੀ ਇਹ ਇਕ ਸਾਂਭਣਯੋਗ ਅਤੇ ਮਾਨਣਯੋਗ ਰਚਨਾ ਹੈ।

ਇਸ ਨਾਵਲ ਵਿੱਚ ਪਾਤਰਾਂ ਦਾ ਟਰੀਟਮੈਂਟ ਵੀ ਬਹੁਤ ਹੀ ਜੀਵੰਤ ਅਤੇ ਦਵੰਧਾਤਮਿਕ ਹੈ। ਤੰਗੀਆਂ-ਤੁਰਸ਼ੀਆਂ ਮਾਰੀ ਕਿਰਤੀਆਂ ਦੀ ਜ਼ਿੰਦਗੀ ਖੁਸ਼ਕ, ਬੋਝਲ ਅਤੇ ਗਮ ਤੇ ਗੁੱਸੇ ਨਾਲ ਲਬਰੇਜ ਹੋਣ ਦੇ ਬਾਵਜੂਦ ਛੋਟੀਆਂ-ਛੋਟੀਆਂ ਖੁਸ਼ੀਆਂ ਅਤੇ ਹੁਲਾਸ ਨਾਲ ਭਰਪੂਰ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਇਕਹਰਾਪਣ ਨਹੀਂ। ਉਹ ਆਪਣੀਆਂ ਲੱਖ ਦੁਖ ਤਕਲੀਫਾਂ ਦੇ ਬਾਵਜੂਦ ਮੌਕੇ ਮੁਤਾਬਕ ਹੱਸਦੇ-ਖੇਡਦੇ, ਰੁਸਦੇ-ਮਨਾਉਂਦੇ ਅਤੇ ਨੱਚਦੇ-ਗਾਉਂਦੇ ਹਨ। ਉਹ ਜ਼ਿੰਦਗੀ ਦਾ ਬੋਝ ਢੋਂਦਿਆਂ ਵੀ ਜ਼ਿੰਦਗੀ ਦਾ ਜਸ਼ਨ ਮਨਾਉਂਦੇ ਨਜਰੀਂ ਆਉਂਦੇ ਹਨ।

ਲੇਖਕ ਕਿਤੇ ਵੀ ਅਪਣੇ ਨਾਇਕ ਜਾਂ ਹੋਰ ਪਾਤਰਾਂ ਦਾ ਬੇਲੋੜਾ ਤੇ ਗੈਰ ਕੁਦਰਤੀ ਆਦਰਸ਼ੀਕਰਨ ਨਹੀਂ ਕਰਦਾ। ਕਿਉਂਕਿ ਨਾਵਲ ਦੇ ਪਾਤਰ ਬਿਲਕੁਲ ਵੀ ਕਾਲਪਨਿਕ ਨਹੀਂ ਸਗੋਂ ਸੱਚੀ ਮੁੱਚੀਂ ਦੇ ਜਿਉਂਦੇ ਜਾਗਦੇ ਇਨਸਾਨ ਹਨ। ਨਾਵਲ ਦਾ ਅਸਲ ਨਾਇਕ ਉਸਤਾਦ ਦਾਮਨ ਆਪਣੇ ਨਾਇਕਤਵ ਨਾਲ ਮਰਦੇ ਦਮ ਤੱਕ ਕੋਈ ਸਮਝੌਤਾ ਨਹੀਂ ਕਰਦਾ। ਆਪਣੇ ਨਿੱਜ ਦੀਆਂ ਲੱਖ ਸੱਮਿਸਿਆਵਾਂ ਦੇ ਸਨਮੁੱਖ ਉਹ ਅਜੋਕੇ ਲੇਖਕਾਂ ਵਾਂਗ ਮਾਨਾਂ-ਸਨਮਾਨਾਂ ਦੇ ਪਿੱਛੇ ਨਹੀਂ ਦੌੜਦਾ। ਸਗੋਂ ਸਰਕਾਰੀ ਪੇਸ਼ਕਸ਼ਾਂ ਹੋਣ ਦੇ ਬਾਵਜੂਦ ਉਹ ਇਨ੍ਹਾਂ ਨੂੰ ਬੜੇ ਬੇਬਾਕ ਅਤੇ ਸਹਿਜ ਢੰਗ ਨਾਲ ਠੁਕਰਾਉਂਦਾ ਹੈ, ਕਿਉਂਕਿ ਲੋਕ ਦੋਖੀ ਰਾਜ ਸੱਤ੍ਹਾ ਅਤੇ ਇਸਦੇ ਨੁੰਮਾਇੰਦਿਆਂ ਨੂੰ ਉਹ ਧੁਰ ਅੰਦਰੋਂ ਗਹਿਰੀ ਨਫ਼ਰਤ ਕਰਦਾ ਹੈ।

ਇਹ ਨਾਵਲ ਅਜੋਕੇ ਦੌਰ ਦੀਆਂ ਸੰਨੀ ਦਿਉਲ ਮਾਰਕਾ ਬਾਲੀਵੁੱਡ ਫਿਲਮਾਂ ਦੁਆਰਾ ਪਾਕਿਸਤਾਨ ਦੇ ਸਮੁੱਚੇ ਲੋਕਾਂ ਨੂੰ ਦਹਿਸ਼ਤਗਰਦ ਬਣਾ ਕੇ ਪੇਸ ਕਰਨ ਰਾਹੀਂ ਉਭਾਰੀ ਜਾ ਰਹੀ ਫਿਰਕੂ ਮਿੱਥ ਨੂੰ ਵੀ ਤਾਰ-ਤਾਰ ਕਰਦਾ ਹੈ। ਕਿਉਂਕਿ ਨਾਵਲ ਪੜ੍ਹਦਿਆਂ ਪਾਠਕ ਨੂੰ ਇਧਰਲੇ ਪੂਰਬੀ ਪੰਜਾਬ ਅਤੇ ਅਲੀ ਦੇ ਪੰਜਾਬ ਦੀ ਲੋਕਾਈ ਦੇ ਦੁਖ-ਦਰਦ ਅਤੇ ਉਨ੍ਹਾਂ ਦੀਆਂ ਆਰਥਿਕ-ਸਮਾਜਿਕ ਸੱਮਿਸਿਆਵਾਂ ਇਕੋ-ਜਿਹੀਆਂ ਹੀ ਮਹਿਸੂਸ ਹੁੰਦੀਆਂ ਹਨ।


ਇਸ ਵਿਚਾਰ ਗੋਸ਼ਟੀ ਵਿੱਚ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਜਗਮੋਹਨ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਡਾ. ਅੰਮ੍ਰਿਤ, ਮਾਸਟਰ ਹਰੀਸ਼, ਗੁਰਪ੍ਰੀਤ, ਗੁਰਚਰਨ ਘੁਟੀਂਡ, ਕੁਲਦੀਪ ਪੱਖੋਵਾਲ, ਡਾ. ਗੁਲਜਾਰ ਪੰਧੇਰ, ਡਾ. ਗੁਰਚਰਨ ਕੌਰ ਕੋਚਰ, ਕੁਲਵਿੰਦਰ, ਸੈਲੇਸ਼ ਅਤੇ ਪ੍ਰਤੀਬੱਧ ਦੇ ਸੰਪਾਦਕ ਸੁਖਵਿੰਦਰ ਅਤੇ ਪੰਦਰਵਾੜਾ ਲਲਕਾਰ ਦੇ ਸੰਪਾਦਕ ਲਖਵਿੰਦਰ ਅਤੇ ਹੋਰ ਬਹੁਤ ਸਾਰੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂ ਅਤੇ ਕਾਰਕੁਨ ਵੀ ਸ਼ਾਮਿਲ ਸਨ।

ਅੰਤ ਵਿੱਚ ਗਿਆਨ ਪ੍ਰਸਾਰ ਸਮਾਜ ਵੱਲੋਂ ਡਾ. ਦਰਸ਼ਨ ਖੇੜੀ ਨੇ ਆਏ ਹੋਏ ਸ੍ਰੋਤਿਆਂ, ਪ੍ਰੋਫੈਸਰ ਕੁਲਦੀਪ ਅਤੇ ਪੰਜਾਬੀ ਸਾਹਿਤ ਅਕਾਡਮੀ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸਮਾਜ ਦੇ ਕਨਵੀਨਰ ਵਰੁਣ ਨੇ ਨਿਭਾਈ।

## 23 ਅਪਰੈਲ ਵਿਸ਼ਵ ਪੁਸਤਕ ਦਿਵਸ 'ਤੇ ਵਿਸ਼ੇਸ਼

**ਵਿਸ਼ਵ ਪੁਸਤਕ ਦਿਵਸ 'ਤੇ ਪੇਸ਼ ਹਨ ਵੱਖ-ਵੱਖ ਵਿਦਵਾਨਾਂ ਦੇ ਵਿਚਾਰ। ਆਸ ਕਰਦੇ ਹਾਂ ਕਿ ਪਾਠਕ ਚੰਗੀਆਂ ਪੁਸਤਕਾਂ ਨਾਲ ਸਾਂਝ ਹੋਰ ਪੱਕੀ ਕਰਨਗੇ। ਅਦਾਰਾ/ਸੰਪਾਦਕ**

- ਕਿਤਾਬਾਂ ਸੱਚੀਂ ਮੁੱਚੀਂ ਸਮਾਜਿਕ ਸਮਾਨਤਾ ਲਿਆਉਂਦੀਆਂ ਹਨ, ਜਿਹੜੇ ਲੋਕ ਇਨ੍ਹਾਂ ਨੂੰ ਵਿਸ਼ਵਾਸ ਤੇ ਇਮਾਨਦਾਰੀ ਨਾਲ ਪੜ੍ਹਦੇ ਹਨ।
  **- ਵਿਲੀਅਮ ਇਲੇਰੀ ਚਾਨਿੰਗ**
- ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਲ ਕੀਤਾ, ਇਹ ਜਾਦੂ ਕਿਤਾਬਾਂ 'ਚ ਬੰਦ ਹੈ।
  **- ਥਾਮਸ ਕਾਰਲਾਇਲ**
- ਇਕ ਵਧੀਆ ਕਿਤਾਬ ਹਜ਼ਾਰ ਦੋਸਤਾਂ ਦੇ ਬਰਾਬਰ ਹੁੰਦੀ ਹੈ ਪਰ ਇਕ ਵਧੀਆ ਦੋਸਤ ਲਾਇਬ੍ਰੇਰੀ ਦੇ ਬਰਾਬਰ ਹੁੰਦਾ ਹੈ।
- ਦੁਨੀਆ ਦੀ ਕੋਈ ਵੀ ਅਜਿਹੀ ਸਮੱਸਿਆ ਨਹੀਂ ਜੋ ਕਿਸੇ ਕਿਤਾਬ 'ਚ ਨਾ ਲਿਖੀ ਹੋਵੇ।
- ਕਿਤਾਬਾਂ ਦੀ ਤਰ੍ਹਾਂ ਬਹੁਤ ਅਲਫਾਜ ਨੇ ਮੇਰੇ ਅੰਦਰ ਇਸੇ ਲਈ ਤਾਂ ਮੈਂ ਖਾਮੋਸ਼ ਰਹਿੰਦਾ ਹਾਂ।
  **- ਚਾਰਲਸ ਡਿਕਨਜ**
- ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।
  **- ਗੁਰਦਿਆਲ ਸਿੰਘ**
- ਪੁਸਤਕਾਂ ਹੀ ਘਰ ਦੀ ਚਾਰਦੀਵਾਰੀ 'ਚੋਂ ਕੱਢਕੇ ਅੰਬਰਾਂ 'ਚ ਉਡਣਾ ਸਿਖਾਉਂਦੀਆਂ ਹਨ।
- ਜ਼ਿੰਦਗੀ 'ਚ ਰੰਗ ਭਰਨ ਲਈ ਪੁਸਤਕਾਂ ਜ਼ਰੂਰੀ ਹਨ।
  **- ਰਾਜੂ ਸੋਨੀ**
- ਖੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ।
- ਸਿਉਂਕ ਸੋਚਦੀ ਤਾਂ ਹੋਵੇਗੀ ਕਿ ਆਦਮੀ ਕਿੰਨਾ ਮੂਰਖ ਹੈ, ਜੋ ਕਿਤਾਬਾਂ ਖਾਂਦਾ ਹੀ ਨਹੀਂ।
  **- ਰਸੂਲ ਹਮਜ਼ਾਤੋਵ**
- ਕਿਤਾਬਾਂ ਸੋਚਣ, ਮਹਿਸੂਸਣ ਤੇ ਕੰਮ ਕਰਨ ਦਾ ਢੰਗ ਬਦਲ ਦਿੰਦੀਆਂ ਹਨ।....ਕਿਤਾਬਾਂ ਪੜ੍ਹਨ ਨਾਲ ਅਸੀਂ ਉਚੇ ਵੀ ਉਠਦੇ ਹਾਂ ਤੇ ਡੂੰਘੇ ਵੀ ਉਤਰਦੇ ਹਾਂ। ਇਹ ਸਾਨੂੰ ਆਪਣੇ ਆਪ ਨਾਲ ਤੇ ਸਮਾਜ ਨਾਲ ਵਧੇਰੇ ਇਕਸੁਰ ਕਰਨ 'ਚ ਯੋਗਦਾਨ ਪਾਉਂਦੀਆਂ ਹਨ।
  **- ਨਰਿੰਦਰ ਸਿੰਘ ਕਪੂਰ**
- ਪੁਸਤਕ ਪਰੇਮੀ ਸਭ ਤੋਂ ਵੱਧ ਅਮੀਰ ਤੇ ਸੁਖੀ ਹੁੰਦੇ ਹਨ।
  **- ਥੋਰੀਓ**
- ਇਕ ਕਿਤਾਬ ਜਾਦੂ ਦਾ ਉਹ ਲੈਂਪ ਹੈ, ਜੋ ਜੀਵਨ ਦੇ ਸਭ ਤੋਂ ਦੁਰੇਵੇ ਤੇ ਹਨ੍ਹੇਰੇ ਮਾਰਗ ਉਪਰ ਮਨੁੱਖ ਦਾ ਰਾਹ ਰੁਸ਼ਨਾਉਂਦਾ ਹੈ।
  **- ਅ. ਓਪਿਟਸ**
- ਉਹ ਬਣਾ ਰਹੇ ਨੇ ਇਮਾਰਤਾਂ, ਅਸੀਂ ਲਿਖ ਰਹੇ ਹਾਂ ਇਬਾਰਤਾਂ, ਤਾਂ ਕਿ ਪੱਥਰਾਂ ਦੇ ਸ਼ਹਿਰ ਵਿਚ ਕੋਈ ਆਤਮਾ ਵੀ ਰਿਹਾ ਕਰੇ।
  **- ਸੁਰਜੀਤ ਪਾਤਰ**
- ਚੰਗੀ ਕਿਤਾਬ ਖੋਹਲ ਕੇ ਉਮੀਦ ਕੀਤੀ ਜਾਂਦੀ ਹੈ ਕਿ ਇਹ ਨਫ਼ੇ ਨਾਲ ਸਮਾਪਤ ਹੋਵੇ।
  **- ਅਰਬੀ ਕਹਾਵਤ**
- ਜੇ ਤੁਸੀਂ ਘਰ 'ਚ ਲਾਇਬ੍ਰੇਰੀ ਬਣਾ ਲੈਂਦੇ ਹੋ ਤਾਂ ਸਮਝੋ ਤੁਹਾਡੇ ਘਰ 'ਚ ਆਤਮਾ ਧੜਕਣ ਲੱਗ ਪਈ ਹੈ।
- ਲਾਇਬ੍ਰੇਰੀਆਂ ਅਤੇ ਮਿੱਤਰਾਂ ਤੋਂ ਕਿਤਾਬਾਂ ਉਧਾਰ ਲਵੋ ਪਰ ਇਨ੍ਹਾਂ ਨੂੰ ਵਾਪਸ ਕਰਨਾ ਨਾ ਭੁੱਲੋ।
- ਤੁਹਾਡੇ ਦੁਆਰਾ ਖਰੀਦੀ ਗਈ ਇਕ ਕਿਤਾਬ ਤੁਹਾਡੇ ਮਾਨਸਿਕ ਕੱਦ ਨੂੰ ਇਕ ਕਿਲੋਮੀਟਰ ਵਧਾ ਦਿੰਦੀ ਹੈ।
  **- ਸਿਸਰੋ**
- ਇਕ ਵਿਅਕਤੀ ਦੇ ਤੌਰ 'ਤੇ ਤੁਸੀਂ ਸੱਚਮੁੱਚ ਬਹੁਤ ਛੋਟੇ ਅਤੇ ਕਮਜ਼ੋਰ ਹੋ। ਪਰ ਜਦ ਤੁਸੀਂ ਇਤਿਹਾਸ ਦੁਆਰਾ ਆਪਣਾ ਅਨੁਭਵ ਵਿਸ਼ਾਲ ਕਰ ਲੈਂਦੇ ਹੋ, ਤਾਂ ਤੁਸੀਂ ਇਕ ਦਿਉ ਦੇ ਸਿਰ ਉਪਰ ਖੜ੍ਹੇ ਬੌਣੇ ਵਾਂਗ ਉਚੇ ਹੋ ਜਾਂਦੇ ਹੋ।
  **- ਲਾਲਾ ਹਰਦਿਆਲ**
- ਅੱਜ ਕੱਲ੍ਹ ਅਸਲੀ ਯੂਨੀਵਰਸਿਟੀ ਪੁਸਤਕਾਂ ਦਾ ਸੰਗ੍ਰਹਿ ਹੈ।
  **- ਕਾਰਲਾਈਲ**



- ਮਨੁੱਖਤਾ ਦਾ ਸਾਰਾ ਜੀਵਨ ਕਿਤਾਬਾਂ ਵਿਚ ਦਰਜ ਕੀਤਾ ਗਿਆ ਹੈ। ਕਬੀਲੇ, ਲੋਕ ਤੇ ਰਾਜ ਖਤਮ ਹੋ ਗਏ, ਪਰ ਕਿਤਾਬਾਂ ਮੌਜੂਦ ਰਹੀਆਂ।
  **- ਅਲੈਗਜਾਂਦਰ ਹਰਜ਼ਨ**
- ਪੁਸਤਕਾਂ ਜਾਦੂ ਹਨ। ਇਨ੍ਹਾਂ ਨੇ ਦੁਨੀਆ ਨੂੰ ਬਦਲ ਦਿੱਤਾ ਹੈ। ਇਹ ਮਨੁੱਖੀ ਨਸਲ ਦੀ ਯਾਦਆਸ਼ਤ, ਮਨੁੱਖੀ ਵਿਚਾਰਾਂ ਦਾ ਵਾਹਨ ਹਨ। ਕਿਤਾਬਾਂ ਤੋਂ ਬਿਨਾ ਦੁਨੀਆ ਅਸੱਭਿਅਕਾਂ ਦੀ ਦੁਨੀਆ ਹੈ।
  **- ਨਿਕੋਲਾਈ ਮੋਰੋਜੋਵ**
- ਵਿਚਾਰਾਂ ਦੇ ਯੁੱਧ ਵਿਚ ਪੁਸਤਕਾਂ ਐਂਬੇਸਟਰਾਂ ਦਾ ਕੰਮ ਕਰਦੀਆਂ ਹਨ।
  **- ਬਰੱਟਰੰਡ ਰੱਸਲ**
- ਪੁਸਤਕਾਂ ਅੱਗੇ ਹਰ ਚੀਜ਼ ਮੁਰਝਾ ਜਾਂਦੀ ਹੈ।
  **- ਅੰਤੋਨ ਚੈਖੋਵ**
- ਕਿਤਾਬੋਂ ਮੇਂ ਜ਼ਿੰਦਗੀ ਕਾ ਸਾਜ਼ ਹੈ, ਕਿਤਾਬੋਂ ਮੇਂ ਜੀਨੇ ਕਾ ਅੰਦਾਜ਼ ਹੈ।
  ਕਿਤਾਬੋਂ ਮੇਂ ਕਿਤਨਾ ਬੜਾ ਸੰਸਾਰ ਹੈ, ਕਿਤਾਬੋਂ ਮੇਂ ਗਿਆਨ ਕਾ ਭੰਡਾਰ ਹੈ।
  ਕਯਾ ਤੁਮ ਇਸ ਸੰਸਾਰ ਮੇਂ ਜਾਨਾ ਨਹੀਂ ਚਾਹੋਗੇ।
  ਕਿਤਾਬੇਂ ਕੁਛ ਕਹਨਾ ਚਾਹਤੀ ਹੈਂ, ਤੁਮਹਾਰੇ ਪਾਸ ਰਹਨਾ ਚਾਹਤੀ ਹੈਂ।
  **- ਸਫਦਰ ਹਾਸ਼ਮੀ**
- ਚੰਗੀਆਂ ਕਿਤਾਬਾਂ ਕੋਲ ਹੋਣ ਤਾਂ ਸਾਨੂੰ ਆਪਣੇ ਭਲੇ ਮਿੱਤਰ ਦੇ ਨਾਲ ਨਾ ਰਹਿਣ ਦੀ ਕਮੀ ਮਹਿਸੂਸ ਨਹੀਂ ਹੁੰਦੀ।
  **- ਅਗਿਆਤ**
- ਚੰਗੀਆਂ ਕਿਤਾਬਾਂ ਪੜ੍ਹਨਾ ਉਸੇ ਤਰ੍ਹਾਂ ਹੈ, ਜਿਵੇਂ ਬਤੀਆਂ ਸਦੀਆਂ 'ਚ ਵਧੀਆ ਮਨੁੱਖਾਂ ਨਾਲ ਗੱਲਬਾਤ ਕਰਨਾ।
  **- ਡਿਸਕੇਰਦਸ**
- ਜੋ ਲੋਕ ਪੁਸਤਕਾਂ ਪੜ੍ਹਦੇ ਹਨ ਪਰ ਬੁੱਧ ਪੁਰਸ਼ਾਂ ਦੇ ਵਿਵੇਕ ਨੂੰ ਨਹੀਂ ਪਛਾਣਦੇ ਉਹ ਸ਼ਬਦਾਂ ਦੇ ਗੁਲਾਮ ਹੁੰਦੇ ਹਨ।
  **- ਗੌਤਮ ਬੁੱਧ**
- ਕਿਤਾਬਾਂ ਤੋਂ ਬਿਨਾ ਕੋਈ ਜਾਤੀ ਉਸ ਆਦਮੀ ਵਰਗੀ ਹੈ ਜਿਸ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੋਵੇ।
  **- ਰਸੂਲ ਹਮਜ਼ਾਤੋਵ**
- ਕਥਨਾਂ ਦੇ ਸਰਮਾਏ ਨਾਲ ਅਮੀਰ ਹੋਣ ਲਈ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।
  **- ਰਾਜੂ ਸੋਨੀ**
- ਕਿਤਾਬਾਂ ਵਰਗੀ ਕੋਈ ਕਿਸ਼ਤੀ ਨਹੀਂ, ਜੋ ਸਾਨੂੰ ਦੂਰ ਦੁਰਾਡੇ ਦੀਆਂ ਧਰਤੀਆਂ 'ਤੇ ਲੈ ਜਾਂਦੀ ਹੈ।
  **- ਐਮਿਲੀ ਡਿਕਨਸ਼ਨ**
- ਕਿਤਾਬਾਂ ਤੋਂ ਬਿਨਾ ਮਨੁੱਖੀ ਜੀਵਨ ਖਾਲੀ ਹੈ। ਕਿਤਾਬਾਂ ਸਾਡੇ ਲਈ ਦੋਸਤਾਂ ਤੋਂ ਵੱਧ ਹਨ। ਉਹ ਸਾਡੀਆਂ ਲਗਾਤਾਰ ਤੇ ਸਦੀਵੀ ਸਾਥਣਾਂ ਹਨ।
  **- ਡੀ ਬੈਡਨੀ**
- ਪੁਸਤਕਾਂ ਵਿਚ ਸਦੀਵਤਾ, ਗਿਆਨ, ਸੱਚ, ਵਿਗਿਆਨ
  ਸੂਝ, ਸਿਆਣਪ, ਚੇਤਨਾ, ਪੁਸਤਕ ਕਰਦੀ ਦਾਨ।
  **- ਸੁਲੱਖਣ ਸਰਹੱਦੀ**

**ਪੇਸ਼ਕਸ਼ : ਮਾਸਟਰ ਭਜਨ ਸਿੰਘ ਕੈਲਗਰੀ**
**ਫੋਨ : 403-455-4220**



# ਸ਼ਹੀਦੇ ਆਜ਼ਮ ਭਗਤ ਸਿੰਘ ਦੇ ਇਨਕਲਾਬੀ ਜੀਵਨ ਦਾ ਬੌਧਿਕ ਪੱਖ

**ਨਾਹਰ ਸਿੰਘ ਔਜਲਾ**

23 ਮਾਰਚ ਦਾ ਸ਼ਹੀਦੀ ਦਿਨ ਇਕੱਲੇ ਪੰਜਾਬ ਜਾਂ ਦੁਨੀਆਂ ਭਰ ਚ ਬੈਠੇ ਪੰਜਾਬੀਆਂ ਵਲੋਂ ਹੀ ਨਹੀਂ ਸਗੋਂ ਭਾਰਤ ਦੇ ਹਰ ਸੂਬੇ ਵਿੱਚ ਮਨਾਇਆ ਜਾਂਦਾ ਹੈ। ਜੰਗਲਾਂ 'ਚ ਵਸਦੇ ਬਹੁਤ ਸਾਰੇ ਗਰੀਬ ਤੇ ਅਨਪੜ੍ਹ ਆਦੀਵਾਸੀ ਲੋਕ ਵੀ ਭਗਤ ਸਿੰਘ ਬਾਰੇ ਜਾਣਦੇ ਹਨ। ਪਾਕਿਸਤਾਨ 'ਚ ਕੰਮ ਕਰਦੀਆਂ ਕੁਝ ਅਗਾਂਹਵਧੂ ਜੱਥੇਬੰਦੀਆਂ ਵੀ ਇਸ ਦਿਨ ਤੇ ਆਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦੀਆਂ ਹਨ। ਰਾਜਗੁਰੂ, ਸੁਖਦੇਵ ਅਤੇ ਹੋਰ ਲੋਕਾਂ ਵਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਦੀ ਕੋਈ ਘੱਟ ਮਹੱਤਤਾ ਨਹੀਂ ਹੈ। ਪਰ ਭਗਤ ਸਿੰਘ ਦੀਆਂ ਅਮੁੱਲ ਲਿਖਤਾਂ ਅਤੇ ਉਸਦੇ ਬੌਧਿਕ ਪੱਖ ਕਾਰਨ ਉਸਦੀ ਆਪਣੀ ਇਕ ਵੱਖਰੀ ਪਹਿਚਾਣ ਹੈ। ਭਗਤ ਸਿੰਘ ਭਾਰਤੀ ਲੋਕਾਂ ਲਈ ਚਮਕਦੇ ਸਿਤਾਰੇ ਵਾਂਗ ਹੈ। ਭਾਵੇਂ ਕੁਝ ਸ਼ਰਾਰਤੀ ਤੇ ਮੌਕਾਪ੍ਰਸਤ ਲੋਕ ਆਪਣੇ ਵੱਡੇ ਵਡੇਰਿਆਂ ਦੀ ਸੱਤਾ ਦੀ ਚਾਪਲੂਸੀ ਨੂੰ ਬਰਕਰਾਰ ਰੱਖਦਿਆਂ ਸ਼ਹੀਦ ਭਗਤ ਸਿੰਘ ਨੂੰ ਇਕ ਦਹਿਸ਼ਤਗਰਦ ਸਾਬਤ ਕਰਨ ਲਈ ਆਪਣੇ ਬਿਆਨ ਦਾਗਦੇ ਰਹਿੰਦੇ ਹਨ, ਪਰ ਲੋਕ ਅਸਲੀਅਤ ਤੋਂ ਜਾਣੂ ਹਨ। ਵੱਖੋ ਵਖਰੇ ਧਰਮਾਂ ਵਾਲੇ, ਕੱਟੜ ਫ੍ਰਿਕਾਪ੍ਰਸਤ, ਸਾਰੀਆਂ ਵੋਟ ਵਟੋਰੂ ਤੇ ਮੌਕਾ ਪ੍ਰਸਤ ਪਾਰਟੀਆਂ ਵੀ ਭਗਤ ਸਿੰਘ ਨਾਲ ਆਪਣਾ ਹੇਜ ਦਰਸਾਉਂਣ ਤੇ ਪੂਰਾ ਟਿੱਲ ਲਾਉਂਦੀਆਂ ਹਨ। ਕਈ ਲੀਡਰ ਤਾਂ ਨਵੀਂ ਪਾਰਟੀ ਦੀ ਸ਼ੁਰੂਆਤ ਹੀ ਭਗਤ ਸਿੰਘ ਦੇ ਬੁੱਤ ਨਾਲ ਫੋਟੋ ਖਿਚਵਾ ਕੇ ਕਰਦੇ ਹਨ। ਕੁਝ ਰਾਜਨੀਤਕ ਲੀਡਰ ਉਸਦੇ ਵਿਚਾਰਾਂ ਨੂੰ ਨਹੀਂ ਸਗੋਂ ਉਸ ਵਰਗਾ ਪਹਿਰਾਵਾ ਪਹਿਨ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਭਗਤ ਸਿੰਘ ਦੇ ਵਿਚਾਰਾਂ ਤੋਂ ਅੰਗਰੇਜ਼ ਵੀ ਤ੍ਰਬਕਦੇ ਸਨ ਤੇ ਅੱਜ ਦੀਆਂ ਸਰਕਾਰਾਂ ਵੀ। ਇਹੀ ਕਾਰਨ ਹੈ ਕਿ ਉਸ ਦੀ ਬਹਾਦਰੀ ਦੇ ਚਰਚੇ ਤਾਂ ਇਹ ਲੋਕ ਆਮ ਹੀ ਕਰਦੇ ਹਨ ਪਰ ਉਸ ਦੀ ਵਿਚਾਰਧਾਰਾ ਬਾਰੇ ਇਕ ਲਫ਼ਜ਼ ਤੱਕ ਨਹੀਂ ਬੋਲਦੇ। ਭਗਤ ਸਿੰਘ ਇਕ ਬੁੱਧੀਮਾਨ ਵਿਅਕਤੀ ਸੀ ਜਿਸ ਨੇ ਆਪਣੀ ਜ਼ਿੰਦਗੀ ਦੇ ਥੋੜੇ ਜਿਹੇ ਸਮੇਂ ਵਿੱਚ ਹੀ ਡਾਢਾ ਅਧਿਐਨ ਕਰ ਕੇ ਬਹੁਤ ਸਾਰੇ ਮਹੱਤਵਪੂਰਣ ਮੁੱਦਿਆਂ ਨੂੰ ਛੋਹਿਆ ਜਿਸ ਵਿੱਚ ਧਰਮ, ਜਾਤ-ਪਾਤ, ਭਾਸ਼ਾ, ਫਿਲਾਸਫੀ, ਇਨਕਲਾਬ ਦੀ ਲੋੜ, ਬੰਬ ਦਾ ਫਲਸਫਾ, ਗਾਂਧੀ ਤੇ ਕਾਂਗਰਸ ਦੀ ਵਿਚਾਰਧਾਰਾ, ਨਾਸਤਿਕਤਾ, ਮਾਰਕਸਵਾਦ ਤੇ ਲੈਨਿਨਵਾਦ। ਇਨਕਲਾਬੀ ਪ੍ਰੋਗਰਾਮ ਦਾ ਖਰੜਾ ਭਗਤ ਸਿੰਘ ਦੀ ਇਕ ਸਰਬਉਤਮ ਰਚਨਾ ਹੈ। ਇਹ ਖਰੜਾ ਅੰਗਰੇਜ਼ ਹਕੂਮਤ ਨੇ ਵੀ ਆਪਣੀ ਸਰਕਾਰੀ ਫਾਇਲ 'ਚ ਸਾਂਭਿਆ ਹੋਇਆ ਸੀ। ਭਗਤ ਸਿੰਘ ਦੀ ਜੇਲ੍ਹ ਡਾਇਰੀ ਜੋ ਕਿ ਇਕ ਇਤਿਹਾਸਕ ਲਿਖਤ ਹੈ। ਇਸ ਡਾਇਰੀ ਦੇ ਨੋਟ ਭਗਤ ਸਿੰਘ ਦੇ ਚਿੰਤਕ ਵਿਅਕਤੀਤਵ ਦੀ ਗਹਿਰਾਈ ਨੂੰ ਹੋਰ ਵਧੇਰੇ ਸਪੱਸ਼ਟ ਕਰਦੇ ਹਨ। ਇਹ ਨੋਟ ਭਾਰਤ ਦੇ ਰਾਜਨੀਤਕ, ਆਰਥਿਕ, ਸਮਾਜਿਕ ਤੇ ਧਾਰਮਿਕ ਹਲਾਤਾਂ ਤੇ ਅੱਜ ਵੀ ਪੂਰੀ ਤਰ੍ਹਾਂ ਢੁਕਵੇਂ ਤੇ ਰਾਹ ਦਰਸੇਵਾਂ ਹਨ। ਹਾਲਾਤ ਉਸ ਸਮੇਂ ਨਾਲੋਂ ਹੋਰ ਵੀ ਬਦਤਰ ਬਣੇ ਪਏ ਹਨ। ਪੰਜਾਬ ਤੇ ਹੋਰ ਬਹੁਤ ਸਾਰੇ ਸੂਬਿਆਂ ਦੀ ਹਾਲਤ ਬੜੀ ਤਰਸਯੋਗ ਹੈ। ਬੇਰੁਜ਼ਗਾਰ ਨੌਜਵਾਨ ਨਸ਼ਿਆਂ 'ਚ ਗ੍ਰਸਤ ਹੋ ਰਹੇ ਹਨ। ਚੰਗੇ ਪੜ੍ਹੇ ਲਿਖੇ ਤੇ ਬੇਰੁਜ਼ਗਾਰ ਨੌਜਵਾਨ ਬਾਹਰਲੇ ਮੁਲਕਾਂ ਨੂੰ ਦੌੜ ਰਹੇ ਹਨ। ਗਰੀਬ ਮਜ਼ਦੂਰ ਤੇ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਲੋਕ ਨਿਰਾਸ਼ਤਾ ਦੀ ਦਲ ਦਲ ਚ ਧਸੇ ਪਏ ਹਨ। ਇਹੋ ਜਿਹੇ ਹਲਾਤਾਂ ਦੀ ਵਿਆਖਿਆ ਕਰਦਿਆਂ ਹੀ ਭਗਤ ਸਿੰਘ ਨੇ ਲਿਖਿਆ ਸੀ, "ਇਨਕਲਾਬ ਮਿਹਨਤੀ ਵਿਚਾਰਕਾਂ ਅਤੇ ਮਿਹਨਤੀ ਕਾਰਕੁੰਨਾਂ ਦੀ ਪੈਦਾਇਸ਼ ਹੁੰਦਾ ਹੈ। ਬਦਕਿਸਮਤੀ ਨੂੰ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾਂ ਕਮਜ਼ੋਰ ਰਿਹਾ ਹੈ। ਇਸ ਲਈ ਇਨਕਲਾਬ ਦੀਆਂ ਜਰੂਰੀ ਗੱਲਾਂ ਅਤੇ ਕੀਤੇ ਗਏ ਕਾਰਜ ਦੇ ਪ੍ਰਭਾਵ ਵੱਲੀਂ ਧਿਆਨ ਨਹੀਂ ਦਿਤਾ ਗਿਆ। ਇਸ ਵਾਸਤੇ ਇਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜੁੰਮੇਵਾਰੀ ਬਣਾ ਲੈਣਾ ਚਾਹੀਦਾ ਹੈ"। ਸ਼ਹੀਦ ਭਗਤ ਸਿੰਘ ਦੀ ਜੇਲ੍ਹ ਡਾਇਰੀ ਜੋ ਭਗਤ ਸਿੰਘ ਨੂੰ ਫਾਂਸੀ ਲਾਏ ਜਾਣ ਤੋਂ ਬਾਅਦ ਉਸ ਦੇ ਪ੍ਰੀਵਾਰਕ ਮੈਂਬਰਾਂ ਨੂੰ ਉਸਦੀਆਂ ਕੁਝ ਨਿੱਜੀ ਵਸਤਾਂ ਸਮੇਤ ਦੇ ਦਿੱਤੀ ਗਈ ਸੀ ਪ੍ਰੰਤੂ ਇਹ ਇਤਿਹਾਸਕ ਡਾਇਰੀ ਤਕਰੀਬਨ 50 ਸਾਲਾਂ ਤੱਕ ਕਿਸੇ ਵੀ ਇਤਿਹਾਸਕਾਰ ਦੇ ਨੋਟਿਸ ਚ ਨਹੀਂ ਆ ਸਕੀ ਜਦੋਂ ਕਿ ਇਹ ਡਾਇਰੀ ਭਗਤ ਸਿੰਘ ਦੇ ਛੋਟੇ ਭਰਾ ਕੁਲਬੀਰ ਸਿੰਘ ਕੋਲ ਸੀ। ਇਸ ਡਾਇਰੀ ਵਿੱਚ ਸਾਂਭੇ ਨੋਟ ਉਹਨਾਂ ਲਈ ਅੱਜ ਵੀ ਪੱਥ ਪ੍ਰਦਰਸ਼ਕ ਬਣਨਗੇ ਜਿਹੜੇ ਇਨਕਲਾਬ ਲਈ ਅਰਪਿਤ ਤੇ ਲੋਕਾਂ ਲਈ ਸਮਰਪਿਤ ਕਰਾਂਤੀਕਾਰੀ, ਮਜ਼ਦੂਰ ਜਮਾਤ ਨੂੰ ਸੱਤਾ ਦਾ ਮਾਲਕ ਬਣਾਉਣ ਦਾ ਅਕੀਦਾ ਰੱਖਦੇ ਹਨ। ਜਿਸ ਚਿੰਤਨ ਅਤੇ ਅਧਿਐਨ ਦੀ ਗੱਲ ਭਗਤ ਸਿੰਘ 1929-30 ਦੇ ਸਮੇਂ ਚ ਜੇਲ੍ਹ



ਦੀਆਂ ਸਖਤ ਕਠਨਿਆਈਆਂ, ਸਖਤ ਜਾਬਤੇ ਤੇ ਫਾਂਸੀ ਦੇ ਫੰਧੇ ਦੇ ਅਟੱਲ ਹੁਕਮਾਂ ਅਧੀਨ ਰਹਿ ਕੇ ਕਰਦਾ ਹੈ ਤੇ ਆਪ ਉਸ ਤੇ ਅਮਲ ਕਰਦਾ ਹੈ। ਜੇਲ੍ਹ ਵਿੱਚ ਹੀ ਕਿਤਾਬਾਂ ਮੰਗਵਾਉਣਾਂ ਤੇ ਉਹਨਾਂ ਦਾ ਅਧਿਐਨ ਕਰਨਾ ਹੀ ਤਾਂ ਭਗਤ ਸਿੰਘ ਦੇ ਚਿੰਤਕ ਵਿਅਕਤੀਤਵ ਦੀ ਸਮਰੱਥਾ ਅਤੇ ਗਹਿਰਾਈ ਨੂੰ ਸਪੱਸ਼ਟ ਕਰਦਾ ਹੈ। ਅਧਿਐਨ ਕਰਨ ਤੋਂ ਬਾਅਦ ਨੋਟ ਤਿਆਰ ਕਰ ਕੇ ਹਰ ਇਨਕਲਾਬੀ ਕਾਰਕੁੰਨ ਨੂੰ ਉਸ ਤੇ ਅਮਲ ਕਰਨ ਲਈ ਵੀ ਪ੍ਰੇਰਦਾ ਹੈ। ਭਾਰਤ ਦੇ ਇਨਕਲਾਬੀ ਇਤਿਹਾਸ ਵਿੱਚ ਬੌਧਿਕ ਪੱਖ ਤੋਂ ਰਹੀ ਘਾਟ ਦੇ ਖੱਪੇ ਨੂੰ ਮਹਿਸੂਸ ਕਰਦਿਆਂ ਭਗਤ ਸਿੰਘ ਨੇ ਸੈਂਕੜੇ ਹੀ ਕਿਤਾਬਾਂ ਦਾ ਡੂੰਘਾ ਅਧਿਐਨ ਕੀਤਾ। ਇਸ ਦੀ ਬੜੀ ਹੀ ਟੁੰਬਵੀ ਮਿਸਾਲ ਇਹ ਹੈ ਕਿ ਭਗਤ ਸਿੰਘ ਫਾਂਸੀ ਲੱਗਣ ਤੋਂ ਕੁਝ ਸਮਾਂ ਪਹਿਲਾਂ ਵੀ ਕਾਮਰੇਡ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਪਰ ਉਸ ਦੀ ਸ਼ਹੀਦੀ ਤੋਂ ਏਨਾਂ ਲੰਮਾ ਸਮਾ ਬਾਅਦ ਵੀ ਕਮਿਊਨਿਸਟ ਪਾਰਟੀਆਂ ਵਿੱਚ ਭਾਰਤੀ ਇਨਕਲਾਬ ਦੇ ਬੁਨਿਆਦੀ ਸੁਆਲਾਂ ਦਾ ਰੇੜਕਾ ਅਜੇ ਤੱਕ ਵੀ ਪਿਆ ਹੋਇਆ ਹੈ। ਹਰ ਕਮਿਊਨਿਸ਼ਟ ਪਾਰਟੀ ਤੇ ਗਰੁੱਪ ਆਪਣੀ ਪਾਰਟੀ ਲਾਈਨ ਦੇ ਦਰੁੱਸਤ ਹੋਣ ਦੀ ਵਕਾਲਤ ਕਰਦੇ ਆ ਰਹੇ ਹਨ। ਜਾਤ ਪਾਤ ਦਾ ਮੁੱਦਾ, ਬੇਜ਼ਮੀਨੇ ਮਜਦੂਰਾਂ ਦੇ ਮਸਲੇ, ਕਸ਼ਮੀਰ ਦਾ ਮੁੱਦਾ, ਆਦਿਵਾਸੀ ਲੋਕਾਂ ਦੇ ਜੰਗਲ, ਜ਼ਮੀਨ, ਜਲ ਤੇ ਸਰਕਾਰੀ ਜ਼ਬਰ ਜਿਹੇ ਭਖਦੇ ਮੁੱਦੇ ਤਾਂ ਕਈ ਪਾਰਟੀਆਂ ਦੇ ਕਿਸੇ ਅਜੰਡੇ ਤੇ ਵੀ ਨਹੀਂ ਹਨ। ਸਗੋਂ ਇਹਨਾਂ ਮੁੱਦਿਆਂ ਤੇ ਤਾਂ ਉਹਨਾਂ ਦੀ ਪਰੈਕਟਿਸ ਵੀ ਬੂਰਜੂਆ ਪਾਰਟੀਆਂ ਨਾਲ ਹੀ ਮੇਲ ਖਾਂਦੀ ਹੈ। ਬਹੁਤ ਸਾਰੇ ਕਮਿਉਨਿਸਟਾਂ ਚ ਤਾਂ ਅਜੇ ਭਾਰਤੀ ਇਨਕਲਾਬ ਦੇ ਬੁਨਿਆਦੀ ਸਵਾਲਾਂ ਤੇ ਉਸਾਰੂ ਬਹਿਸ ਹੋਣ ਦੀ ਥਾਂ ਆਪਸੀ ਖਹਿਬਾਜੀ, ਤਗੰਦਿਲੀ ਤੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਪ੍ਰਵਿਰਤੀ ਹੀ ਭਾਰੂ ਹੈ। ਭਗਤ ਸਿੰਘ ਨੇ ਆਪਣੀ ਚਿੰਤਨ ਬੁੱਧੀ ਨਾਲ ਜੋ ਵੀ ਖੁਲਾਸੇ ਕੀਤੇ ਉਹ ਅੱਜ ਤੱਕ ਸਹੀ ਸਾਬਤ ਹੋ ਰਹੇ ਹਨ। ਭਗਤ ਸਿੰਘ ਨੂੰ ਫਾਸੀ ਦੇਣ ਪਿਛੇ ਵੀ ਅੰਗਰੇਜ਼ਾਂ ਦਾ ਵੱਡਾ ਡਰ ਉਸ ਦੀ ਵਿਚਾਰਧਾਰਾ ਤੇ ਉਸ ਨਾਲ ਜੁੜ ਰਹੇ ਲੋਕਾਂ ਦਾ ਵੱਡਾ ਹਜੂਮ ਹੀ ਸੀ। ਇਹ ਗੱਲ ਤਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਮੰਨੀ ਸੀ।" ਦੇਸ਼ ਵਿੱਚ ਖੱਬੇ ਪੱਖੀ ਅੰਦੋਲਨ ਸਿਰ ਚੁੱਕ ਰਿਹਾ ਸੀ। ਉਸ ਸਮੇਂ ਨੌਜਵਾਨ ਪੀੜ੍ਹੀ ਦੀ ਸੋਚ ਦੀ ਦਿਸ਼ਾ ਦਾ ਵਰਨਣ ਕਰਦਿਆਂ ਹੋਇਆਂ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ "ਬੁੱਧੀਜੀਵੀਆਂ, ਇਥੋਂ ਤੱਕ ਕਿ ਸਰਕਾਰੀ ਅਫ਼ਸਰਾਂ ਦੇ ਵਿੱਚ ਵੀ ਕਮਿਉਨਿਜ਼ਮ ਅਤੇ ਸਮਾਜਵਾਦ ਦੇ ਅਸ਼ਪੱਸ਼ਟ ਵਿਚਾਰ ਫੈਲ ਚੁੱਕੇ ਹਨ। ਅੰਗਰੇਜ਼ ਸਾਮਰਾਜਵਾਦੀਆਂ ਨੂੰ ਇਸ ਤੋਂ ਚਿੰਤਾ ਹੋਈ ਅਤੇ ਉਹਨਾਂ ਨੇ ਅੰਦੋਲਨ ਨੂੰ ਸ਼ੁਰੂ ਵਿੱਚ ਕੁਚਲ ਸੁੱਟਣ ਦਾ ਫੈਸਲਾ ਕੀਤਾ। ਖੁਫੀਆ ਬਿਉਰੋ ਦੇ ਨਿਰਦੇਸ਼ਕ ਸਰ ਡੇਵਿਡ ਪੈਟ੍ਰਿਕ ਨੇ ਭਾਰਤ ਵਿੱਚ ਕਮਿਉਨਿਜ਼ਮ ਬਾਰੇ ਆਪਣੀ ਰਿਪੋਰਟ ਵਿੱਚ ਜਿਹੜੀ ਉਹਨਾਂ ਨੇ 1929 ਵਿੱਚ ਤਿਆਰ ਕੀਤੀ ਸੀ ਕਿਹਾ "ਬਾਲਸ਼ਵਿਕਾਂ ਦਾ ਇਹ ਵਿਸ਼ਵਾਸ਼ ਹੈ ਕਿ ਬ੍ਰਿਟਿਸ਼ ਸਾਮਰਾਜ ਵਿੱਚ ਭਾਰਤ ਸਭ ਤੋਂ ਕਮਜ਼ੋਰ ਬਿੰਦੂ ਹੈ ਅਤੇ ਉਹ ਇਸ ਨੂੰ ਧਾਰਮਿਕ ਵਿਸਵਾਸ਼ ਦੇ ਰੂਪ ਚ ਦਿਲ ਵਿੱਚ ਸਮੋਏ ਹੋਏ ਹਨ ਕਿ ਜਦੋਂ ਤੱਕ ਭਾਰਤ ਅਜ਼ਾਦ ਨਹੀਂ ਹੋ ਜਾਂਦਾ ਉਦੋਂ ਤੱਕ ਰੂਸ ਇੰਗਲੈਂਡ ਦੇ ਸ਼ਰਾਪ ਤੋਂ ਮੁਕਤ ਨਹੀਂ ਹੋ ਸਕੇਗਾ।" ਮਹਾਤਮਾਂ ਗਾਂਧੀ ਤੇ ਕਾਂਗਰਸ ਕਿਹੋ ਜਿਹੀ ਅਜ਼ਾਦੀ ਲੋਕਾਂ ਨੂੰ ਲੈ ਕੇ ਦੇਣਗੇ, ਭਗਤ ਸਿੰਘ ਦਾ ਉਹ ਕਥਨ ਪੂਰੀ ਤਰ੍ਹਾਂ ਸਹੀ ਸਾਬਤ ਹੋਇਆ ਹੈ। "ਸਾਨੂੰ ਕਾਂਗਰਸ ਲਹਿਰ ਦੀਆਂ ਸੰਭਾਨਾਵਾਂ, ਹਾਰਾਂ ਅਤੇ ਪ੍ਰਾਪਤੀਆਂ ਬਾਰੇ ਕਿਸੇ ਕਿਸਮ ਦਾ ਭਰਮ ਨਹੀਂ ਹੋਣਾ ਚਾਹੀਦਾ। ਇਸ ਲਹਿਰ ਨੂੰ, ਜੋ ਅੱਜ ਹੈ, ਗਾਂਧੀਵਾਦ ਕਹਿਣਾ ਹੀ ਠੀਕ ਹੈ। ਇਹ ਦਾਅਵੇ ਨਾਲ ਅਜ਼ਾਦੀ ਲਈ ਨਹੀਂ ਖੜਦੀ, ਬਲਕੇ ਹਿੱਸੇਦਾਰੀ ਦੇ ਹੱਕ ਵਿਚ ਹੈ। ਇਸ ਦਾ ਤਰੀਕਾ ਅਨੂਠਾ ਹੈ ਪਰ ਵਿਚਾਰੇ ਲੋਕਾਂ ਦੇ ਲਈ ਕਿਸੇ ਕੰਮ ਦਾ ਨਹੀਂ ਹੈ"। "ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲੀ ਬੁਰਾਈ ਨੂੰ ਲਿਆ ਕੇ, ਕਸ਼ਟ ਨਹੀਂ ਝੱਲਣਾ ਚਾਹੁੰਦੇ"। 1947 ਤੋਂ ਬਾਅਦ ਨਵੇਂ ਸਾਸਕਾਂ ਦੇ ਬਦਲ-ਬਦਲ ਕੇ ਆਉਂਣ ਤੋਂ ਬਾਅਦ ਵੀ ਮਿਹਨਤੀ ਲੋਕਾਂ ਲਈ ਕੁਝ ਨਹੀਂ ਬਦਲਿਆ ਸਿਵਾਏ ਫ੍ਰਿਕਾਪ੍ਰਸਤੀ, ਜਾਤਪਾਤੀ ਝਗੜੇ, ਬੇਰੁਜਗਾਰੀ ਤੇ ਸਾਮਰਾਜਵਾਦੀਆਂ ਦੀ ਅੰਨੀ ਲੁੱਟ ਦੇ। ਕਿਉਂਕਿ ਇਹ ਅਜ਼ਾਦੀ, ਲੋਕ ਤਾਕਤ ਨਾਲ ਪ੍ਰਾਪਤ ਨਹੀਂ ਕੀਤੀ ਗਈ, ਸਗੋਂ ਕਾਂਗਰਸ ਅਤੇ ਅੰਗਰੇਜ਼ਾਂ ਵਿਚਕਾਰ ਹੋਏ ਇਕ ਸਮਝੌਤੇ ਤਹਿਤ ਪਰੋਸੀ ਹੋਈ ਮਿਲੀ ਸੀ। ਅੱਜ ਦੇ ਹਾਕਮਾਂ ਦੇ ਕਦਮ ਤਾਂ ਅਣ-ਐਲਾਨੀ ਐਮਰਜੈਂਸੀ ਵਾਂਗ ਫਾਸੀਵਾਦੀ ਹਕੂਮਤ ਵੱਲ ਨੂੰ ਵੱਧ ਰਹੇ ਹਨ। ਕਾਲਜਾਂ ਯੂਨੀਵਰਸਿਟੀਆਂ ਵਿੱਚ ਇਕ ਖਾਸ ਸੋਚ ਦੇ ਉੱਚ ਅਧਿਕਾਰੀਆਂ ਨੂੰ ਫਿੱਟ ਕਰਕੇ ਵਿਰੋਧੀ ਵਿਚਾਰਾਂ ਵਾਲੇ ਵਿਦਿਆਰਥੀਆਂ ਨੂੰ ਅੰਗਰੇਜ਼ ਹਕੂਮਤ ਵਲੋਂ ਬਣਾਏ ਸਡੀਸ਼ਨ ਵਰਗੇ ਸ਼ਗੀਨ ਕੇਸਾਂ ਚ ਫਸਾਇਆ ਜਾ ਰਿਹਾ ਹੈ। ਦਲਿੱਤ ਤੇ ਮਜ਼ਦੂਰ ਵਰਗ ਨਾਲ ਸਬੰਧਿਤ ਵਿਦਿਆਰਥੀਆਂ ਦੇ ਵਜੀਫੇ ਤੱਕ ਰੋਕ ਕੇ ਉਹਨਾਂ ਨੂੰ ਆਤਮ ਹੱਤਿਆ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਇਕ ਫਿਰਕੇ ਵਲੋਂ ਬਾਕੀ ਲੋਕਾਂ ਨੂੰ ਖਾਣ ਅਤੇ ਪਹਿਨਣ ਦੇ ਸ਼ਾਹੀ ਫੁਰਮਾਨ ਜਾਰੀ ਕੀਤੇ ਜਾ ਰਹੇ ਹਨ। ਇਸ ਭਗਵੇਂ ਹੱਲੇ ਨੂੰ ਰੋਕਣ ਲਈ ਇਕ ਤਕੜੀ ਲੋਕ ਲਹਿਰ ਦਾ ਹੋਣਾ ਜ਼ਰੂਰੀ ਹੈ। ਭਾਵੇਂ ਅੱਜ ਵੀ ਹਜ਼ਾਰਾਂ ਹੀ ਕਰਾਂਤੀਕਾਰੀ ਨੌਜਵਾਨ ਆਪਣਾ ਸਭ ਕੁਝ ਛੱਡ-ਛਡਾਕੇ ਭਾਰਤੀ ਇਨਕਲਾਬ ਲਈ ਤੁਰੇ ਹੋਏ ਆਪਣੀਆਂ ਕੁਰਬਾਨੀਆਂ ਦੇ ਰਹੇ ਹਨ ਤੇ ਸੈਂਕੜੇ ਹੀ ਨਿਰਾਸ਼ਤਾ ਚੋਂ ਘਰੀ ਵੀ ਬੈਠ ਰਹੇ ਹਨ ਜਾਂ ਨਵੇਂ ਨਾਵਾਂ ਹੇਠ ਉੱਗ ਰਹੀਆਂ ਪਾਰਲੀਮਾਨੀ ਪਾਰਟੀਆਂ ਦੇ ਕਾਰਕੁੰਨ ਬਣ ਰਹੇ ਹਨ। ਜੋ ਭਗਤ ਸਿੰਘ ਨੇ ਲਿਖਿਆ ਹੈ ਕਿ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾਂ ਹੀ ਕਮਜ਼ੋਰ ਰਿਹਾ ਹੈ। ਕੀ ਅੱਜ ਵੀ ਇਸ ਸੁਆਲ ਤੇ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ? ਭਗਤ ਸਿੰਘ ਦੇ ਕਥਨ ਅਨੁਸਾਰ"ਇਨਕਲਾਬ ਤੋਂ ਸਾਡਾ ਕੀ ਭਾਵ ਹੈ, ਸਪਸ਼ਟ ਹੈ। ਇਸ ਸਦੀ ਵਿਚ ਇਸਦੇ ਸਿਰਫ ਇਕ ਹੀ ਮਤਲਬ ਹੋ ਸਕਦੇ ਹਨ- ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ ਤੇ ਕਬਜਾ। ਅਸਲ ਵਿਚ ਇਹ ਹੈ ਇਨਕਲਾਬ"। ਬਾਕੀ ਸਭ ਬਗਾਵਤਾਂ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਆਂਦ ਨੂੰ ਹੀ ਅਗੇ ਤੋਰਦੀਆਂ ਨੇ"।

416-728-5686






# ਚੋਣਾਂ, ਲੋਕ ਮੁੱਦੇ ਅਤੇ ਜ਼ਮੀਨੀ ਹਕੀਕਤਾਂ



ਗੁਰਚਰਨ ਨੂਰਪੁਰ

ਅਸੀਂ ਲੋਕਤੰਤਰ ਦੇ ਉਸ ਪੜਾਅ 'ਤੇ ਹਾਂ ਜਿੱਥੇ ਰਾਜਸੀ ਪਾਰਟੀਆਂ ਦੀ ਸਾਰੀ ਸਰਗਰਮੀ ਵੋਟ ਦੁਆਲੇ ਕੇਂਦਰਿਤ ਹੈ। ਕੋਈ ਵੀ ਰਾਜਨੀਤਕ ਪਾਰਟੀ ਭਾਵੇਂ ਸੱਤਾ ਵਿੱਚ ਹੋਵੇ ਜਾਂ ਸੱਤਾ ਤੋਂ ਬਾਹਰ ਉਸ ਦੇ ਚਿੰਤਨ ਦਾ ਵਿਸ਼ਾ ਕੁਰਸੀ ਨਹੀਂ ਬਲਕਿ ਸਮਾਜ ਹੋਣਾ ਚਾਹੀਦਾ ਹੈ। ਸਾਡੀਆਂ ਲੋਕਤਾਂਤਰਿਕ ਮਰਿਆਦਾਵਾਂ ਵਿੱਚ ਸੁਧਾਰ ਦੀ ਬਜਾਏ ਤੇਜ਼ੀ ਨਾਲ ਨਿਘਾਰ ਆਉਣ ਲੱਗ ਪਿਆ ਹੈ। ਚੋਣਾਂ ਨੇੜੇ ਆਉਣ 'ਤੇ ਹਰ ਪਾਸੇ ਨੀਂਹ ਪੱਥਰਾਂ ਦੀ ਭਰਮਾਰ ਸ਼ੁਰੂ ਹੋ ਜਾਂਦੀ ਹੈ। ਚੋਣਾਂ ਲੰਘ ਜਾਣ 'ਤੇ ਇਨ੍ਹਾਂ ਦੀਆਂ ਉਖੜੀਆਂ ਇੱਟਾਂ ਵਿਕਾਸ ਦਾ ਮੂੰਹ ਚਿੜਾਉਣ ਲੱਗ ਪੈਂਦੀਆਂ ਹਨ। ਚੋਣਾਂ ਦੌਰਾਨ ਗ਼ੈਰਵਿਚਾਰਧਾਰਕ ਗਠਜੋੜ ਅਤੇ ਰਾਜਨੇਤਾਵਾਂ ਦੀ ਪਲਟੀਆਂ ਖ਼ਬਰਾਂ ਬਣਨ ਲਗਦੀਆਂ ਹਨ। ਵੋਟਾਂ ਵਿੱਚ ਉਹ ਵਾਅਦੇ ਜੋ ਕਦੇ ਵਫ਼ਾ ਨਹੀਂ ਹੋਣੇ ਹੁੰਦੇ, ਦੀਆਂ ਲੰਮੀਆਂ ਸੂਚੀਆਂ ਜਾਰੀ ਹੋਣ ਲਗਦੀਆਂ ਹਨ। ਚੋਣਾਂ ਦੌਰਾਨ ਕੀਤੇ ਵਾਅਦੇ ਚੋਣ ਜੁਮਲੇ ਬਣ ਕੇ ਰਹਿ ਜਾਂਦੇ ਹਨ। ਰਾਜਸੀ ਨੇਤਾਵਾਂ ਦੇ ਸਾਧਾਂ ਸੰਤਾਂ ਦੇ ਡੇਰਿਆਂ 'ਤੇ ਗੇੜੇ ਵਧ ਜਾਂਦੇ ਹਨ। ਲੰਮੇ ਸਮੇਂ ਤੋਂ ਬੰਦ ਪਈਆਂ ਸਕੀਮਾਂ ਅਤੇ ਵਿਕਾਸ ਕਾਰਜਾਂ ਵਿੱਚ ਗਤੀ ਆ ਜਾਂਦੀ ਹੈ। ਸ਼ਗਨ ਸਕੀਮਾਂ ਅਤੇ ਲੰਮੇ ਸਮੇਂ ਤੋਂ ਬੁਢਾਪਾ ਪੈਂਨਸ਼ਨਾਂ ਨੂੰ ਉਡੀਕਦੇ ਤਰਸ ਦੇ ਪਾਤਰ ਬਣੇ ਲੋਕਾਂ 'ਤੇ ਸਰਕਾਰ ਨੂੰ ਤਰਸ ਆਉਣ ਲੱਗ ਪੈਂਦਾ ਹੈ। ਚੋਣਾਂ ਦੌਰਾਨ ਵੋਟਾਂ ਦੀ ਖ਼ਰੀਦੋ-ਫ਼ਰੋਖਤ ਹੁੰਦੀ ਹੈ। ਹਰ ਤਰ੍ਹਾਂ ਦੇ ਨਸ਼ੇ ਵੰਡੇ ਜਾਂਦੇ ਹਨ। ਇਹ ਸਭ ਕੁਝ ਸਾਡੀ ਜਮਹੂਰੀ ਚੋਣ ਪ੍ਰਣਾਲੀ ਨਾਲ ਜੁੜਿਆ ਅਜਿਹਾ ਭ੍ਰਿਸ਼ਟਾਚਾਰ ਹੈ ਜਿਸ ਨੂੰ ਅਸੀਂ ਹੁਣ ਸਵੀਕਾਰ ਕਰ ਲਿਆ ਹੈ ਅਤੇ ਇਹ ਸਾਨੂੰ ਆਮ ਵਰਤਾਰੇ ਲੱਗਣ ਲੱਗ ਪਏ ਹਨ। ਇਹ ਸਾਡੇ ਲਈ ਤਕਲੀਫ਼ਦੇਹ ਨਹੀਂ ਰਹੇ। ਇਸ ਸਮੇਂ ਸਾਡੇ ਦੇਸ਼ ਸਮਾਜ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਸਾਡੀਆਂ ਸਮੱਸਿਆਵਾਂ ਤੇ ਮੁਸ਼ਕਲਾਂ ਦੇ ਹੱਲ ਕੱਢਣ ਦੀ ਬਜਾਏ ਸਾਨੂੰ ਕਿਸੇ ਹੋਰ ਪਾਸੇ ਤੋਰਿਆ ਜਾ ਰਿਹਾ ਹੈ। ਸਾਨੂੰ ਚਾਹੀਦਾ ਕੁਝ ਹੋਰ ਹੈ, ਸਰਕਾਰਾਂ ਆਪਣੇ ਢੰਗ ਨਾਲ ਭੇਜਦੀਆਂ ਕੁਝ ਹੋਰ ਹਨ। ਬਹੁਤ ਸਾਰੀਆਂ ਸਮੱਸਿਆਵਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਕੋਈ ਸਮੱਸਿਆ ਹੀ ਨਹੀਂ। ਜਦੋਂ ਕੋਈ ਸਰਕਾਰ ਕਿਸੇ ਸਮੱਸਿਆ ਨੂੰ ਸੁਹਿਰਦ ਢੰਗ ਨਾਲ ਸਵੀਕਾਰ ਨਹੀਂ ਕਰਦੀ ਤਾਂ ਉਸ ਦੇ ਹੱਲ ਹੋਣ ਜਾਂ ਹੱਲ ਕੀਤੇ ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਰੁਜ਼ਗਾਰ ਮੰਗਦੇ ਲੋਕਾਂ ਲਈ ਰੁਜ਼ਗਾਰ ਦਾ ਕੋਈ ਪ੍ਰਬੰਧ ਨਹੀਂ ਪਰ ਬੈਂਕਾਂ ਕਰਜ਼ੇ ਦੇਣ ਲਈ ਤਿਆਰ ਹਨ। ਕਿਸਾਨ ਨੂੰ ਕਿਹਾ ਜਾਂਦਾ ਹੈ ਕਿ ਉਹ ਫ਼ਸਲੀ ਵਿਭਿੰਨਤਾ ਲਿਆਉਣ ਪਰ ਉਸ ਵੱਲੋਂ ਬੀਜੀਆਂ ਕਣਕ ਤੇ ਝੋਨੇ ਤੋਂ ਇਲਾਵਾ ਦੂਜੀਆਂ ਫ਼ਸਲਾਂ ਦੀ ਮੰਡੀ ਵਿੱਚ ਕੋਈ ਪੁੱਛ ਨਹੀਂ। ਉਸ ਨੂੰ ਰੋਸ ਵਜੋਂ ਆਲੂ ਵਰਗੀ ਫ਼ਸਲ ਨੂੰ ਸੜਕਾਂ ਕਿਨਾਰੇ ਢੇਰੀ ਕਰਨ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਸਕੂਲਾਂ ਵਿੱਚ ਅਧਿਆਪਕ ਨਹੀਂ ਹਨ, ਬੇਰੁਜ਼ਗਾਰ ਅਧਿਆਪਕ ਪੁਲੀਸ ਦੇ ਡੰਡੇ ਖਾ ਰਹੇ ਹਨ ਪਰ ਸਰਕਾਰਾਂ ਹਰ ਵਾਰ ਨਵੇਂ ਸਕੂਲ ਖੋਲ੍ਹਣ ਦੇ ਲਾਰੇ ਲਾਉਂਦੀਆਂ ਹਨ। ਬੱਚਿਆਂ ਨੂੰ ਸਰਕਾਰਾਂ ਵੱਲੋਂ ਮਿਲਣ ਵਾਲੇ ਵਜੀਫ਼ੇ ਅਤੇ ਫੀਸ ਮੁਆਫ਼ੀ ਵਰਗੀਆਂ ਸਹੂਲਤਾਂ ਫਾਈਲਾਂ ਵਿੱਚ ਦਬ ਕੇ ਰਹਿ ਗਈਆਂ ਹਨ। ਚੋਣਾਂ ਦੌਰਾਨ ਵਿਦਿਆਰਥੀਆਂ ਨੂੰ ਮੁਫ਼ਤ ਲੈਪਟਾਪ ਤੇ ਵਾਈਫਾਈ ਵਰਗੀਆਂ ਸਹੂਲਤਾਂ ਦੇਣ ਦੀ ਲਾਰੇ ਲਾਏ ਜਾਂਦੇ ਹਨ। ਨਸ਼ਿਆਂ ਨਾਲ ਘਰ ਬਰਬਾਦ ਹੋ ਰਹੇ ਹਨ। ਨਸ਼ੇ ਬੰਦ ਕਰਨ ਲਈ ਸੈਮੀਨਾਰ ਲਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ਪਰ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਹਰ ਸਾਲ ਵਧਾ ਦਿੱਤੀ ਜਾਂਦੀ ਹੈ। ਆਵਾਰਾ ਡੰਗਰ ਸੜਕਾਂ ਬਾਜ਼ਾਰਾਂ ਵਿੱਚ ਹਰਲ ਹਰਲ ਕਰਦੇ ਫਿਰ ਰਹੇ ਹਨ। ਇਨ੍ਹਾਂ ਕਾਰਨ ਰੋਜ਼ਾਨਾਂ ਹੋਣ ਵਾਲੇ ਸੜਕੀ ਹਾਦਸਿਆਂ ਵਿੱਚ ਲੋਕ ਮੌਤ ਦੇ ਮੂੰਹ ਵਿੱਚ ਪੈ ਰਹੇ ਹਨ। ਬਾਹਰਲੇ ਮੁਲਕਾਂ ਤੋਂ ਆਏ ਲੋਕ ਇਹ ਸਭ ਕੁਝ ਵੇਖ ਕੇ ਹੈਰਾਨ ਹੁੰਦੇ ਹਨ। ਸ਼ਹਿਰਾਂ ਵਿੱਚ ਆਵਾਰਾ ਡੰਗਰ ਅਤੇ ਲੋਕ ਇਕੱਠੇ ਕਿਵੇਂ ਤੁਰ ਫਿਰ ਰਹੇ ਹਨ ਉਹ ਹੈਰਾਨੀਜਨਕ ਵਰਤਾਰਾ ਸਮਝ ਕੇ ਇਨ੍ਹਾਂ ਦੀਆਂ ਫੋਟੋਆਂ ਖਿਚਦੇ ਹਨ। ਕਿਸਾਨ ਇਨ੍ਹਾਂ ਆਵਾਰਾ ਡੰਗਰਾਂ ਦੇ ਉਜਾੜੇ ਤੋਂ ਪ੍ਰੇਸ਼ਾਨ ਹਨ। ਪਰ ਦੇਸ਼ ਵਿੱਚ ਇਸ ਲਈ ਕੁਝ ਕਰਨ ਦੀ ਬਜਾਏ ਟੀ.ਵੀ. ਚੈਨਲਾਂ 'ਤੇ ਲੰਮੀਆਂ ਬਹਿਸਾਂ ਛਿੜਦੀਆਂ ਹਨ। ਸਰਕਾਰ ਹੁਣ ਆਵਾਰਾ ਡੰਗਰਾਂ ਦੇ ਸਿੰਗ ਅਤੇ ਪੂਛਾਂ 'ਤੇ ਰਿਫਲੈਕਟਰ ਲਾਉਣ ਬਾਰੇ ਸੋਚ ਰਹੀ ਹੈ। ਹਰ ਸਾਲ ਵਣ ਮਹਾਂਉਤਸਵ ਮਨਾਉਂਦੇ ਹਾਂ ਰੁੱਖ ਲਾਉਂਦੇ ਹਾਂ ਇਹ ਰੁੱਖ ਤਾਂ ਵਧਦੇ ਫੁਲਦੇ ਕਿਸੇ ਪਾਸੇ ਨਜ਼ਰ ਨਹੀਂ ਆਉਂਦੇ ਪਰ ਹਰ ਸਾਲ ਕਿਸੇ ਨਾ ਕਿਸੇ ਕਾਰਨ ਨਹਿਰਾਂ ਸੜਕਾਂ ਤੋਂ ਪੁਰਾਣੇ ਰੁੱਖ ਜ਼ਰੂਰ ਵੱਢ ਦਿੱਤੇ ਜਾਂਦੇ ਹਨ। ਸਾਡੇ ਸਿਆਸੀ ਨੇਤਾ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਰੋਕਣ ਲਈ ਇਮਾਨਦਾਰੀ ਦੀ ਗੱਲ ਕਰਦੇ ਹਨ ਪਰ ਕੋਈ ਵੀ ਇਮਾਨਦਾਰ ਅਫ਼ਸਰ ਕਿਸੇ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਲੋਕ ਹੱਕਾਂ ਲਈ ਲੜਦੇ ਹਨ। ਛੋਟੇ ਛੋਟੇ ਕੰਮਾਂ ਲਈ ਧਰਨੇ ਮੁਜਾਹਰੇ ਕਰਦੇ ਹਨ। ਪੁਲੀਸ ਦੀ ਡਾਂਗ ਉਨ੍ਹਾਂ ਦੇ ਮੌਰ ਸੇਕਦੀ ਹੈ ਪਰ ਸਰਕਾਰਾਂ ਇਸ ਨੂੰ ਵਿਰੋਧੀਆਂ ਦੁਆਰਾ ਕੀਤੀ ਜਾ ਰਹੀ ਰਾਜਨੀਤੀ ਆਖ ਕੇ ਟਾਲਾ ਵੱਟ ਜਾਂਦੀਆਂ ਹਨ।

ਕਿਸੇ ਵੀ ਦੇਸ਼ ਦਾ ਸਭ ਤੋਂ ਵੱਡਾ ਸਰਮਾਇਆ ਦੇਸ਼ ਦੇ ਨੌਜੁਆਨ ਹੁੰਦੇ ਹਨ ਸਾਡੇ ਮੁਲਕ ਵਿੱਚ ਬੜੀ ਤੇਜ਼ੀ ਨਾਲ ਪੜ੍ਹੇ ਲਿਖੇ ਨੌਜੁਆਨ ਦੇਸ਼ ਛੱਡ ਕੇ ਬਾਹਰਲੇ ਮੁਲਕਾਂ ਵੱਲ ਜਾ ਰਹੇ ਹਨ। ਇਹ ਇੱਕ ਬਹੁਤ ਵੱਡਾ ਮੁੱਦਾ ਹੈ ਪਰ ਕੋਈ ਇੱਕ ਵੀ ਰਾਜਸੀ ਪਾਰਟੀ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਸਥਾਨਕ ਛੋਟੀਆਂ ਛੋਟੀਆਂ ਸਨਅਤਾਂ ਗ਼ਲਤ ਸਰਕਾਰੀ ਨੀਤੀਆਂ ਦੀਆਂ ਸ਼ਿਕਾਰ ਹੋ ਕੇ ਤਬਾਹ ਹੋ ਗਈਆਂ ਹਨ ਪਰ ਬਾਹਰਲੇ ਮੁਲਕਾਂ ਦੇ ਸਨਅਤਕਾਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਇੱਥੇ ਸਨਅਤਾਂ ਲਾਉਣ ਲਈ ਕਿਹਾ ਜਾ ਰਿਹਾ ਹੈ। ਕਰੋੜਾਂ ਲੋਕ ਹਨ ਜਿਨ੍ਹਾਂ ਕੋਲ ਰੈਣ ਬਸੇਰੇ ਨਹੀਂ ਹਨ। ਇਹ ਲੋਕ ਹਰ ਸਾਲ ਸਖ਼ਤ ਸਰਦੀ ਗਰਮੀ ਵਿੱਚ ਕੀੜਿਆਂ ਮਕੌੜਿਆਂ ਵਾਂਗ ਮਰਦੇ ਹਨ। ਪਰ ਸਰਕਾਰ ਵੱਲੋਂ ਪਖਾਨੇ ਬਣਾਉਣ ਦੇ ਪ੍ਰੋਗਰਾਮ ਨੂੰ ਬੜੇ ਠੋਕਵੇਂ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਜਿਨ੍ਹਾਂ ਕਿਸਮਤ ਦੇ ਮਾਰਿਆਂ ਕੋਲ ਅਜੇ ਆਪਣਾ ਘਰ ਨਹੀਂ ਉਨ੍ਹਾਂ ਲਈ ਫ਼ਿਲਹਾਲ ਕੋਈ ਪ੍ਰੋਗਰਾਮ ਨਹੀਂ। ਨਹਿਰਾਂ ਨੂੰ ਪੱਕਾ ਕੀਤਾ ਗਿਆ ਕਿ ਪਾਣੀ ਦੀ ਇੱਕ ਬੂੰਦ ਵੀ ਬਰਬਾਦ ਨਾ ਹੋਵੇ ਪਰ ਹੁਣ ਨਹਿਰਾਂ ਨੂੰ ਕੱਚਾ ਕਰਨ ਦੇ ਪ੍ਰੋਗਰਾਮ ਬਣ ਰਹੇ ਹਨ ਤਾਂ ਕਿ ਪਾਣੀ ਦਾ ਕੁਝ ਹਿੱਸਾ ਜ਼ਮੀਨ ਵਿੱਚ ਜੀਰ ਸਕੇ ਅਤੇ ਇਸ ਪੱਖੋਂ ਬਰਬਾਦੀ ਤੋਂ ਬਚਿਆ ਜਾ ਸਕੇ। ਗ਼ਰੀਬ ਲੋਕ ਬੁਢੇਪਾ ਪੈਨਸ਼ਨਾਂ, ਸ਼ਗਨ ਸਕੀਮਾਂ ਨੂੰ ਤਰਸਦੇ ਹਨ ਸਰਕਾਰ ਕੋਲ ਇਸ ਲਈ ਪੈਸਾ ਨਹੀਂ ਹੈ। ਪਰ ਦੂਜੇ ਪਾਸੇ ਲੋਕਾਂ ਲਈ ਮੁਫ਼ਤ ਤੀਰਥ ਯਾਤਰਾਵਾਂ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਸੌ ਏਕੜ ਵਾਲੇ ਕਿਸਾਨ ਦਾ ਬਿਜਲੀ ਦੀ ਮੋਟਰ ਦਾ ਬਿੱਲ ਮੁਆਫ਼ ਹੈ ਪਰ ਪਿੰਡ ਵਿੱਚ ਚੱਕੀ ਚਲਾ ਕੇ ਆਟਾ ਪੀਹਣ ਵਾਲੀ ਮੋਟਰ ਦਾ ਬਿੱਲ ਪਹਿਲਾਂ ਨਾਲੋਂ ਵੀ ਲੰਮਾ ਹੋ ਗਿਆ ਹੈ। ਪਿੰਡਾਂ ਕਸਬਿਆਂ ਵਿੱਚੋਂ ਚੱਕੀਆਂ, ਵੈਲਡਿੰਗ ਅਤੇ ਹੋਰ ਛੋਟੇ-ਮੋਟੇ ਬਿਜਲੀ ਦੀ ਵਰਤੋਂ ਕਰਕੇ ਕਾਰੋਬਾਰ ਕਰਨ ਵਾਲਿਆਂ ਨੂੰ ਮਜਬੂਰਨ ਆਪਣੇ ਧੰਦੇ ਬੰਦ ਕਰਨੇ ਪੈ ਰਹੇ ਹਨ। ਇਹ ਠੀਕ ਹੈ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦੀ ਲੋੜ ਹੈ ਪਰ ਇਹ ਕਿੱਥੋਂ ਦਾ ਇਨਸਾਫ਼ ਹੈ ਕਿ ਕੋਈ ਬੰਦਾ ਜੋ ਛੋਟੇ-ਮੋਟੇ ਘਰੇਲੂ ਕਾਰੋਬਾਰ ਨਾਲ ਆਪਣੇ ਬੱਚਿਆਂ ਦਾ ਪੇਟ ਪਾਲਦਾ ਹੈ ਉਸ ਨੂੰ ਅਸਲੋਂ ਹੀ ਅਣਗੌਲਿਆ ਕਰ ਦਿੱਤਾ ਜਾਵੇ?

ਆਰਥਿਕ ਸਥਿਤੀ ਡਾਵਾਂ ਡੋਲ ਹੋ ਚੁੱਕੀ ਹੈ। ਪਰ ਸਰਕਾਰ ਇਹ ਮੰਨਣ ਲਈ ਤਿਆਰ ਨਹੀਂ। ਖ਼ਜ਼ਾਨੇ ਦੀ ਹਾਲਤ ਨਾਜ਼ੁਕ ਹੋਣ ਕਰਕੇ ਹਰ ਤਰ੍ਹਾਂ ਦੇ ਮਹਿਕਮਿਆਂ ਵਿੱਚ ਨਵੀਂ ਭਰਤੀ ਬੰਦ ਹੈ।

(ਬਾਕੀ ਸਫ਼ਾ 29 'ਤੇ)





# And the medal goes to... Ranking Budget 2016



**David Macdonald**

Lockup over, what does the Liberal government's first budget tell us about its priorities, and how does it stack up to the 2016 Alternative Federal Budget? There are some high-performing measures in there, which I've handed medals based on their likely impact on poverty, inequality and responsible economic growth.

**Gold medal measures**
**Gold-Medal-Measures**

**Reducing poverty**

Two measures will have a big impact on poverty rates this year: the new Child Canada Benefit and the improvement to the Guaranteed Income Supplement for seniors. The new child benefit actually exceeded our Alternative Federal Budget recommendation (one of the few items to do so) and will have a big impact on child poverty. The improvement in the supplement for seniors will have a similar impact in that group, although unfortunately it will only apply for single seniors: couples would need to split up to see an increase.

**First Nations**

There was a promise in the election platform for on-reserve education. What is definitely new in the budget is dedicated funding for on-reserve water systems to end boil water advisories in those communities. That funding is new and almost as large as what we have in our alternative budget. There is also substantial new money for housing on reserves, another pressing need for First Nations. The one downside, and it's a doozy, is that this money is carved out of infrastructure funds that might otherwise have gone to cities–an either/or funding situation where there should be money for both.

**Silver medal measures**
**Silver- Medal-Measures**

**Making the tax system fairer**

The new top tax bracket is an important step toward using the tax system to offset growing income inequality. But a leaky tax system makes gains harder. There is going to be increased enforcement of the existing rules, which will likely raise revenues and will almost certainly fall on the richest (who have the right accountants). However, closing tax loopholes like the stock option deduction or the abuse of the small-business category by professionals (both in the Liberal election platform) now appears to be off the table. Also, the so-called middle class tax cut is not at all progressive, with the biggest gains going to high-end earners.

**Bronze medal measures**
**Bronze-Medal**

**Infrastructure**

The Liberal election platform front-end loaded municipal infrastructure spending so it was larger up front. However in the budget the spending is back-end loaded, so more (much more) is far off into the future. It's also smaller than it was in the platform, even including the carved out First Nations spending. Given the lags in infrastructure spending, the longer you delay, the longer it takes to get the employment and GDP boost.

**Growth and employment**

This isn't a specific budget item, more like an elephant in the room. GDP growth and unemployment rates for 2016 are well off where they should be. However, this budget seems to have a deficit limit of $30 billion: abandon hope all ye who think it should be higher. This completely artificial number creates a deficit that is too small to address the major challenges of our time–high unemployment and weak growth. In fact, our alternative budget shows how you could run a $40-billion deficit and still keep a stable debt-to-GDP ratio while also having a huge impact on employment and GDP. By being more open to a higher deficit to boost growth, this bronze medal puts the government on the podium at least.

**Participation ribbons Nice-Try**

**Home care & health care**

Home care spending was promised in the platform but doesn't make it to the budget, or rather it's extraordinarily limited compared to the scale of the problem the provinces are facing. In fairness, any new health care spending would have to be negotiated with the provinces. But then again, so will infrastructure money. At present, home care and new health care spending is generally missing in action. Hopefully, it will show up in future budgets as negotiations with the provinces proceed, but for the time being, it gets "a thanks for coming out" ribbon.

**Child care**

Child care was a major focus of the election campaign. The underlying issue for young parents is that child care in Canada is expensive, I mean really expensive, I mean more expensive than university tuition. The other problem is that there aren't enough spaces, so waiting lists are the norm. There is money for child care in the budget, but it's pretty limited compared to these big problems. There is a promise for more money in the future, once a framework is in place. But this money is definitely not hitting the ground with the speed that was laid out in the Liberal platform. So child care funding is definitely participating but it doesn't make the podium.

What items did I miss? What should have medaled but didn't? Leave a comment below.

David Macdonald is a senior economist with the Canadian Centre for Policy Alternatives, and the coordinator of the centre's Alternative Federal Budget project. Follow him on Twitter @DavidMacCdn










# ਜੁਝਾਰਵਾਦੀ ਕਵਿਤਾ ਦੇ ਵਿਭਿੰਨ ਪਾਸਾਰ



ਡਾ.ਭੀਮ ਇੰਦਰ ਸਿੰਘ

ਬਰਨਾਲਾ ਸ਼ਹਿਰ ਤੇ ਇਸ ਦੇ ਨੇੜਲਾ ਇਲਾਕਾ ਸਾਹਿਤਕ ਹਲਕਿਆਂ ਵਿਚ ਲੋਕ ਕਵੀ ਸੰਤ ਰਾਮ ਉਦਾਸੀ ਕਰਕੇ ਜਾਣਿਆ ਜਾਂਦਾ ਹੈ। ਬਰਨਾਲੇ ਦੀ ਸਰਜਮੀਨ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਚੱਲੀਆਂ ਵੱਖ-ਵੱਖ ਸਾਹਿਤਕ ਲਹਿਰਾਂ ਸਿਰਜਨ ਲਈ ਆਧਾਰ-ਭੂਮੀ ਰਹੀ ਹੈ। ਬਰਨਾਲੇ ਇਲਾਕੇ ਦੇ ਪਿਛਲੇ ਛੇ ਦਹਾਕਿਆਂ ਦੀਆਂ ਸਾਹਿਤਕ ਗਤੀਵਿਧੀਆਂ ਨੇ ਕੇਵਲ ਪੰਜਾਬੀ ਸਾਹਿਤਕ ਧਾਰਾਵਾਂ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਹਿੰਦੁਸਤਾਨ ਦੀਆਂ ਵੱਖ-ਵੱਖ ਖੇਤਰੀ ਭਾਸ਼ਾਵਾਂ ਵਿਚ ਚੱਲੀਆਂ ਸਾਹਿਤਕ ਧਾਰਾਵਾਂ ਤੇ ਅੰਦੋਲਨਾਂ 'ਤੇ ਵੀ ਆਪਣਾ ਗਹਿਰਾ ਅਸਰ ਛੱਡਿਆ ਹੈ। ਇਥੋਂ ਦੇ ਸਾਹਿਤਕਾਰ ਆਪਣੇ ਯੁੱਗ ਦੇ ਯਥਾਰਥ ਨਾਲ ਸੁਚੇਤ ਸਾਂਝ ਪਾਉਂਦੇ ਰਹੇ ਹਨ। ਜਿਥੋਂ ਤਕ ਜੁਝਾਰ ਕਵਿਤਾ ਦਾ ਸੰਬੰਧ ਹੈ, ਬਰਨਾਲੇ ਦੇ ਕਵੀ ਜੁਝਾਰ ਕਾਵਿ ਦੇ ਨੈਣ-ਨਕਸ਼ ਘੜਨ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹੇ ਹਨ। ਇਹ ਕਵੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਨਾਲ ਦਸਤਪੰਜਾ ਲੈਂਦੇ ਹੋਏ ਆਪਣੀ ਬੌਧਿਕ ਤੇ ਕਾਵਿ ਸਮੱਰਥਾ ਦਾ ਪ੍ਰਗਟਾਵਾ ਕਰਦੇ ਰਹੇ ਹਨ। ਬਰਨਾਲੇ ਦੇ ਇਲਾਕੇ ਨਾਲ ਸੰਬੰਧਤ ਇਨ੍ਹਾਂ ਕਵੀਆਂ ਵਿਚ ਸੰਤ ਰਾਮ ਉਦਾਸੀ ਤੋਂ ਇਲਾਵਾ ਜੋਗਾ ਸਿੰਘ, ਪ੍ਰੀਤਮ ਸਿੰਘ ਰਾਹੀ, ਰਵਿੰਦਰ ਭੱਠਲ, ਕਰਤਾਰ ਕੈਂਥ, ਜੈ ਕਿਸ਼ਨ ਕੌਸ਼ਲ, ਸੀ. ਮਾਰਕੰਡਾ, ਪ੍ਰੀਤਮ ਬਰਾੜ, ਕੇਵਲ ਸੂਦ, ਕੌਰ ਚੰਦ ਰਾਹੀ, ਆਦਿ ਜੁਝਾਰਵਾਦੀ-ਕਾਵਿ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਭਾਵਿਤ ਰਹੇ ਹਨ। ਇਨ੍ਹਾਂ ਕਵੀਆਂ ਨੇ ਆਪਣੇ ਵਿਤ ਤੇ ਹਿਤ ਮੁਤਾਬਕ ਜੁਝਾਰ ਕਵਿਤਾ ਨੂੰ ਪ੍ਰਭਾਵਿਤ ਵੀ ਕੀਤਾ ਹੈ। ਸੰਤ ਰਾਮ ਉਦਾਸੀ ਦੀ ਸੋਚ ਨੂੰ ਬਚਾਉਣ ਵਾਲੇ ਅਤੇ ਉਸ ਦੀ ਸੋਚ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਵਾਲੇ ਇਨ੍ਹਾਂ ਕਵੀਆਂ ਉਪਰ ਪੰਜਾਬੀ ਸਾਹਿਤ ਜਗਤ ਹਮੇਸ਼ਾ ਮਾਨ ਕਰਦਾ ਰਹੇਗਾ। ਜੁਝਾਰ ਕਵਿਤਾ ਦੇ ਵਿਭਿੰਨ ਪਾਸਾਰਾਂ ਨੂੰ ਸਮਝਣ ਲਈ ਇਨ੍ਹਾਂ ਕਵੀਆਂ ਦੇ ਯੋਗਦਾਨ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ।

ਪੰਜਾਬ ਵਿੱਚ ਸੱਤਰਵਿਆਂ ਦੇ ਦਹਾਕੇ ਵਿੱਚ ਚੱਲੀ ਨਕਸਲਵਾਦੀ ਲਹਿਰ ਨੇ ਜਿਥੇ ਸਮਾਜਿਕ, ਸਿਆਸੀ, ਸਭਿਆਚਾਰਕ ਆਦਿ ਖੇਤਰਾਂ ਵਿੱਚ ਆਪਣਾ ਡੂੰਘਾ ਪ੍ਰਭਾਵ ਪਾਇਆ ਉਥੇ ਇਸ ਨੇ ਪੰਜਾਬੀ ਸਾਹਿਤ, ਖ਼ਾਸ ਤੌਰ 'ਤੇ ਪੰਜਾਬੀ ਕਵਿਤਾ ਉਤੇ ਗਹਿਰੀ ਛਾਪ ਛੱਡੀ। ਇਸ ਛਾਪ ਕਾਰਨ ਹੀ ਜੁਝਾਰਵਾਦੀ ਕਵਿਤਾ ਆਪਣੇ ਤੋਂ ਪੂਰਵਲੇ ਵਿਚਾਰਧਾਰਕ ਮਾਹੌਲ ਨਾਲ ਰਚਨਾਤਮਕ ਸੰਵਾਦ ਰਚਾ ਕੇ ਆਪਣੇ ਤੋਂ ਬਾਅਦ ਵਾਲੀ ਪੰਜਾਬੀ ਕਵਿਤਾ ਦੀ ਸ਼ੈਲੀ ਨੂੰ ਇੱਕ ਨਵੀਂ ਦਿਸ਼ਾ ਦੇਣ ਵਿੱਚ ਕਾਮਯਾਬ ਹੋਈ। ਇਹ ਕਵਿਤਾ ਸਿਆਸੀ ਲਹਿਰ ਦੀ ਉਪਜ ਹੋਣ ਕਰਕੇ ਸਮਾਜਿਕ ਕ੍ਰਾਂਤੀ ਤੇ ਸਿਆਸੀ ਮਨੋਰਥ ਨੂੰ ਸਮਰਪਿਤ ਸੀ। ਇਹ ਕਵਿਤਾ ਕਵੀ ਨੂੰ ਸਿਆਸੀ ਸੰਘਰਸ਼ ਵਿੱਚ ਸਿੱਧੀ ਭਾਗੀਦਾਰੀ ਲਈ ਪ੍ਰੇਰਦੀ ਹੋਈ ਉਸ ਨੂੰ ਇੱਕ ਜੁਝਾਰੂ ਦੇ ਤੌਰ 'ਤੇ ਵੇਖਣ ਦੀ ਇੱਛਾ ਰੱਖਦੀ ਸੀ। ਸ਼ਾਸਤਰ ਤੇ ਸ਼ਸਤਰ ਨੂੰ ਬਰਾਬਰ ਮਹੱਤਵ ਦਿੰਦੀ ਹੋਈ ਇਹ ਕਵਿਤਾ ਤਤਕਾਲੀਨ ਜਗੀਰੂ ਤੇ ਪੂੰਜੀਵਾਦੀ ਸੁਹਜ ਨਾਲ ਦਸਤਪੰਜਾ ਲੈਂਦੀ ਹੈ। ਇਹ ਕਵਿਤਾ ਤਤਕਾਲੀਨ ਪਿਛਾਂਹਖਿਚੂ ਕਦਰਾਂ-ਕੀਮਤਾਂ ਨਾਲ ਉਲਝਦੀ ਹੋਈ ਵਿਕਾਸ ਦੇ ਰਾਹ ਤੁਰਦੀ ਹੈ ਅਤੇ ਇਕ ਨਵਾਂ ਮੁਹਾਵਰਾ ਤੇ ਮੁਹਾਂਦਰਾ ਸਿਰਜਣ ਦਾ ਯਤਨ ਕਰਦੀ ਹੈ। ਇਹ ਕਵਿਤਾ ਜਿਥੇ ਸਾਡੇ ਸਭਿਆਚਾਰਕ ਵਿਰਸੇ ਦੇ ਉਸਾਰੂ ਪੱਖਾਂ ਨੂੰ ਸਿਰਜਦੀ ਹੋਈ ਤਤਕਾਲੀਨ ਪ੍ਰਸਥਿਤੀਆ ਨੂੰ ਇਨਕਲਾਬੀ ਦਿਸ਼ਾ ਦੇਣ ਦਾ ਯਤਨ ਕਰਦੀ ਹੈ ਉਥੇ ਇਹ ਸਾਮੰਤੀ ਸੂਰਬੀਰਤਾ ਦੀ ਮਿੱਥ ਨੂੰ ਤੋੜਦੀ ਵੀ ਹੈ। ਉਦਾਹਰਣ ਦੇ ਤੌਰ 'ਤੇ ਪਾਸ਼ ਦੀ ਕਵਿਤਾ 'ਕਲਾਮ ਮਿਰਜ਼ਾ' ਵਿੱਚ 'ਮਿਰਜ਼ੇ' ਦੀ ਮਿੱਥ ਨੂੰ ਨਵੇਂ ਅਰਥਾਂ ਵਿੱਚ ਸਿਰਜਿਆ ਗਿਆ ਹੈ। ਕਵਿਤਾ ਵਿਚਲਾ



ਕਾਵਿ-ਪਾਤਰ 'ਮਿਰਜ਼ਾ' ਬੁਰਜੂਆ ਸਰਕਾਰਾਂ ਦੀ ਦਹਿਸ਼ਤ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ:

**ਪਰ ਸ਼ਾਇਦ ਹੁਣ**
**ਸਾਰਾ ਕੁਝ ਪਹਿਲਾਂ ਜਿਹਾ ਨਾ ਹੋਵੇ**
**ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ**
**ਮੈਨੂੰ ਰੋਟੀ ਉਧਾਲ ਲਏ**
**ਤੇ ਜਾਂ ਮੈਂ ਜੰਡ ਦੀ ਬਜਾਏ**
**ਕਿਸੇ ਕੁਰਸੀ ਦੇ ਥੱਲੇ**
**ਜਾਗਦਾ ਹੀ ਵੱਢ ਦਿੱਤਾ ਜਾਵਾਂ।**

ਇਸੇ ਤਰ੍ਹਾਂ ਸੰਤ ਰਾਮ ਉਦਾਸੀ ਆਪਣੀ ਕਵਿਤਾ ਵਿੱਚ ਮੌਜੂਦਾ ਮਨੁੱਖ ਦੋਖੀ ਪ੍ਰਸਥਿਤੀਆਂ ਵਿੱਚ ਜਿਉਂ ਰਹੇ ਮਨੁੱਖ ਦੇ ਹਾਲਾਤ ਨੂੰ ਪ੍ਰਗਟ ਕਰਦਾ ਹੋਇਆ ਸਮੇਂ ਦੀਆਂ ਸਰਕਾਰਾਂ ਨੂੰ ਸਾਡਾ ਦੇਸ਼ ਗਹਿਣੇ ਧਰਨ ਦਾ ਨਿਹੋਰਾ ਦਿੰਦਾ ਹੈ:

**ਅੱਜ ਘਾਤ ਲਾਈ ਬੈਠੇ ਸਾਮਰਾਜੀਏ ਵਪਾਰੀ।**
**ਸਿਰੇ ਚੜ੍ਹਦੀ ਨੀ ਹੁੰਦੀ, ਜਿਹੜੀ ਪੈਸਿਆਂ ਦੀ ਯਾਰੀ,**
**ਸਾਡੀ ਧੁੱਪ ਨਾਲ ਮੱਸਿਆ ਕਲੇਸ਼ ਨਾ ਕਰੇ,**
**ਆਖਣਾ ਸਮੇਂ ਦੀ ਸਰਕਾਰ ਨੂੰ,**
**ਉਹ ਗਹਿਣੇ ਸਾਡਾ ਦੇਸ਼ ਨਾ ਧਰੇ।**

ਜੁਝਾਰੂਵਾਦੀ ਕਵਿਤਾ ਦੀ ਚੇਤਨਾ ਬੁਰਜੂਆ ਸਰਕਾਰਾਂ ਪ੍ਰਤੀ ਨਫ਼ਰਤ, ਰੋਹ ਤੇ ਬੇਪ੍ਰਤੀਤੀ ਦੇ ਰੂਪ ਵਿੱਚ ਪ੍ਰਗਟ ਹੋਈ ਹੈ। ਤਤਕਾਲੀਨ ਸਥਾਪਤ ਢਾਂਚੇ ਨੂੰ ਤਹਿਸ-ਨਹਿਸ ਕਰਕੇ ਇਹ ਕਵਿਤਾ ਨਵੇਂ ਬਿੰਬਾਂ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਕਵਿਤਾ ਬੁਰਜੂਆ ਲੋਕਤੰਤਰ ਤੇ ਬੁਰਜੂਆ ਪ੍ਰਬੰਧ ਦੀਆਂ ਜੀਵਨ ਕੀਮਤਾਂ, ਵਿਸ਼ਵਾਸ਼ਾਂ ਤੇ ਚਿੰਨ੍ਹਾਂ ਨੂੰ ਸੁਚੇਤ ਤੌਰ 'ਤੇ ਨਕਾਰਦੀ ਵੀ ਹੈ। ਜੁਝਾਰੂ ਕਵੀ ਇਸ ਗੱਲੋਂ ਵੀ ਚੇਤੰਨ ਹੈ ਕਿ ਬੁਰਜੂਆਜ਼ੀ ਆਪਣੇ ਜਮਾਤੀ ਹਿਤਾਂ ਅਨੁਕੂਲ ਸਿਰਜੇ ਗਏ ਸਭਿਆਚਾਰਕ ਮੁੱਲਾਂ ਨੂੰ ਲੋਕਾਂ ਦੀ ਵਿਚਾਰਧਾਰਾ ਵਜੋਂ ਪੇਸ਼ ਕਰਦੀ ਹੈ। ਇਹੋ ਕਾਰਨ ਹੈ ਕਿ ਇਹ ਕਵਿਤਾ ਲੋਕ ਚੇਤਨਾਂ ਉੱਪਰ ਸਥਾਪਤ ਵਿਚਾਰਧਾਰਕ ਸਰਦਾਰੀ ਦੀ ਧੂੜ ਨੂੰ ਉਤਾਰਨ ਦਾ ਯਤਨ ਕਰਦੀ ਹੈ। ਗੁਰਦੀਪ ਗਰੇਵਾਲ ਦੀ ਕਵਿਤਾ ਬੁਰਜੂਆ ਜਮਹੂਰੀਅਤ ਦੇ ਮਖੌਟੇ ਨੂੰ ਉਤਾਰਦੀ ਹੋਈ ਖੱਬੇ ਪੱਖੀ ਪਾਰਲੀਮਾਨੀ ਸਿਆਸਤ ਦੀਆਂ ਗਲਤੀਆਂ ਤੋਂ ਪਰਦਾ ਚੁੱਕਦੀ ਹੈ:

**ਜਮਹੂਰੀਅਤ ਇਥੇ ਬੇਲਾਗ ਕੰਜਰੀ ਹੈ**
**ਜੋ ਸੇਜ ਚੜ੍ਹਨ ਤੋਂ ਪਹਿਲਾਂ**
**ਬੇਝਿਜਕ ਦਾਮਨ ਪਸਾਰਦੀ ਹੈ...**
**ਰਾਜਸੱਤਾ ਲਾਸ਼ਾਂ ਢੋਣ ਵਾਲੀ ਰੇਹੜੀ ਹੈ**
**ਵਿਰੋਧੀ ਸਿਆਸੀ ਪਾਰਟੀਆਂ**
**ਪੇਸ਼ੇਵਰ ਮਰਾਸਣਾਂ ਹਨ**
**ਜੋ ਹਕੂਮਤ ਤੇ ਲੋਕਾਂ ਦੋਹਾਂ ਦੇ ਸੋਗ ਵੇਲੇ**
**ਛਾਤੀ ਪਿੱਟਦੀਆਂ ਹਨ**
**ਇਥੇ ਸੁਰੱਖਿਆ ਆਦਮੀ ਦੀ ਨਹੀਂ**
**ਸਿਰਫ ਸਰਹੱਦਾਂ ਦੀ ਹੁੰਦੀ ਹੈ। (ਸ.ਫਰ ਦੇ ਬੋਲ)**

ਜੁਝਾਰੂਵਾਦੀ ਕਵੀ ਕੇਵਲ ਬੁਰਜੂਆ, ਸਿਆਸਤ, ਸਭਿਆਚਾਰਕ ਮੁੱਲਾਂ ਅਤੇ ਵਿਸ਼ਵਾਸ਼ਾਂ ਨੂੰ ਹੀ ਚੁਣੌਤੀ ਨਹੀਂ ਦਿੰਦੇ ਸਗੋਂ ਉਹ ਬੁਰਜੂਆ ਸੁਹਜ ਸੁਆਦ ਨੂੰ ਵੀ ਗੰਭੀਰ ਚੁਣੌਤੀ ਪ੍ਰਦਾਨ ਕਰਦੇ ਹਨ। ਜਿਥੇ ਉਹ ਆਪਣੇ ਸਿਆਸੀ ਮਨੋਰਥ ਪ੍ਰਤੀ ਬੇਹੱਦ ਚੇਤੰਨ ਹਨ ਉਥੇ ਉਹ ਆਪਣੇ ਵਿਚਾਰਧਾਰਕ ਵਿਰੋਧੀਆਂ ਨਾਲ







ਵੀ ਗੰਭੀਰ ਸੰਵਾਦ ਸਿਰਜਨ ਦਾ ਯਤਨ ਕਰਦੇ ਹਨ। ਉਹ ਆਪਣੇ ਤੋਂ ਪੂਰਵਲੀਆਂ ਕਾਵਿ-ਪ੍ਰਵਿਰਤੀਆਂ ਤੇ ਧਾਰਾਵਾਂ ਨਾਲ ਸੰਵਾਦ ਰਚਾਉਂਦੇ ਹੋਏ ਅਰਥ-ਵਿਹੂਣੀ ਸ਼ਬਦ ਘਾੜਤ, ਸਿਧਾਂਤਹੀਣ ਰੈਡੀਕਲਤਾ ਤੇ ਕਲਾਕਾਰ ਦੀ ਅਖੌਤੀ ਸੁਤੰਤਰਤਾ ਨੂੰ ਨਕਾਰਦੇ ਹਨ। ਇਸ ਤਰ੍ਹਾਂ ਉਹ ਆਪਣੀ ਸਾਹਿਤਕ ਪਰੰਪਰਾ ਵਿਚਲੀਆਂ ਕਮਜ਼ੋਰੀਆਂ ਤੇ ਕਮੀਆਂ ਨੂੰ ਰੱਦਣ ਦਾ ਸੰਦੇਸ਼ ਦਿੰਦੇ ਹਨ। ਉਦਾਹਰਣ ਦੇ ਤੌਰ 'ਤੇ ਦਰਸ਼ਨ ਖਟਕੜ ਦੀ ਹੇਠ ਲਿਖੀ ਕਵਿਤਾ ਅੰਨੀ, ਬੋਲੀ, ਗੁੰਗੀ, ਪਰੰਪਰਾ ਤੋਂ ਬਗਾਵਤ ਕਰਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ:

**ਅੰਨੀ, ਬੋਲੀ, ਗੁੰਗੀ ਪਰੰਪਰਾ**
**ਨਾ ਸਾਨੂੰ ਰੋਕ ਸਕਦੀ ਹੈ**
**ਅਸਾਂ ਅੱਜ ਕੀਤੀ ਬਗਾਵਤ ਹੈ**
**ਕਿਉਂਕਿ ਹੈ ਉਂਞ ਹੀ ਸੀਮਾ**
**ਤੇ ਘੇਰਾ ਬਹੁਤ ਹੀ ਛੋਟਾ**
**ਪਰੇ, ਸੱਚ ਹੈ ਇਸ ਸੀਮਾ ਤੋਂ**
**ਕੱਲ ਕੋਈ ਵਾਹੇਗਾ ਜੇ ਦਾਇਰੇ**
**ਉਂਞ ਹੀ ਕੱਲ ਦੇ ਸੱਚ ਤੋਂ**
**ਬਗਾਵਤ ਫੇਰ ਵੀ ਕਰਨੀ**
**ਬਗਾਵਤ ਫੇਰ ਨਾ ਟਲਣੀ**
**ਬਗਾਵਤ ਜੀਂਦੀਆਂ ਜਾਨਾਂ ਦਾ ਲੱਛਣ ਹੈ।**

ਜੁਝਾਰਵਾਦੀ ਕਵੀ ਗਰੀਬ ਕਿਸਾਨੀ ਤੇ ਦਲਿਤ ਵਰਗ ਦੇ ਤ੍ਰਾਸਦਿਕ ਜੀਵਨ ਯਥਾਰਥ ਨੂੰ ਕੇਵਲ ਚਿਤਰਦਾ ਹੀ ਨਹੀਂ ਸਗੋਂ ਇਨ੍ਹਾਂ ਦੇ ਸ਼ੋਸ਼ਣ ਤੇ ਦਮਨ ਲਈ ਜ਼ਿੰਮੇਵਾਰ ਸਿਆਸੀ ਸ਼ਕਤੀਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਸ ਕਰਕੇ ਜੁਝਾਰਵਾਦੀ ਕਵਿਤਾ ਦੇ ਕਾਵਿ-ਵਸਤੂ ਤੇ ਕਾਵਿ ਸ਼ਾਸਤਰੀ ਚਿੰਤਨ ਨੂੰ ਸਿਆਸੀ ਤਜਰਬੇ ਅਤੇ ਦਲਿਤ ਵਰਗ ਨਾਲ ਸੁਚੇਤ ਤੇ ਸੁਹਿਰਦ ਪ੍ਰਤੀਬੱਧਤਾ ਕਾਫ਼ੀ ਪ੍ਰਭਾਵਿਤ ਕਰਦੀ ਹੈ। ਇਸ ਤਰ੍ਹਾਂ ਇਹ ਕਵਿਤਾ ਪੰਜਾਬੀ ਕਵਿਤਾ ਨੂੰ ਪੂਰੀ ਤਰ੍ਹਾਂ ਸਿਆਸਤ ਨਾਲ ਜੋੜਦੀ ਹੋਏ ਪਾਠਕ ਦਾ ਧਿਆਨ ਖਿੱਚਦੀ ਹੈ। ਆਪਣੇ ਇਸ ਨਵੇਂ ਮੁਹਾਵਰੇ ਕਾਰਨ ਬਾਕੀ ਕਾਵਿ ਧਾਰਾਵਾਂ ਨਾਲ ਇਸ ਦਾ ਰਿਸ਼ਤਾ ਮਕਾਨਕੀ ਨਿਖੇਧ ਦਾ ਨਹੀਂ ਸਗੋਂ ਰਚਨਾਤਮਕ ਸੰਵਾਦ ਦਾ ਹੈ। ਇਹ ਕਵਿਤਾ ਤਤਕਾਲੀਨ ਪੰਜਾਬੀ ਸਾਹਿਤ ਨੂੰ ਲੋਕ ਮੁਖੀ ਤੇ ਕ੍ਰਾਂਤੀਕਾਰੀ ਦਿਸ਼ਾ ਦੇਣ ਦਾ ਯਤਨ ਕਰਦੀ ਹੈ। ਗ਼ਰੀਬ ਵਰਗ ਦੀਆਂ ਭਾਵਨਾਵਾਂ ਨੂੰ ਬੜੀ ਬੇਬਾਕੀ ਨਾਲ ਸਿਰਜਣ ਵਾਲੀ ਇਹ ਕਵਿਤਾ ਆਪਣੀ ਲਲਕਾਰਮਈ ਸ਼ੈਲੀ ਵਿੱਚ ਨਵੀਆਂ ਪੈੜਾਂ ਸਿਰਜਦੀ ਹੈ। ਬੁਰਜੂਆ ਪਾਰਲੀਮੈਂਟਰੀ ਨੀਤੀਆਂ ਦੀ ਥਾਂ ਹਥਿਆਰਬੰਦ ਗੁਰੀਲਾ ਸੰਘਰਸ਼ ਨੂੰ ਤਤਕਾਲੀਨ ਪ੍ਰਸਥਿਤੀਆਂ ਦੀ ਇਤਿਹਾਸਕ ਲੋੜ ਮੰਨਦੀ ਹੋਈ ਇਹ ਕਵਿਤਾ ਜੁਝਾਰੂ ਨਾਇਕਤਵ ਦੀ ਜ਼ਰੂਰਤ 'ਤੇ ਬਲ ਦਿੰਦੀ ਹੈ। ਇਸ ਤੋਂ ਇਲਾਵਾ ਇਹ ਕਵਿਤਾ ਦਲਾਲ ਬੁਰਜੂਆਜ਼ੀ ਅਤੇ ਪਾਰਲੀਮਾਨੀ ਸਿਆਸਤ ਨਾਲ ਸਬੰਧਤ ਖੱਬੀਆਂ ਪਾਰਟੀਆਂ ਦੇ ਗੱਠਜੋੜ ਦੀ ਸੋਧਵਾਦੀ ਸਿਆਸਤ ਨੂੰ ਵੀ ਨਕਾਰਦੀ ਹੈ। ਉਦਾਹਰਣ ਦੇ ਤੌਰ 'ਤੇ ਕਰਤਾਰ ਕੈਂਥ ਤੇ ਗੁਰਦੀਪ ਗਰੇਵਾਲ ਦੀਆਂ ਹੇਠ ਲਿਖੀਆਂ ਨਜ਼ਮਾਂ ਵੇਖੀਆਂ ਜਾ ਸਕਦੀਆਂ ਹਨ:

**........ਤੇ ਆਪਣੇ ਇਸ ਗਊ ਵੱਛੇ ਨੂੰ**
**ਸਾਡੀਆਂ ਫਸਲਾਂ 'ਚੋਂ ਕੱਢ ਲੈ**
**ਤੂੰ ਫਸਲਾਂ ਸਾਡੀਆਂ ਚਰੇਂ**
**ਤੇ ਦੁੱਧ ਕਿਤੇ ਹੋਰ ਚੋ ਆਵੇਂ।**
**(ਕਰਤਾਰ ਕੈਂਥ, ਜਦੋਂ ਪਿੰਡ ਬੋਲਦਾ ਹੈ)**
**ਕਾਗਜ਼ਾਂ 'ਚ ਜਾਗੇ ਵਿਦਰੋਹ ਤਾਂ**
**ਤੁਸੀਂ ਕਈ ਵਾਰ ਤੱਕੇ ਨੇ**
**ਤੁਸੀਂ ਵੇਖੇ ਹੋਣੇ ਨੇ ਉਹ ਵੀ ਲੋਕ**
**ਜੋ ਰਾਵਣ ਦਾ ਸਿਰ ਲਾਹੁਣ ਦੀ ਮਸ਼ਕ ਕਰਿਆ ਕਰਦੇ ਸੀ**
**ਇਕ ਦਿਨ ਆਇਆ ਜਦੋਂ ਕਿ ਉਹ**
**ਉਸਦਾ ਗਿਆਰਾਂਵਾਂ ਸਿਰ ਬਣਕੇ ਉਗ ਆਏ**
**(ਗੁਰਦੀਪ ਗਰੇਵਾਲ)**

ਇਸ ਤੋਂ ਪਹਿਲਾਂ ਪ੍ਰਗਤੀਵਾਦੀ ਕਵਿਤਾ ਬੁਰਜੂਆ ਲੋਕਤੰਤਰ ਅਤੇ ਅਹਿੰਸਾ ਆਦਿ ਦੇ ਵਿਚਾਰਧਾਰਕ ਭੰਬਲਭੂਸੇ ਵਿੱਚ ਫਸ ਕੇ ਸੁਧਾਰਵਾਦ ਦੀ ਸਿਆਸਤ ਨੂੰ ਸਮਾਜਿਕ ਆਰਥਿਕ ਕ੍ਰਾਂਤੀ ਦਾ ਪ੍ਰਮੁੱਖ ਸਾਧਨ ਸਮਝਦੀ ਸੀ। ਇਸ ਦੇ ਮੁਕਾਬਲੇ ਜੁਝਾਰਵਾਦੀ ਕਵਿਤਾ ਕਿਸਾਨ-ਮਜ਼ਦੂਰ ਦੀ ਸ਼ਕਤੀ ਤੇ ਸਮਝ ਉਤੇ ਪੂਰਨ ਵਿਸ਼ਵਾਸ਼ ਰੱਖਦੀ ਹੋਈ ਇਨ੍ਹਾਂ ਨੂੰ ਕ੍ਰਾਂਤੀ ਲਈ ਪ੍ਰਮੁੱਖ ਧਿਰ ਮੰਨਦੀ ਹੈ। ਇਸ ਕਵਿਤਾ ਨੂੰ ਲਿਖਣ ਵਾਲੇ ਲਗਭਗ ਸਾਰੇ ਕਵੀ ਅਹਿੰਸਾਵਾਦੀ ਨੀਤੀਆਂ ਦੇ ਮੁਕਾਬਲੇ ਲੋਕ-ਯੁੱਧ ਦਾ ਸਮੱਰਥਨ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਪਾਸ਼ ਕਾਂਗਰਸ ਜਾਂ ਹੋਰ ਬੁਰਜੂਆ ਪਾਰਟੀਆਂ ਦੀ ਗਾਂਧੀਵਾਦੀ ਸਿਆਸਤ ਦਾ ਪਰਦਾ ਫਾਸ਼ ਕਰਦਾ ਹੋਇਆ ਆਪਣੀਆਂ ਮਸ਼ਹੂਰ ਸਤਰਾਂ ਵਿਚ ਲਿਖਦਾ ਹੈ:

**ਸ਼ਾਂਤੀ ਚਗਲੇ ਹੋਏ ਵਿਦਵਾਨਾਂ ਦੇ ਮੂੰਹ 'ਚੋਂ ਡਿਗਦੀ ਰਾਲ ਹੈ।**
**ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ।**
**ਸ਼ਾਂਤੀ ਵਜ਼ੀਰਾਂ ਦੇ ਪਹਿਨੇ ਹੋਏ ਖੱਦਰ ਦੀ ਚਮਕ ਹੈ**
**ਸ਼ਾਂਤੀ ਹੋਰ ਕੁਝ ਨਹੀਂ ਹੈ**
**ਜਾਂ ਸ਼ਾਂਤੀ ਗਾਂਧੀ ਦਾ ਜਾਂਘੀਆ ਹੈ**
**ਜਿਸ ਦੀਆਂ ਤਣੀਆਂ ਨੂੰ**
**ਚਾਲੀ ਕਰੋੜ ਬੰਦੇ ਫਾਹੇ ਲਾਉਣ ਖਾਤਰ ਵਰਤਿਆ ਜਾ ਸਕਦਾ ਹੈ।**

ਇਸ ਤਰ੍ਹਾਂ ਜੁਝਾਰਵਾਦੀ ਕਵਿਤਾ ਵਿੱਚ ਸਿਧਾਂਤ ਤੇ ਅਮਲ ਦਾ ਸੁਮੇਲ ਦਿਖਾਈ ਦਿੰਦਾ ਹੈ। ਇਹ ਕਵਿਤਾ ਅਸਲ ਵਿੱਚ ਲੋਕ-ਕਵਿਤਾ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਇਹ ਕਵਿਤਾ ਸੰਤ ਰਾਮ ਉਦਾਸੀ, ਪਾਸ਼, ਦਿਲ, ਆਦਿ ਲੋਕ ਕਵੀਆਂ ਦੁਆਰਾ ਲੋਕਾਂ ਬਾਰੇ ਤੇ ਲੋਕਾਂ ਲਈ ਲਿਖੀ ਗਈ ਹੈ। ਇਹ ਕਵੀ ਕੇਵਲ ਕਵੀ ਹੀ ਨਹੀਂ ਸਨ ਸਗੋਂ ਨਕਸਲਬਾੜੀ ਲਹਿਰ ਵਿੱਚ ਸਿੱਧੇ ਤੌਰ 'ਤੇ ਭਾਗ ਲੈਣ ਵਾਲੇ ਯੋਧੇ ਸਨ। ਇਹੋ ਕਾਰਨ ਹੈ ਕਿ ਇਹ ਉਨ੍ਹਾਂ ਸਰਕਾਰੀ ਸਾਹਿਤਕਾਰਾਂ 'ਤੇ ਕਟਾਖ਼ਸ਼ ਕਰਦੇ ਹਨ ਜੋ ਸਰਕਾਰੀ ਬੋਲੀ ਬੋਲਦੇ ਹਨ। ਇਸ ਸੰਦਰਭ ਵਿੱਚ ਸੰਤ ਰਾਮ ਉਦਾਸੀ ਦੀ ਵਿਅੰਗਾਤਮਕ ਕਵਿਤਾ 'ਸਰਕਾਰੀ ਸਾਹਿਤਕਾਰਾਂ ਦੇ ਨਾਂ' ਵੇਖੀ ਜਾ ਸਕਦੀ ਹੈ ਜੋ ਸਰਕਾਰੀ ਤੇ ਲੋਕਪੱਖੀ ਸਾਹਿਤਕਾਰਾਂ ਵਿਚਕਾਰ ਅੰਤਰ ਨਿਖੇੜ ਕਰਦੀ ਹੈ:

**ਲੋਕ ਪਿਆਰ ਦੀ ਗੁੱਥੀ ਜੇ ਖੋਲਦਾ ਨਾ,**
**ਕਵਿਤਾ ਕਰਦੀ ਨਾ ਕਦੇ ਖੁਆਰ ਮੈਨੂੰ।**
**ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ,**
**ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ।**
**'ਤਿੰਨ ਬਾਂਦਰਾਂ' 'ਤੇ ਮਹਾਂਕਾਵਿ ਲਿਖ ਕੇ,**
**ਹੁਣ ਨੂੰ ਕੋਈ ਕਿਤਾਬ ਛਪਵਾਈ ਹੁੰਦੀ।**
**ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ,**
**ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ।**
**ਪੌਣੇ ਬਲਦਾਂ ਨੂੰ ਜਦ ਕੋਈ ਕੁੜੀ ਪਾਉਂਦੀ,**
**ਤਵਾ ਸਾਡਾ ਸਪੀਕਰ 'ਤੇ ਲੱਗ ਜਾਂਦਾ।**
**ਟੈਲੀਵੀਜ਼ਨ 'ਤੇ ਕਿਸੇ ਮੁਟਿਆਰ ਦੇ ਨਾਲ,**
**ਸਾਡਾ ਗਾਉਣ ਦਾ ਸਮਾਂ ਵੀ ਬੱਝ ਜਾਂਦਾ,**
**ਜਿਹੜਾ ਸਭੋ ਤੋਂ ਵਧ ਕੇ ਗੀਤ ਲਿਖਦਾ,**
**ਅਤਿਵਾਦੀ ਕਹਿ ਉਸਨੂੰ ਧੁਮਾਈ ਜਾਂਦੇ,**
**ਵਾਹ ! ਵਾਹ ! ਥਾਣੇ ਦੇ ਨਾਲ ਵੀ ਬਣੀ ਰਹਿੰਦੀ,**
**ਕਾਮਰੇਡ ਵੀ ਵਿਚੋਂ ਅਖਵਾਈ ਜਾਂਦੇ।**
**ਲੋਕ ਪਿਆਰ ਦਾ ਕਿਹਾ ਤੈਂ ਵਰ ਦਿੱਤਾ,**
**ਕਿ ਸਭੇ ਲੱਗੀ ਸ਼ਰਾਪਾਂ ਦੀ ਝੜੀ ਰਹਿੰਦੀ।**
**ਲੈ ਕੇ ਕੱਫਨ ਸਰਹਾਣੇ ਹਾਂ ਨਿੱਤ ਸੌਂਦੇ,**
**ਚੌਂਤੇ ਪਹਿਰ ਦਿਮਾਗ ਵਿਚ ਮੜ੍ਹੀ ਰਹਿੰਦੀ।**

ਜੁਝਾਰਵਾਦੀ ਕਵੀ ਨਾ ਤਾਂ ਕੋਈ ਪੀਰ-ਪੈਗ਼ੰਬਰ ਹੈ ਤੇ ਨਾ ਹੀ ਅਨੰਦ ਦਾ ਸਿਰਜਨਹਾਰ ਸ਼ਬਦ ਘਾੜਾ ਹੈ। ਨਾ ਹੀ ਇਸ ਨੂੰ ਧੁਰਕੀ ਬਾਣੀ ਵਾਂਗ ਕਵਿਤਾ ਅਹੁੜਦੀ ਹੈ। ਇਸ ਦੇ ਵਿਪਰੀਤ ਇਹ ਕਵੀ ਲੋਕ ਲਹਿਰਾਂ ਨਾਲ ਜੁੜ ਕੇ ਸਿਆਸੀ ਵਿਚਾਰਕ ਬਣਦਾ ਹੈ ਜਿਸ ਦਾ ਕਾਵਿ-ਪ੍ਰਯੋਜਨ ਸਿਆਸੀ ਸਰਗਰਮੀ ਤੇ ਸਿਆਸੀ ਚੇਤਨਾ ਨੂੰ ਤੇਜ਼ ਤੇ ਪ੍ਰਚੰਡ ਕਰਨਾ ਹੈ। ਇਸ ਕਰਕੇ ਜੁਝਾਰ-ਕਾਵਿ ਦੀ ਬੁਨਿਆਦ ਲੋਕ ਯੁੱਧ 'ਤੇ ਟਿਕੀ ਹੋਈ ਹੈ। ਇਹ ਲੋਕ ਯੁੱਧ ਬੁਰਜੂਆ ਹਕੂਮਤ ਬਨਾਮ ਦਲਿਤ ਤੇ ਕਿਸਾਨ ਵਰਗਾਂ ਵਿਚਕਾਰ ਸਾਹਮਣੇ ਆਉਂਦਾ ਹੈ। ਇਸ ਸੰਘਰਸ਼ ਦੇ ਪੈਦਾ ਹੋਣ ਦੇ ਕਾਰਨ ਭਾਰਤੀ ਖੇਤੀ ਵਿੱਚ ਪੂੰਜੀਵਾਦ ਰਿਸ਼ਤਿਆਂ ਦੇ ਪ੍ਰਵੇਸ਼ ਕਾਰਨ



ਆਰਥਿਕ ਅਧਾਰ ਵਿੱਚ ਆਈ ਤਬਦੀਲੀ ਵਿੱਚੋਂ ਲੱਭੇ ਜਾ ਸਕਦੇ ਹਨ। ਇਸ ਬਦਲੇ ਹੋਏ ਆਧਾਰ ਕਾਰਨ ਪੈਦਾ ਹੋਏ ਨਵੇਂ ਸਭਿਆਚਾਰਕ, ਸਿਆਸੀ ਤੇ ਸਮਾਜਿਕ ਅਨੁਭਵਾਂ ਨੂੰ ਜੁਝਾਰ ਕਵਿਤਾ ਨੇ ਅਭਿਵਿਅਕਤੀ ਦਿੱਤੀ। ਇਸ ਅਭਿਵਿਅਕਤੀ ਨੇ ਜਿਥੇ ਬੁਰਜੂਆ ਸੁਹਜ-ਸ਼ਾਸਤਰ ਸਾਹਮਣੇ ਇੱਕ ਪ੍ਰਤੀਰਧਿਕ ਚੁਣੌਤੀ ਪੇਸ਼ ਕੀਤੀ ਉਥੇ ਇਸ ਨੇ ਨਵੇਂ ਮਾਪਦੰਡ ਵੀ ਸਿਰਜੇ। ਇਸ ਨੇ ਦਲਿਤ ਤੇ ਗ਼ਰੀਬ ਕਿਸਾਨੀ ਦੇ ਹਿਤਾਂ ਦੇ ਅਨੁਕੂਲ ਨਵੇਂ ਕਾਵਿ-ਮਾਪਦੰਡਾਂ ਨੂੰ ਸਿਰਜਣ ਦੇ ਭਰਪੂਰ ਯਤਨ ਕੀਤੇ। ਜੁਝਾਰਵਾਦੀ ਕਵਿਤਾ ਨੂੰ ਸਿਰਜਣ ਵਾਲਾ ਕਵੀ ਆਪਣੀ ਵਿਚਾਰਧਾਰਾ, ਭਾਸ਼ਾਈ ਸਮਰੱਥਾ, ਉਚੇਰੀ ਸੰਬੋਧਨੀ ਸੁਰ ਰਾਹੀਂ ਜੰਗ ਲੜਦਾ ਪ੍ਰਤੀਤ ਹੁੰਦਾ ਹੈ। ਉਸ ਲਈ ਕਵਿਤਾ ਸਿਰਫ਼ ਜਜ਼ਬਾਤੀ ਅੰਤਰ-ਪ੍ਰੇਰਨਾ ਨਹੀਂ ਸਗੋਂ ਇੱਕ ਬੌਧਿਕ ਤੇ ਵਿਚਾਰਧਾਰਕ ਅਮਲ ਹੈ। ਜੁਝਾਰ ਕਵੀ ਖ਼ੁਦ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਂਦਾ ਹੈ। ਇਹੋ ਕਾਰਨ ਹੈ ਕਿ ਜੁਝਾਰ ਕਵਿਤਾ ਦਾ ਨਾਇਕ ਵੀ ਆਪਣੇ ਲੋਕਾਂ ਲਈ ਜੂਝ ਰਿਹਾ ਨਾਇਕ ਹੈ। ਖ਼ਰਵੀ ਤੇ ਵਿਸਫੋਟਕ ਭਾਸ਼ਾ ਦਾ ਪ੍ਰਯੋਗ ਇਸ ਕਵਿਤਾ ਦੀ ਭਾਸ਼ਾਈ ਵਿਸ਼ੇਸ਼ਤਾ ਹੈ। ਮਾਰਕਸਵਾਦੀ ਵਿਗਿਆਨਕ ਦ੍ਰਿਸ਼ਟੀ ਤੋਂ ਸੇਧ ਲੈਂਦੀ ਹੋਈ ਇਸ ਕਵਿਤਾ ਦਾ ਆਪਣੇ ਤੋਂ ਪੂਰਵਲੀਆਂ ਕਾਵਿ ਲਹਿਰਾਂ ਨਾਲ ਰਿਸ਼ਤਾ ਸੰਵਾਦ ਦਾ ਬਣਦਾ ਹੈ। ਇਸ ਸੰਵਾਦ ਦਾ ਕਾਰਨ ਵੱਖ-ਵੱਖ ਜਮਾਤੀ ਹਿਤ ਤੇ ਮਨੋਰਥ ਹਨ। ਜਿਥੇ ਜੁਝਾਰ ਕਵਿਤਾ ਪ੍ਰਯੋਗਵਾਦੀ ਕਾਵਿ ਦੀ ਅਰਥਹੀਣਤਾ ਦਾ ਖੰਡਨ ਕਰਦੀ ਹੈ ਉਥੇ ਇਹ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਇੱਕ ਅਹਿਮ ਰੋਲ ਵੀ ਅਦਾ ਕਰਦੀ ਹੈ। ਇਸ ਕਵਿਤਾ ਨੇ ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ ਤੇ ਛੋਟੀ ਕਿਸਾਨੀ ਦੇ ਜਮਾਤੀ ਹਿੱਤਾਂ ਨਾਲ ਪ੍ਰਤੀਬੱਧ ਹੋਣ ਕਰਕੇ ਮਾਰਕਸਵਾਦੀ ਜੀਵਨ ਦ੍ਰਿਸ਼ਟੀ ਨੂੰ ਬਾਕੀ ਕਾਵਿ ਲਹਿਰਾਂ ਦੇ ਮੁਕਾਬਲੇ ਵੱਧ ਸਹੀ ਰੂਪ ਵਿੱਚ ਗ੍ਰਹਿਣ ਕੀਤਾ। ਜੁਝਾਰਵਾਦੀ ਕਵੀ ਦੀ ਦ੍ਰਿਸ਼ਟੀ ਵਿੱਚ ਸਮਾਜਵਾਦੀ ਸਮਾਜ ਨੂੰ ਸਿਰਜਣ ਵਿੱਚ ਕਾਫ਼ੀ ਜੱਦੋ ਜਹਿਦ ਤੇ ਚਤੇਨਾ ਦੀ ਲੋੜ ਹੈ। ਉਸ ਅਨੁਸਾਰ ਅਜੇ ਕਿਰਤੀਆਂ ਦੀ ਚੇਤਨਾ ਦਾ ਪੱਧਰ ਬਹੁਤ ਨੀਵਾਂ ਹੈ ਜਿਸ ਕਰਕੇ ਉਹ ਆਪਣੀਆਂ ਤਕਦੀਰਾਂ ਦੇ ਖ਼ੁਦ ਮਾਲਕ ਨਹੀਂ ਬਣ ਸਕਦੇ। ਅਜੋਕੇ ਸਮੇਂ ਦੀਆਂ ਪਿਛਾਂਹਖਿਚੂ ਤਾਕਤਾਂ ਨੇ ਉਨ੍ਹਾਂ ਦੀ ਚੇਤਨਾ ਉਤੇ ਕਬਜ਼ਾ ਕੀਤਾ ਹੋਇਆ ਹੈ। ਸੰਤ ਰਾਮ ਉਦਾਸੀ ਦੀ ਹੇਠ ਲਿਖੀ ਕਵਿਤਾ ਸੁੱਤੀ ਜਨਤਾ ਦੀ ਨੀਵੇਂ ਪੱਧਰ ਦੀ ਚੇਤਨਾ 'ਤੇ ਗਹਿਰਾ ਦੁੱਖ ਜ਼ਾਹਰ ਕਰਦੀ ਪ੍ਰਤੀਤ ਹੁੰਦੀ ਹੈ:

**ਅਜੇ ਕਿਰਤ ਦੀ ਚੁੰਝ ਹੈ ਖਾਲੀ,**
**ਵਿਹਲੜ ਰੱਜ ਕੇ ਖਾਂਦੇ ਨੇ।**
**ਮੁੱਲਾਂ, ਪੰਡਤ, ਭਾਈ,**
**ਧਰਮ ਦੇ ਠੇਕੇਦਾਰ ਕਹਾਂਦੇ ਨੇ।**
**ਅਜੇ ਮਨੁੱਖ ਦੀ ਕਾਇਆ**
**ਉਤੇ ਸਾਇਆ ਹੈ ਜਾਗੀਰਾਂ ਦਾ।**
**ਅਜੇ ਮਨੁੱਖ ਨਾ ਮਾਲਕ ਬਣਿਆ,**
**ਆਪਣੀਆਂ ਤਕਦੀਰਾਂ ਦਾ।**
**ਅਜੇ ਕਿਸੇ ਬੇਵਸ ਜਿਸਮ ਦਾ ਮਿਲਦਾ**
**ਇਥੇ ਭਾੜਾ ਏ।**
**ਅਜੇ ਨਾ ਸੁੱਤੀ ਜਨਤਾ ਜਾਗੀ ਅਜੇ**
**ਹਨੇਰਾ ਗਾੜ੍ਹਾ ਏ।**

ਅੱਜ ਜਿਉਂ-ਜਿਉਂ ਵਿਸ਼ਵੀਕਰਨ ਦਾ ਪ੍ਰਭਾਵ ਪੰਜਾਬ ਦੀਆਂ ਸਿਆਸੀ, ਸਭਿਆਚਾਰਕ ਤੇ ਸਮਾਜਿਕ ਪ੍ਰਸਥਿਤੀਆਂ 'ਤੇ ਪੈ ਰਿਹਾ ਹੈ ਤਿਉਂ-ਤਿਉਂ ਜੁਝਾਰ-ਕਾਵਿ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਵਿਸ਼ਵੀਕਰਨ ਨੇ ਵੱਖ-ਵੱਖ ਸੂਚਨਾ ਮਾਧਿਅਮਾਂ ਰਾਹੀਂ ਨਵ-ਸਾਮਰਾਜੀ ਨੀਤੀਆਂ ਨੂੰ ਲੋਕਾਂ ਵਿੱਚ ਫੈਲਾਉਣ ਤੇ ਇਨ੍ਹਾਂ ਦੇ ਦਰੁਸਤ ਹੋਣ ਦੀਆਂ ਅਫ਼ਵਾਹਾਂ ਨੂੰ ਸੱਚ ਦੇ ਤੌਰ 'ਤੇ ਪੇਸ਼ ਕੀਤਾ ਹੈ। ਪੰਜਾਬੀ ਕਵੀਆਂ ਸਾਹਮਣੇ ਅੱਜ ਇਸ ਝੂਠ ਤੋਂ ਪਰਦਾ ਚੁੱਕਣ ਦਾ ਵਡਮੁੱਲਾ ਕਾਰਜ ਬਣਦਾ ਹੈ। ਅਜੋਕੇ ਕਵੀ ਦਾ ਫ਼ਰਜ਼ ਬਣਦਾ ਹੈ ਕਿ ਮੌਜੂਦਾ ਮਨੁੱਖ ਤੇ ਕੁਦਰਤ ਵਿਰੋਧੀ ਪੂੰਜੀਵਾਦੀ ਨੀਤੀਆਂ ਨੂੰ ਸਮਝ ਕੇ ਜੁਝਾਰਵਾਦੀ ਵਿਰਾਸਤ ਤੋਂ ਸੇਧ ਲੈ ਕੇ ਆਪਣੀ ਕਵਿਤਾ ਨੂੰ ਲੋਕ-ਪੱਖੀ ਸਰੋਕਾਰਾਂ ਵੱਲ ਮੋੜੇ। ਜੇਕਰ ਅਜੋਕਾ ਕਵੀ ਅਜਿਹਾ ਨਹੀਂ ਕਰਦਾ ਤਾਂ ਸਾਡੇ ਸਾਹਿਤ ਦੀ ਪ੍ਰਗਤੀਸ਼ੀਲ ਵਿਰਾਸਤ ਨੂੰ ਗ੍ਰਹਿਣ ਲੱਗ ਜਾਵੇਗਾ ਤੇ ਪੰਜਾਬੀ ਕਵਿਤਾ ਦਾ ਜੁਝਾਰੂ ਵਿਰਸਾ ਮੌਜੂਦਾ ਬੁਰਜੂਆ ਖ਼ਪਤ ਸਭਿਆਚਾਰ ਦੀ ਭੇਟ ਚੜ੍ਹ ਜਾਵੇਗਾ। ਸੋ, ਅੱਜ ਦੇ ਕਵੀ ਦਾ ਇਹ ਮੁਕੱਦਸ ਫਰਜ਼ ਹੈ ਕਿ ਉਹ ਉਦਾਸੀ, ਪਾਸ਼, ਦਿਲ ਆਦਿ ਕਵੀਆਂ ਦਾ ਵਾਰਸ ਬਣ ਕੇ ਲੋਕਾਂ ਦੇ ਦੁਖ-ਦਰਦਾਂ ਨਾਲ ਸਾਂਝ ਪਾਵੇ ਅਤੇ ਆਪਣੇ ਇਤਿਹਾਸਕ ਫਰਜ਼ ਪ੍ਰਤੀ ਸੁਚੇਤ ਹੋਵੇ। ਅਜਿਹਾ ਕਰਕੇ ਹੀ ਅਸੀਂ ਅੱਜ ਦੀ ਤਾਰੀਖ਼ ਵਿੱਚ ਉਦਾਸੀ ਨੂੰ ਯਾਦ ਕਰ ਸਕਦੇ ਹਾਂ ਤੇ ਕੰਮੀਆਂ ਦੇ ਵਿਹੜੇ ਵਿੱਚ ਸੂਰਜ ਬਣ ਕੇ ਮਘ ਸਕਦੇ ਹਾਂ। ਅੰਤ ਵਿੱਚ ਆਪਣੀ ਗੱਲ ਜੁਝਾਰਵਾਦੀ ਗ਼ਜ਼ਲਗੋ ਮਹਿੰਦਰ ਸਾਥੀ ਦੀ ਪ੍ਰਸਿੱਧ ਗ਼ਜ਼ਲ ਦੇ ਉਸ ਸ਼ੇਅਰ ਨਾਲ ਸਮਾਪਤ ਕਰਨੀ ਚਾਹਾਂਗਾ ਜਿਸ ਵਿੱਚ ਉਹ ਚੇਤਨਾ ਦੀਆਂ ਮਸ਼ਾਲਾਂ ਬਾਲਣ ਦਾ ਹੋਕਾ ਦਿੰਦਾ ਹੋਇਆ ਲਿਖਦਾ ਹੈ:

**ਮਸ਼ਾਲਾਂ ਬਾਲ ਕੇ ਚੱਲਣਾ,**
**ਜਦੋਂ ਤਕ ਰਾਤ ਬਾਕੀ ਹੈ।**
**ਸੰਭਲ ਦੇ ਹਰ ਕਦਮ ਰੱਖਣਾ,**
**ਜਦੋਂ ਤਕ ਰਾਤ ਬਾਕੀ ਹੈ।**


# ਆਰ ਓ ਸਿਸਟਮ ਮਿੱਠੇ ਪਾਣੀ ਦਾ ਕੌੜਾ ਸੱਚ

ਅੱਜ ਉਦਾਰੀਕਰਨ, ਸੰਸਾਰੀਕਰਨ, ਨਿੱਜੀਕਰਨ ਦੇ ਦੌਰ ਵਿੱਚ ਹਰ ਚੀਜ਼ ਚਾਹੇ ਉਹ ਕੁਦਰਤ ਨੇ ਪੈਦਾ ਕੀਤੀ ਹੋਵੇ ਜਾਂ ਮਨੁੱਖ ਦੀ ਮੁਨਾਫੇ ਦੇ ਲਾਲਚ ਵਿੱਚ ਉਸਦਾ ਅੰਨ੍ਹਵਾਹ ਵਪਾਰੀਕਰਨ ਕੀਤਾ ਜਾ ਰਿਹਾ ਹੈ

ਕੁਦਰਤ ਨੇ ਮਨੁੱਖ ਤੋਂ ਲੈ ਕੇ ਜੀਵ ਜੰਤੂਆਂ ਦੇ ਜਿਊਂਦੇ ਰਹਿਣ ਲਈ ਬਿਨਾਂ ਕੋਈ ਫਰਕ ਕੀਤਿਆਂ ਪਾਣੀ ਦੀ ਵਡਮੁੱਲੀ ਦੇਣ ਦਿੱਤੀ ਹੈ ਪਰ ਮੌਜੂਦਾ ਲੁਟੇਰੇ ਪ੍ਰਬੰਧ ਨੇ ਆਪਣੇ ਮੁਨਾਫੇ ਦੀ ਹਵਸ ਖਾਤਰ ਸਾਡੀ ਹੋਂਦ ਲਈ ਜ਼ਰੂਰੀ ਸਾਫ ਪਾਣੀ ਦੇ ਸੋਮਿਆਂ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰ ਦਿੱਤਾ ਹੈ। ਪਹਿਲਾਂ ਤਾਂ ਫੈਕਟਰੀਆਂ ਕਾਰਖਾਨਿਆਂ ਦੇ ਮਾਲਕ ਆਪਣੀਆਂ ਫੈਕਟਰੀਆਂ ਵਿੱਚੋਂ ਬੇਕਾਰ ਬਚਦੇ ਜ਼ਹਿਰੀਲੇ ਪਦਾਰਥਾਂ ਦਾ ਬਿਨਾਂ ਕੋਈ ਯੋਗ ਨਿਪਟਾਰੇ ਕੀਤਿਆਂ ਉਨ੍ਹਾਂ ਨੂੰ ਬੜੀ ਲਾਪਰਵਾਹੀ ਨਾਲ ਨਦੀਆਂ, ਨਹਿਰਾਂ ਤੇ ਨਾਲਿਆਂ ਵਿੱਚ ਰੋੜ੍ਹ ਦਿੰਦੇ ਹਨ। ਫਿਰ ਇਹ ਜ਼ਹਿਰੀਲੇ ਤੱਤ ਰਿਸਦੇ ਹੋਏ ਸਾਡੇ ਪਾਣੀ ਤੱਕ, ਪਾਣੀ ਦੇ ਸੋਮਿਆਂ ਤੱਕ ਪਹੁੰਚ ਜਾਂਦੇ ਹਨ ਅਤੇ ਫਿਰ ਉਸ ਨੂੰ ਦੂਸ਼ਿਤ ਕਰ ਦਿੰਦੇ ਹਨ। ਇਹ ਦੂਸ਼ਿਤ ਪਾਣੀ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਨ੍ਹਾਂ ਬਿਮਾਰੀਆਂ ਦੀ ਵਜ੍ਹਾ ਕਰਕੇ ਪਹਿਲਾਂ ਹੀ ਆਰਥਿਕ ਤੰਗੀਆਂ ਨਾਲ ਜੂਝ ਰਹੇ ਲੋਕਾਂ ਦੀਆਂ ਜੇਬਾਂ ਤੇ ਡਾਕਟਰੀ ਇਲਾਜ ਦੇ ਨਾਮ ਤੇ ਹੋਰ ਡਾਕੇ ਪੈਂਦੇ ਹਨ ।

ਸਾਡਾ ਪੂਰੇ ਦਾ ਪੂਰਾ ਜੀਵਨ ਹੀ ਪਾਣੀ ਉਪਰ ਟਿਕਿਆ ਹੋਇਆ ਹੈ, ਇਸ ਲਈ ਕੁਦਰਤ ਵੱਲੋਂ ਦਿੱਤੇ ਇਸ ਤੋਹਫੇ ਉਪਰ ਕਿਸੇ ਇੱਕ ਵਿਸ਼ੇਸ਼ ਵਰਗ ਦਾ ਹੱਕ ਨਹੀਂ ਹੈ। ਇਹ ਪੂਰੀ ਮਨੁੱਖੀ ਜਾਤੀ ਲਈ ਹੈ, ਪਰ ਹੁਣ ਇਸ ਉਪਰ ਵੀ ਬਹੁਰਾਸ਼ਟਰੀ ਵਪਾਰਕ ਕੰਪਨੀਆਂ ਦਾ ਕਬਜ਼ਾ ਕਰਵਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਇਨ੍ਹਾਂ ਕੰਪਨੀਆਂ ਨੇ ਸ਼ਹਿਰਾਂ ਨੂੰ ਕੈਸ਼ ਕੀਤਾ। ਸਾਫ ਪਾਣੀ ਨੂੰ ਬੋਤਲਾਂ ਵਿੱਚ ਭਰ ਕੇ 10 ਤੋਂ 15 ਰੁਪਏ ਵਿੱਚ ਵੇਚਿਆ ਜਾ ਰਿਹਾ ਹੈ, ਬੇਸ਼ੱਕ ਇਹ ਪਾਣੀ ਦੀਆਂ ਬੋਤਲਾਂ ਪਿੰਡਾਂ ਵਿੱਚ ਵੀ ਮਿਲਦੀਆਂ ਹਨ, ਪਰ ਸ਼ਹਿਰਾਂ ਦੇ ਮੁਕਾਬਲੇ ਇੰਨ੍ਹਾਂ ਦੀ ਖਪਤ ਘੱਟ ਹੈ। ਪਿੰਡਾਂ ਵਿੱਚ ਹੁਣ ਪਾਣੀ ਦੇ ਵਪਾਰ ਦਾ ਇੱਕ ਨਵਾਂ ਸਿਸਟਮ ਹੋਂਦ ਵਿੱਚ ਆ ਗਿਆ ਹੈ। ਜਿਸ ਵਿੱਚ ਸਾਫ ਪਾਣੀ ਕੈਂਪਰਾਂ ਵਿੱਚ ਭਰ ਕੇ 20 ਪੈਸੇ ਲਿਟਰ ਦੇ ਹਿਸਾਬ ਨਾਲ ਸਪਲਾਈ ਕੀਤਾ ਜਾ ਰਿਹਾ ਹੈ। ਕਈ ਪਿੰਡਾਂ ਵਿੱਚ ਸਰਕਾਰ ਨੇ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਠੇਕੇ ਦਿੱਤੇ ਹਨ। ਮਤਲਬ ਸਰਕਾਰ ਲੋਕਾਂ ਦੀ ਜ਼ਰੂਰਤ ਦੀ ਸਭ ਤੋਂ ਮਹੱਤਵਪੂਰਣ ਚੀਜ਼ ਨੂੰ ਵੀ ਪ੍ਰਾਈਵੇਟ ਕੰਪਨੀਆਂ ਰਾਹੀਂ ਵੇਚਣ ਦੇ ਰਾਹ ਪੈ ਚੁੱਕੀ ਹੈ। ਸਾਡੀਆਂ ਸਰਕਾਰਾਂ ਜੋ ਲੋਕਾਂ ਨੂੰ ਸਾਫ ਪਾਣੀ ਖਰੀਦਣ ਲਈ ਮਜ਼ਬੂਰ ਕਰ ਰਹੀਆਂ ਹਨ, ਪਾਣੀ ਨੂੰ ਦੂਸ਼ਿਤ ਕਰਨ ਵਾਲੇ ਕਾਰਖਾਨੇ ਫੈਕਟਰੀਆਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕਰਦੀਆਂ ਪਹਿਲਾਂ ਮੁਨਾਫੇ ਦੇ ਲਾਲਚ ਵਿੱਚ ਪਾਣੀ ਨੂੰ ਦੂਸ਼ਿਤ ਕੀਤਾ ਜਾਂਦਾ ਹੈ, ਫਿਰ ਉਸ ਦੂਸ਼ਿਤ ਪਾਣੀ ਨੂੰ ਸਾਫ ਕਰਕੇ ਵੇਚਣ ਦੀ ਵਿਧੀ ਰਾਹੀਂ ਪ੍ਰਾਈਵੇਟ ਕੰਪਨੀਆਂ ਫਿਰ ਮੁਨਾਫਾ ਕਮਾਉਂਦੀਆਂ ਹਨ। ਪਿੰਡਾਂ ਅੰਦਰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਸਕੀਮ ਤਹਿਤ ਲੱਗੇ ਆਰ. ਓ. ਰਾਹੀ ਜੋ ਪਾਣੀ ਅੱਜ 20 ਪੈਸੇ ਪ੍ਰਤੀ ਲਿਟਰ ਦੇ ਹਿਸਾਬ ਨਾਲ ਸਪਲਾਈ ਕੀਤਾ ਜਾ ਰਿਹਾ ਹੈ, ਕੋਈ ਗਰੰਟੀ ਨਹੀਂ ਕਿ ਭਵਿੱਖ ਵਿੱਚ ਇਸ ਦੀਆ ਕੀਮਤਾਂ ਵਿੱਚ ਤਿੱਖਾ ਵਾਧਾ ਨਹੀਂ ਹੋਵੇਗਾ ।

- ਰਣਦੀਪ
98556-95905



ਸੰਤ ਰਾਮ ਉਦਾਸੀ ਜੀ ਦਾ ਜਨਮ ਜਨਮ ਪਿੰਡ ਰਾਏਸਰ (ਬਰਨਾਲਾ) ਵਿਖੇ 20 ਅਪ੍ਰੈਲ 1939 ਨੂੰ ਹੋਇਆ? ਉਦਾਸੀ ਜੀ ਪੰਜਾਬੀ ਸਾਹਿਤ ਦੇ ਜੁਝਾਰੂ ਕ੍ਰਾਂਤੀਕਾਰੀ ਕਵੀ ਦੇ ਤੌਰ ਤੇ ਜਾਣੇ ਜਾਂਦੇ ਨੇ? ਆਪ ਜੀ ਦਾ ਕਾਵਿ ਸੰਗ੍ਰਹਿ "ਲਹੂ ਭਿੱਜੇ ਬੋਲ'' ਪੰਜਾਬੀ ਸਾਹਿਤ ਵਿਚ ਇਕ ਕ੍ਰਾਂਤੀਕਾਰੀ ਹਸਤਾਖ਼ਰ ਹੈ? ਉਦਾਸੀ ਜੀ ਦੀਆਂ ਰਚਨਾਵਾਂ ਡੂੰਘੀ ਸੋਚ ਤੇ ਚੇਤਨਾ ਜਗਾਉਣ ਵਾਲੀਆਂ ਨੇ? ਹਜ਼ੂਰ ਸਾਹਿਬ ਵਿਖੇ ਹੋਏ ਕਵੀ ਦਰਬਾਰ ਤੋਂ ਵਾਪਿਸ ਆਉਂਦੇ ਹੋਏ 06 ਨਵੰਬਰ 1986 ਨੂੰ ਰਸਤੇ ਵਿਚ ਰੇਲਗੱਡੀ ਵਿਚ ਹੀ ਉਨ੍ਹਾਂ ਆਖ਼ਰੀ ਸਾਹ ਲਿਆ। ਉਨ੍ਹਾਂ ਦੇ ਪਰਿਵਾਰ ਨੂੰ ਇਸ ਬਾਰੇ ਜਾਣਕਾਰੀ 3 ਦਿਨ ਬਾਅਦ ਮਿਲੀ। ਉਦਾਸੀ ਜੀ ਭਾਵੇਂ ਜਿਸਮਾਨੀ ਤੌਰ 'ਤੇ ਜੱਗ ਤੋਂ ਰੁਖ਼ਸਤ ਹੋ ਗਏ ਨੇ ਪਰ ਆਪਣੀਆ ਲਿਖ਼ਤਾਂ ਰਾਹੀ ਅੱਜ ਵੀਂ ਜਿੰਦਾ ਨੇ ਔਰ ਚੇਤਨਾ ਪੈਦਾ ਕਰ ਰਹੇ ਨੇ?

# ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ

## ਹਾੜੀਆਂ ਦੇ ਹਾਣੀਓਂ

ਹਾੜੀਆਂ ਦੇ ਹਾਣੀਓਂ ਵੇ ਸੌਣੀਆਂ ਦੇ ਸਾਥੀਓ ਵੇ,
ਕਰ ਲਵੋ ਦਾਤੀਆਂ ਤਿਆਰ।
ਚੁਕੋ ਵੇ ਹਥੌੜਿਆਂ ਨੂੰ, ਤੋੜੋ ਹਿੱਕ ਪੱਥਰਾਂ ਦੀ,
ਅੱਜ ਸਾਨੂੰ ਲੋੜੀਂਦੇ ਅੰਗਾਰ।
ਕਿਹੜੀ ਗੱਲੋਂ ਕਣਕਾਂ ਦੇ, ਮੋਨ ਰੰਗੇ ਲਹਿਗਿਆਂ 'ਤੇ,
ਕਾਲੀ ਕਾਂਗਿਆਰੀਆਂ ਦੀ ਲੀਰ।
ਕੁੰਗੀਆਂ ਤੇ ਕੀੜਿਆਂ ਦੀ ਵਿੰਨ੍ਹ ਦੇਣ ਹਿੱਕ ਅੱਜ,
ਬੱਲੀਆਂ ਦੇ ਤਿੱਖੜੇ ਕਸੀਰ।
ਆਇਆ ਯੁੱਗ ਚੇਤਨਾ ਦਾ ਬੋਹਲਾਂ ਦੀ ਬਿਠਾਓ ਰਾਖੀ,
ਵਿਹਲੜਾਂ ਦਾ ਕਾਹਦਾ ਇਤਬਾਰ।
ਵਿਦਾ ਕਰੋ ਹੱਕਾਂ ਦੀਆਂ ਵੰਡ ਕੇ ਮਜ਼ੂਰੀਆਂ ਵੇ,
ਆਈ ਏ ਮਜੂਰਨਾਂ ਦੀ ਕਾਂਗ।
ਸਾਡਿਆਂ ਦਿਲਾਂ ਦੇ ਕੋਲੋਂ, ਜਰੀ ਨਹੀਂ ਜਾਂਦੀ,
ਭੁੱਖਾਂ ਅਤੇ ਹਾਉਂਕਿਆਂ ਦੀ ਸਾਂਗ।
ਅੱਡੋ ਨਾ ਝੋਲੀਆਂ ਵੇ, ਰਿਸ਼ੀਆਂ ਮੂਹਰੇ ਜਾ ਕੇ
ਹਾਸੇ ਨਹੀਓਂ ਮਿਲਦੇ ਉਧਾਰ।
ਚੁਕੋ ਵੇ ਹਥੌੜਿਆਂ ਨੂੰ....
ਕਿਰਤਾਂ ਦੇ 'ਬੋਲ' ਦਾ ਜੇ ਟੁੱਟੇ ਜੇ ਹਰਾਸ,
ਜੱਗ ਕੀਹਦੇ ਸਿਰ ਥੰਮ੍ਹਿਆ ਰਹੇ।
ਮਰੇ ਹੋਏ ਚੰਨ ਤੋਂ, ਜੇ ਚਾਨਣੀ ਮੰਗਣ ਜਾਈਏ,
ਕਿਹੜਾ ਸਾਨੂੰ ਚੰਗਿਆਂ ਕਹੇ।
ਆਓ! ਨਵੇਂ ਸੂਰਜਾਂ ਨੂੰ ਚਲ ਕੇ ਵਿਖਾਈਏ,
ਹੋਇਆ ਕਿਵੇਂ ਸਾਡੀ ਧੁੱਪ ਉਤੇ ਵਾਰ।
ਚੁੱਕੋ ਵੇ ਹਥੌੜਿਆਂ ਨੂੰ.....
• • •

## ਕਾਲੀ ਕੁੜੀ ਦਾ ਗੀਤ

ਛੇਤੀ ਛੇਤੀ ਉੱਗ, ਲਾਲ ਸਰਘੀ ਦੇ ਸੂਰਜਾ ਵੇ,
ਰੂਪ ਮੇਰਾ ਰੰਗ ਦਾ ਤਿਹਾਇਆ।
ਅਸੀਂ ਢੋਲਣੇ ਨੂੰ ਦਿਲ ਪਾੜ ਕੇ ਵਿਖਾਇਆ,
ਉਹਨੂੰ ਅਜੇ ਨਾ ਪਿਆਰ ਸਾਡਾ ਆਇਆ।
ਸੁਹਣਾ ਜਾਂ ਕਸੁਹਣਾ ਹੋਵੇ ਜੱਗ ਦੀ ਕਚਹਿਰੀ ਵਿਚ,
ਰਿਹਾ ਏ ਮਨੁੱਖ ਪ੍ਰਧਾਨ ਵੇ।
ਕਾਲਾ ਭੂੰਡ ਕਲੀਆਂ ਨੂੰ ਸਕਦਾ ਮਰੋੜ,
ਰੰਗ ਆਪਣੇ ਦੀ ਉਹਨੂੰ ਨਾ ਪਛਾਣ ਵੇ।
ਪੁੱਛੇ ਕੋਈ ਬਾਬਲੇ ਤੋਂ,
ਸੱਧਰਾਂ ਦਾ ਹਾਣੀ ਉਹਨੂੰ ਹੋਰ ਕੋਈ ਵਰ ਨਾ ਥਿਆਇਆ?
ਰੂਪ ਮੇਰਾ ਰੰਗ ਦਾ ਤਿਹਾਇਆ।
ਚਿੱਟੇ ਚੰਮ ਵਿਚ ਭਾਵੇਂ ਕਾਲਖ਼ਾਂ, ਲਕੋਈ ਰੱਖੇ,
ਹਰ ਕੋਈ ਉਹਨੂੰ ਹੈ ਪਿਆਰਦਾ।
ਕਿਉਂਸਰਮਾਏਦਾਰੀ ਦੌਰ ਵਿਚ ਜੋੜ ਗੂਹੜਾ,
ਪੈਸਿਆਂ ਦਾ ਰੂਪ ਤੇ ਸ਼ਿੰਗਾਰਦਾ।
ਮਿਹਨਤਾਂ ਦੇ ਅੰਗ ਸੰਗ, ਜੋਬਨੇ ਦਾ ਕਾਲਾ ਰੰਗ,
ਧੁੱਪਾਂ ਵਿਚ ਬੈਠ ਮੈਂ ਰੰਗਾਇਆ।
ਰੂਪ ਮੇਰਾ ਰੰਗ ਦਾ ਤਿਹਾਇਆ।
ਧੀਆਂ ਦਿਆ ਬਾਬਲਾ ਵੇ, ਪੁੱਤ ਦੀ ਜਾਗੀਰ ਨਾਲ,
ਖਾਲੀ ਪੱਲੇ ਹੁੰਦਾ ਨੀ ਵਪਾਰ ਵੇ।
ਪੂੰਜੀਪਤੀ ਯੁੱਗ ਵਿਚ ਮੂੰਹ 'ਚ ਹੱਡ ਦਿੱਤੇ ਬਿਨਾਂ,
ਦੁਨੀਆ ਨੂੰ ਆਉਂਦਾ ਨੀ ਡਕਾਰ ਵੇ।
ਦਾਜ ਦੀ ਹੀ ਭੁੱਖ ਨੇ ਵੇ ਸ਼ਗਨਾਂ ਦੀ ਰਾਤ ਨੂੰ ਹੀ,
ਮੇਰੇ ਨਾਲ ਬਿਰਹਾ ਸੁਆਇਆ।
ਰੂਪ ਮੇਰਾ ਰੰਗ ਦਾ ਤਿਹਾਇਆ।
• • •

## ਨਵੇਂ ਅਹਿਦਨਾਮੇ

ਮੈਂ ਚਾਨਣ ਦਾ ਆਸ਼ਕ, ਜੱਗ ਤੋਂ ਨ੍ਹੇਰ ਮਿਟਾਉਂਦਾ ਹਾਂ।
ਹੋਣੀਆਂ ਅੰਦਰੋਂ ਹਾਨਣ ਲੱਭ ਕੇ, ਮੈਂ ਪ੍ਰਨਾਉਂਦਾ ਹਾਂ।

ਜਦ ਹੱਕਾਂ ਦੀ ਲਹਿਰ ਮੇਰੇ ਢਾਰੇ ਤੱਕ ਆਉਂਦੀ ਏ,
ਉਸਦੇ ਲਿਸ਼ਕਾਰੇ ਵਿਚ ਚੰਨ ਦੀ, ਚਮਕ ਰਲਾਉਂਦਾ ਹਾਂ।

ਜਦ ਮਜ਼ਦੂਰਾਂ ਨੂੰ ਲੂੰਹਦੀ ਹੈ ਧੁੱਪ ਖਲਵਾੜੇ ਦੀ,
ਮੈਂ ਤਲਵਾਰਾਂ ਦੀ ਛਤਰੀ ਦਾ ਚਵਰ ਝੁਲਾਉਂਦਾ ਹਾਂ।

ਜਦ ਰੋਟੀ ਤੋਂ ਸੱਖਣੀ ਸੌਂਦੀ ਮਮਤਾ 'ਪਿਆਰ' ਦੀ,
ਉਸ ਦੀ ਨੀਂਦਰ 'ਤੇ ਸੂਰਜ ਦਾ ਪਹਿਰਾ ਲਾਉਂਦਾ ਹਾਂ।

ਸੀਂਢਲ ਜਈ ਬੱਚੀ ਦੇ ਢਿੱਡ ਵਿਚ ਜਦ ਸੰਗੀਨ ਚੁੱਭੇ,
ਮੈਂ ਢੱਕੀਆਂ ਦੀ ਓਟ 'ਚ ਬਹਿ ਕੇ ਤੀਰ ਚਲਾਉਂਦਾ ਹਾਂ।
ਜਦ 'ਸ਼ਾਹਾਂ' ਦੀ ਨੀਤ ਦਾ ਕੋਰਾ, ਫਸਲਾਂ 'ਤੇ ਪੈਂਦਾ,
ਬੱਲੀਆਂ ਨੂੰ ਘੁੱਟ ਕੇ ਮੈਂ ਹਿੱਕ ਦੀ ਧੁੱਪ ਸੁਕਾਉਂਦਾ ਹਾਂ।
ਜਿਸ ਦਿਨ ਮੈਂ ਸੂਰਜ ਦੇ ਸੰਗ ਪੱਗ ਵਟਾਈ ਏ,
ਧਰਤੀ ਦੇ ਮਥੜੇ 'ਤੇ ਜਿੱਤ ਦਾ ਤਿਲਕ ਲਗਾਉਂਦਾ ਹਾਂ।

ਜਦ ਮੇਰੇ ਚਾਨਣ 'ਤੇ ਹੋਵੇ ਤੇਜ਼ ਘਟਾਵਾਂ ਦਾ,
ਮੈਂ ਜੁਗਨੂੰ ਚਾਨਣ ਤੋਂ ਖੰਭ ਦਾ ਘੁੰਡ ਉਠਾਉਂਦਾ ਹਾਂ।
• • •

## ਵਸੀਅਤ

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ ਚ ਨਾ ਰਲਾਇਓ।

ਮੇਰੀ ਵੀ ਜਿੰਦਗੀ ਕੀ? ਬਸ ਬੂਰ ਸਰਕੜੇ ਦਾ
ਆਹਾਂ ਦਾ ਸੇਕ ਕਾਫ਼ੀ, ਤੀਲੀ ਬੇਸ਼ਕ ਨਾ ਲਾਇਓ।

ਹੋਣਾ ਨਹੀਂ ਮੈ ਚਾਹੁੰਦਾ ਸੜ ਕੇ ਸਵਾਹ ਇਕੇਰਾਂ,
ਜਦ ਜਦ ਢਲੇਗਾ ਸੂਰਜ ਕਣ ਕਣ ਮੇਰਾ ਜਲਾਇਓ।

ਵਲਗਣ ਚ ਕੈਦ ਹੋਣਾ ਸਾਡੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ ਤੇ ਹੀ ਜਲਾਇਓ।

ਜੀਵਨ ਤੋਂ ਮੌਤ ਤਾਈਂ ਆਉਂਦੇ ਬੜੇ ਚੁਰਾਹੇ
ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ।

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ ਚ ਨਾ ਰਲਾਇਓ।
• • •

## ਓ ਲੈ ਆ ਤੰਗਲ਼ੀ......

ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲ਼ਾਂ ਵਿਚੋਂ ਨੀਰ ਵਗਿਆ।
ਓਏ! ਲੈ ਆ ਤੰਗਲ਼ੀ ਨਸੀਬਾਂ ਨੂੰ ਫਰੋਲ਼ੀਏ, ਤੂੜੀ ਵਿਚੋਂ ਪੁੱਤ ਜੱਗਿਆ।
ਓ ਲੈ ਆ ਤੰਗਲ਼ੀ......

ਸਾਡੇ ਪਿੜ ਵਿਚ ਤੇਰੇ ਗਲ਼ ਚੀਥੜੇ ਨੀ, ਮੇਰੀਏ ਜਵਾਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੋਦਾਮਾਂ ਵਿਚੋਂ ਨਿਕਲ਼ੇਂ, ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗ਼ਮਾਂ ਦਾ ਗੁਮੰਤਰੀ, ਓ ਮੇਰੇ ਬੇਜ਼ੁਬਾਨ ਢੱਗਿਆ........
ਓ ਲੈ ਆ ਤੰਗਲ਼ੀ......

ਸਾਡਾ ਘੁੱਟੀਂ-ਘੁੱਟੀਂ ਤੇਲ ਖ਼ੂਨ ਪੀ ਗਿਆ, ਤੇ ਖਾਦ ਖਾ ਗਈ ਹੱਡ ਖਾਰ ਕੇ।
ਬੋਲ਼ੇ ਬੈਂਕ ਦੀ ਤਕਾਵੀ ਵਹੀ ਅੰਦਰੋਂ, ਬਈ ਬੋਹਲ਼ ਨੂੰ ਖੰਗੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ, ਕਿ ਸੱਧਰਾਂ ਨੂੰ ਲਾਂਬੂ ਲੱਗਿਆ।
ਓ ਲੈ ਆ ਤੰਗਲ਼ੀ........

ਨੀ ਧੀਏ! ਕਿਹੜੇ ਨੀ ਭੜੋਲੇ ਵਿਚ ਡੱਕ ਲਾਂ, ਮੈਂ ਤੇਰੀਆਂ ਜਵਾਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ, ਹੈ ਸਾਡੀਆਂ ਸਮਾਜੀ ਕਦਰਾਂ।
ਧੀਏ! ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ, ਕਿਉਂ ਚੰਨ ਨੂੰ ਸਰਾਪ ਲੱਗਿਆ?
ਓ ਲੈ ਆ ਤੰਗਲ਼ੀ.......

ਸੁੱਕੇ ਜਾਣ ਨਾ ਬੋਹਲ਼ਾਂ ਦਾ ਮਾਰ ਮਗਰਾ, ਜੋ ਮਾਰਦੇ ਨੇ ਜਾਂਦੇ ਚਾਂਗਰਾਂ।
ਅੱਕ ਝੱਖੜਾਂ ਨੇ ਤੂੜੀ ਨੂੰ ਬਖੇਰਿਆ, ਹੈ ਖੇਤਾਂ 'ਚ ਬਰੂਦ ਵਾਂਗਰਾਂ।
ਹੁਣ ਸਾਡਿਆਂ ਹੀ ਹੱਥਾਂ ਨੇ ਹੀ ਚੋਵਣਾ, ਜੋ ਮਿਹਨਤਾਂ ਨੂੰ ਮਾਖੋਂ ਲੱਗਿਆ।
ਓ ਲੈ ਆ ਤੰਗਲ਼ੀ.....
• • •

## ਅਧੂਰੀ ਸਵੈ ਗਾਥਾ

ਵਿਧ ਮਾਤਾ ਛੱਡੇ ਜਾ ਕੰਨ ਮੇਰੇ, ਧਰਤੀ ਵੱਲ ਮੈਂ ਤੁਰਤ ਪਧਾਰਿਆ ਸੀ
ਪਿੰਡ ਪੰਜਾਬ ਦੇ ਵਿਹੜੇ ਚੂਹੜਿਆਂ ਦੇ, ਆ ਕੇ ਅਸੀਂ ਅਵਤਾਰ ਆ ਧਾਰਿਆ ਸੀ
ਆਖੇ ਪਿੰਡ ਦਾ ਚੌਧਰੀ ਪਤਨੀ ਨੂੰ, ਆਪਾਂ ਹੁਣੇ ਛੰਗਵਾ ਲਈਏ ਸੋਟੀਆਂ ਜੀ
'ਪਾਲੀ' ਆਪਣੇ ਨੇ ਜਨਮ ਲੈ ਲਿਆ ਹੈ, ਆਪਾਂ ਲੈ ਲਈਏ ਹੋਰ ਦੋ ਝੋਟੀਆਂ ਜੀ
'ਲਾਲੀ' ਆਪਣੇ ਦੀ ਘਸੀ ਪੈਂਟ ਦੇ ਕੇ ਸਾਨੂੰ ਇਹਦੀ ਦੀਵਾਲੀ ਬਣਾਉਣੀਂ ਪੈਣੀ
ਦੇਸੀ ਟੱਟੂ ਦੁੱਲਤੜੇ ਖ਼ੁਰਾਸਾਨੀ, ਇਹ ਵੀ ਜੱਗ ਨੂੰ ਝਾਕੀ ਦਿਖਾਉਣੀ ਪੈਣੀ
ਮੈਨੂੰ ਸੁਰਤ ਦਾ ਜ਼ਰਾ ਸੀ ਸੇਕ ਲੱਗਾ, ਸੇਠ ਮੇਰੇ ਤੇ ਅੱਖ ਟਿਕਾਉਣ ਲੱਗਾ
ਭਾਵੇਂ ਛੋਟਾ ਹੈ ਪਰ ਬੜਾ ਹੀ ਚੁਰਚੁਰਾ ਹੈ, ਮੱਝਾਂ ਕਿਤੇ ਨੀ ਇਹ ਗੰਵਾਉਣ ਲੱਗਾ
ਮੇਰੇ ਦੁਖੀਏ ਬਾਪ ਦੀ ਸੋਚ ਬੁੱਢੀ ਝੇਂਪ ਵਿੱਚ ਆ ਕੇ ਹਾਂਅ ਕਰ ਦਿੱਤੀ
ਆਪਣੇ ਕਰਜ਼ੇ ਦਾ ਸਮਝ ਕੇ ਸੂਦ ਮੈਂਨੂ ਵੱਲ ਸੇਠ ਦੇ ਮੇਰੀ ਬਾਂਹ ਕਰ ਦਿੱਤੀ....
• • •

## ਕਾਲਿਆ ਕਾਵਾਂ ਵੇ..

ਉੱਡ ਜਾ ਕਾਵਾਂ ਕਾਲਿਆ ਵੇ,
ਉੱਡ ਜਾ ਕਾਵਾਂ ਕਾਲਿਆ ਵੇ...

ਪੈਰੀਂ ਤੇਰੇ ਘੁੰਗਰੂ ਪਾਵਾਂ
ਆ ਸੋਨੇ ਦੀ ਚੁੰਝ ਮੜ੍ਹਾਵਾਂ
ਕੁੱਟ-ਕੁੱਟ ਤੈਨੂੰ ਚੂਰੀਆਂ ਪਾਵਾਂ
ਮਾਹੀ ਮੇਰੇ ਦਾ ਤੂੰ ਸਿਰਨਾਵਾਂ
ਖੰਭਾਂ ਉਪਰ ਲਿਖਾ ਲਿਆ ਵੇ
ਉੱਡ ਜਾ ਕਾਵਾਂ ਕਾਲਿਆ ਵੇ...

ਰੋਜ਼ ਬਨੇਰੇ ਬੋਲ ਕੇ ਜਾਵੇਂ
ਝੂਠੀਆ ਵੇ ਤੂੰ ਝੂਠ ਘੁੰਮਾਵੇਂ

ਕਿਉਂ ਤੱਤੜੀ ਨੂੰ ਹੋਰ ਤੜਪਾਵੇਂ
ਕਹਿੰਦਾ ਸੀ ਉਹ ਮੈਂ ਆਵਾਂਗਾ ਛੇਤੀ,
ਝੂਠਾ ਲਾਰਾ ਲਾ ਗਿਆ ਵੇ
ਉੱਡ ਜਾ ਕਾਵਾਂ ਕਾਲਿਆ ਵੇ...

ਦਰਦਾਂ ਵਾਲੇ ਦਰਦ ਵੰਡਾਉਣ
ਸ਼ੌਂਕਾਂ ਵਾਲੇ ਸ਼ੌਂਕ ਪਛਾਨਣ
ਬੇਪਰਵਾਹ ਕੀ ਪਿਆਰ ਨੂੰ ਜਾਨਣ
ਪਾ ਕੇ ਗੂੜਾ ਪਿਆਰ "ਉਦਾਸੀ"
ਐਵੇਂ ਝੋਰਾ ਲਾ ਲਿਆ ਵੇ
ਉੱਡ ਜਾ ਕਾਵਾਂ ਕਾਲਿਆ ਵੇ...
• • •

## ਦਿੱਲੀਏ ਦਿਆਲਾ ਦੇਖ਼

ਦਿੱਲੀਏ ਦਿਆਲਾ ਦੇਖ਼ ਦੇਗ਼ 'ਚ ਉਬਲਦਾ ਨੀ,
ਤੇਰਾ ਦਿਲ ਨਾ ਠਰੇ ?
ਮਤੀਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਤਾਈਂ ਮਨਮੱਤੀਆਂ ਕਰੇ?

ਲੋਕਾਂ ਦੀਆਂ ਭੁੱਖ਼ਾਂ ਉੱਤੇ ਫ਼ਤਿਹ ਸਾਡੀ ਦੇਗ਼ ਦੀ?
ਅਸੀਂ ਤਾਂ ਆ ਮੌਤ ਦੇ ਚਬੂੱਤਰੇ 'ਤੇ ਆਣ ਖੜੇ?
ਇਹ ਤਾਂ ਭਾਵੇਂ ਖੜੇ ਨਾ ਖੜੇ?

ਤੇਰੇ ਤਾਂ ਪਿਆਦੇ ਨਿਰੇ ਖ਼ੇਤਾਂ ਦੇ ਪ੍ਰੇਤ ਨੀ ?
ਤਿਲਾਂ ਦੀ ਪੂਲੀ ਵਾਂਗੂੰ ਝਾੜ ਲੈਂਦੇ ਖ਼ੇਤ ਨੀ ?
ਸੌਂਦੇ ਨੇ ਘਰੋੜ ਤੇ ਰੜੇ?

ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ?
ਬੜੀ ਛੇਤੀ ਇਹਦੀ ਬਰੀ ਹੋਣ ਦੀ ਉਮੈਦ ਹੈ?
ਪਿੰਡਾ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,
ਤੇਰੇ ਮਹਿਲੀ ਵੜੇ ਕਿ ਵੜੇ?

ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆ ਬੇਓੜ ਨੀਂ?
ਇੱਕ ਦਾ ਤੂੰ ਮੁੱਲ ਭਾਵੇਂ ਰੱਖ ਦੀ ਕਰੌੜ ਨੀ ,
ਸਿੰਘ ਤੈਥੋਂ ਜਾਣੇ ਨਾ ਫੜੇ ?

ਸੱਚ ਮੂਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ ?
ਗੱਲ ਨਹੀਂ ਆਉਂਣੀ ਤੇਰੇ ਝੂਠੇਆਂ ਗਵਾਹਾਂ ਨੂੰ?
ਸੰਗਤ ਦੀ ਸੱਥ ਵਿਚ ਜਦੋਂ ਤੈਨੂੰ ਖ਼ੂਨਣੇ ਨੀ ,
ਲੈ ਕੇ ਫ਼ੌਜੀ ਖ਼ਾਲਸੇ ਖੜੇ?
ਮੈਂ ਅਗਿਆਨੀ ਗਵਾਰ ਹੂੰ, ਬੱਸ ਕਹੂੰ ਤੂੰ-ਤੂੰ....

## ਵਰ ਕਿ ਸਰਾਪ

ਮੇਰੇ ਰੱਬਾ ਜੇ ਮੇਰੇ ਤੇ ਮਿਹਰ ਕਰਦਾ
ਘਰੇ ਕਿਰਤੀ ਦੇ ਦਿੰਦਾ ਨਾ ਜਨਮ ਮੈਨੂੰ
ਇਹ ਵੀ ਗਲਤੀ ਜੇ ਭੁੱਲਕੇ ਹੋ ਗਈ ਸੀ
ਕਾਹਨੂੰ ਦਿੱਤੀ ਸੀ ਕਵਿਤਾ ਤੇ ਕਲਮ ਮੈਨੂੰ
ਕੱਲੀ ਕਲਮ ਜੇ ਹੁੰਦੀ ਤਾਂ ਸਾਰ ਲੈਂਦਾ
ਮੱਲੋ ਮੱਲੀ ਤੂੰ ਅਣਖ਼ ਤੇ ਲਾਜ ਦਿੱਤੀ
ਤੈਨੂੰ ਕਾਵਾਂ ਨੇ ਕਿਹਾ ਜ਼ਰੂਰ ਹੋਣੈ
ਖ਼ਬਰੇ ਕੋਇਲ ਦੀ ਤਾਹੀਂਓ ਆਵਾਜ਼ ਦਿੱਤੀ
ਸੱਚ, ਨਿਮਰਤਾ, ਭੁੱਖ ਤੇ ਦੁੱਖ ਦਿੱਤਾ
ਦਾਤਾਂ ਵਿੱਚ ਜੋ ਤੂੰ ਦਾਤਾਰ ਦਿੱਤਾ
ਤੇਰੀ ਉਦੋਂ ਸ਼ੈਤਾਨੀ ਦਾ ਪਤਾ ਲੱਗੈ
ਜਦੋਂ ਵਿੱਚੇ ਤੂੰ ਲੋਕਾਂ ਦਾ ਪਿਆਰ ਦਿੱਤਾ
ਲੋਕ ਪਿਆਰ ਦੀ ਗੁੱਥਲੀ ਜੇ ਖੋਲ੍ਹਦਾ ਨਾ
ਕਵਿਤਾ ਕਰਦੀ ਨਾ ਕਦੇ ਖੁਆਰ ਮੈਨੂੰ
ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ
ਤਿੰਨ ਬਾਂਦਰਾਂ ਤੇ ਮਹਾਂਕਾਵਿ ਲਿਖਕੇ
ਹੁਣ ਨੂੰ ਕੋਈ ਕਿਤਾਬ ਛਪਾਈ ਹੁੰਦੀ
ਜਿਹੜੀ ਆਪ ਵਿਕਦੀ ਆਵੇ ਵੇਚ ਲੈਂਦੇ
ਰਹਿੰਦੀ ਵਿੱਚ ਸਕੂਲਾਂ ਲਗਵਾਈ ਹੁੰਦੀ
ਪੱਠੇ ਬਲਦਾਂ ਨੂੰ ਜਦ ਕੋਈ ਕੁੜੀ ਪਾਉਂਦੀ
ਤਵਾ ਸਾਡਾ ਸਪੀਕਰ ਤੇ ਲੱਗ ਜਾਂਦਾ
ਟੈਲੀਵਿਜ਼ਨ 'ਤੇ ਕਿਸੇ ਮੁਟਿਆਰ ਦੇ ਸੰਗ
ਸਾਡੇ ਗਾਉਣ ਦਾ ਸਮਾਂ ਵੀ ਬੱਝ ਜਾਂਦਾ
ਲੰਡਨ ਵਿੱਚ ਵਿਸਾਖੀ ਦੀ ਸਾਈ ਹੁੰਦੀ
ਪੈਰ ਧੋਣੇ ਸੀ ਸਾਡੇ ਧਨਵੰਤੀਆਂ ਨੇ
ਗੱਫ਼ਾ ਦੇਗ ਦਾ ਪੰਜਾ ਪਿਆਰਿਆਂ 'ਚੋਂ
ਸਾਨੂੰ ਪਹਿਲਾਂ ਸੀ ਦੇਣਾ ਗ੍ਰੰਥੀਆਂ ਨੇ
ਸਾਡੀ ਲੰਡਨ ਦੀ ਟਿਕਟ ਦੇ ਨਾਲ ਨੱਥੀ
ਸਾਡੀ ਪਤਨੀ ਦਾ ਟਿਕਟ ਵੀ 'ਬਾਂਈਡ' ਹੁੰਦਾ
ਕੱਚੇ ਕੋਠੇ ਵਿੱਚ ਬਾਕੀ ਤਾਂ ਜੰਮ ਲਏ ਸੀ
ਇੱਕ ਬੱਚਾ ਤਾਂ 'ਮੇਡ ਇਨ ਇੰਗਲੈਂਡ' ਹੁੰਦਾ
ਮੇਰੇ ਜਿੰਨੀ ਸੀ ਵਿਹੜੇ ਨੂੰ ਅਕਲ ਕਿੱਥੇ?
ਗੱਲ ਗੱਲ ਤੇ ਸਾਡੀ ਅਗਵਾਈ ਹੁੰਦੀ
ਤੜਕੇ ਕੀਹਦੇ ਹੈ ਘਰੇ ਹਨੇਰ ਪਾਉਣਾ
ਨਾਲ ਪੁਲਸ ਦੇ ਸੀਟੀ ਮਿਲਾਈ ਹੁੰਦੀ
ਘਰੇ ਆਪਣੀ ਨਹੀਂ ਤਾਂ ਕਿਸੇ ਦੀ ਹੀ
ਕਾਰ ਕਦੇ ਕਦਾਈਂ ਹੀ ਖੜੀ ਰਿੰਹਦੀ
ਨਾਲੇ ਵਿਹੜੇ ਦੀਆਂ ਭੰਗਣਾਂ ਸ਼ੀਰਨਾਂ ਵਿੱਚ
ਸਾਡੀ ਤੀਵੀਂ ਦੀ ਗੁੱਡੀ ਵੀ ਚੜ੍ਹੀ ਰਹਿੰਦੀ
ਲੋਕ ਪਿਆਰ ਦਾ ਕੇਹਾ ਤੈਂ ਵਰ ਦਿੱਤੈ
ਕਿ ਸਾਡੇ ਲੱਗੀ ਸਰਾਪਾਂ ਦੀ ਝੜੀ ਰਹਿੰਦੀ
ਲੈ ਕੇ ਕੱਫ਼ਣ ਸਰਹਾਣੇਂ ਹਾਂ ਨਿੱਤ ਸੌਂਦੇ

## ਚੋਣਾਂ, ਲੋਕ ਮੁੱਦੇ ਅਤੇ ਜ਼ਮੀਨੀ ਹਕੀਕਤਾਂ

(ਸ.ਫਾ 24 ਦੀ ਬਾਕੀ)

ਤਨਖ਼ਾਹਾਂ ਲੈਣ ਲਈ ਮੁਲਾਜ਼ਮਾਂ ਨੂੰ ਧਰਨੇ ਮੁਜਾਹਰੇ ਕਰਨੇ ਪੈਂਦੇ ਹਨ ਪਰ ਸਰਕਾਰ ਵੱਲੋਂ ਕਿਹਾ ਜਾਂਦਾ ਹੈ ਕਿ ਖ਼ਜ਼ਾਨਾ ਖਾਲੀ ਹੋਣ ਦੀਆਂ ਖ਼ਬਰਾਂ ਬੇਬੁਨਿਆਦ ਹਨ। ਕਿਸਾਨ ਕਰਜ਼ਿਆਂ ਤੋਂ ਤੰਗ ਆ ਕੇ ਖ਼ੁਦਕਸ਼ੀਆਂ ਕਰ ਰਹੇ ਹਨ। ਪਹਿਲਾਂ ਰੋਜ਼ਾਨਾ ਇੱਕ ਕਿਸਾਨ ਕਰਜ਼ੇ ਤੋਂ ਤੰਗ ਆ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਦਾ ਸੀ ਹੁਣ ਇਹ ਗਿਣਤੀ ਰੋਜ਼ਾਨਾ 2-3 ਜਾਂ ਕਦੇ ਕਦੇ ਚਾਰ ਤਕ ਵੀ ਪਹੁੰਚ ਗਈ ਹੈ। ਜ਼ਿਆਦਾਤਰ ਆਤਮਹੱਤਿਆਵਾਂ ਮਾਲਵਾ ਖੇਤਰ ਦੇ ਕਿਸਾਨ ਕਰ ਹਰੇ ਹਨ ਪਰ ਸਰਕਾਰ ਮਰਨ ਵਾਲੇ ਕਿਸਾਨਾਂ ਲਈ ਕੁਝ ਮੁਆਵਜ਼ੇ ਦਾ ਐਲਾਨ ਕਰਦੀ ਹੈ। ਜੋ ਮਰਨ ਦੀ ਸਥਿਤੀ ਵਿੱਚ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡਿਆ ਹੋਇਆ ਹੈ। ਕੀ ਸਰਕਾਰ ਵੱਲੋਂ ਖ਼ੁਦਕਸ਼ੀਆਂ ਦੇ ਰੁਝਾਨ ਨੂੰ ਰੋਕਣ ਲਈ ਫੌਰੀ ਉਨ੍ਹਾਂ ਕਿਸਾਨਾਂ ਨੂੰ ਰਾਹਤ ਦੇਣ ਦੀ ਲੋੜ ਨਹੀਂ? ਦਰਿਆ ਪ੍ਰਦੂਸ਼ਣ ਨਾਲ ਪਲੀਤ ਹੋ ਗਏ ਹਨ। ਇਨ੍ਹਾਂ ਦਾ ਗੰਦਾ ਪਾਣੀ ਪੀਣ ਵਾਲੇ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸਨਅਤਾਂ ਅਤੇ ਸ਼ਹਿਰਾਂ ਦੇ ਸੀਵਰੇਜ ਦੇ ਪ੍ਰਦੂਸ਼ਿਤ ਪਾਣੀਆਂ ਨੂੰ ਇਨ੍ਹਾਂ ਵਿੱਚ ਪੈਣ ਤੋਂ ਰੋਕਣ ਦੀ ਲੋੜ ਹੈ ਪਰ ਕੀਤਾ ਕੁਝ ਨਹੀਂ ਜਾ ਰਿਹਾ। ਹਵਾ ਮਿੱਟੀ ਅਤੇ ਪਾਣੀ ਦੇ ਪ੍ਰਦੂਸ਼ਣ ਨਾਲ ਬਿਮਾਰੀਆਂ ਭਿਆਨਕ ਰੂਪ ਅਖਤਿਆਰ ਕਰ ਰਹੀਆਂ ਹਨ। ਬਿਮਾਰੀਆਂ ਦੇ ਕਾਰਨਾਂ ਨੂੰ ਦੂਰ ਕਰਨ ਦੀ ਲੋੜ ਹੈ ਪਰ ਹਸਪਤਾਲਾਂ ਲਈ ਦਵਾਈਆਂ, ਮਸ਼ੀਨਾਂ ਅਤੇ ਡਾਕਟਰਾਂ ਦੀ ਉਡੀਕ ਹਰ ਦਿਨ ਲੰਮੀ ਹੋ ਰਹੀ ਹੈ। ਗ਼ਲਤ ਢੰਗ ਦੀ ਖੇਤੀ ਸਬੰਧੀ ਨੀਤੀ ਨੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਨੀਵਾਂ ਕਰਨ ਦੇ ਨਾਲ ਨਾਲ ਪਲੀਤ ਵੀ ਕਰ ਦਿੱਤਾ ਹੈ। ਪਾਣੀ ਪੀਣ ਯੋਗ ਨਹੀਂ ਰਿਹਾ ਇਸ ਸਬੰਧੀ ਸੁਧਾਰ ਕਰਨ ਦਾ ਕਿਤੇ ਕੋਈ ਉਪਰਾਲਾ ਨਹੀਂ ਹੋ ਰਿਹਾ ਆਰ ਓ ਸਿਸਟਮ ਲਾਉਣ ਦੇ ਕੰਮ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਦੋਂਕਿ ਵੱਧ ਲੋੜ ਇਹ ਸੀ ਕਿ ਧਰਤੀ ਹੇਠਲੇ ਪਾਣੀ ਦੀ ਗੁਣਵਤਾ ਵਿੱਚ ਸੁਧਾਰ ਲਿਆਉਣ ਲਈ ਸਾਕਾਰਾਤਮਿਕ ਕਦਮ ਚੁੱਕੇ ਜਾਂਦੇ।

ਪੰਜਾਬ ਵਿੱਚ ਚੋਣਾਂ ਹਾਲੇ ਨੌਂ ਮਹੀਨਿਆਂ ਨੂੰ ਹੋਣੀਆਂ ਹਨ ਪਰ ਇਸ ਲਈ ਮਾਹੌਲ ਹੁਣੇ ਤੋਂ ਭਖ ਗਿਆ ਹੈ। ਸਾਰੀਆਂ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਆਰੰਭ ਦਿੱਤੀਆਂ ਹਨ। ਅੱਜ ਸਾਡਾ ਸਮਾਜ ਕਈ ਅਤਿ ਗੰਭੀਰ ਮਸਲਿਆਂ ਦੇ ਸਨਮੁਖ ਹੈ ਜਿਨ੍ਹਾਂ ਦੇ ਹੱਲ ਫੌਰੀ ਤਲਾਸ਼ੇ ਜਾਣ ਦੀ ਲੋੜ ਹੈ। ਸਰਕਾਰ ਨੂੰ ਆਵਾਮ ਦੀਆਂ ਸਮੱਸਿਆਵਾਂ ਪ੍ਰਤੀ ਸਾਕਾਰਾਤਮਿਕ ਭੂਮਿਕਾ ਨਿਭਾਉਣ ਦੀ ਲੋੜ ਹੈ। ਵਿਰੋਧੀ ਧਿਰਾਂ ਨੂੰ ਇਨ੍ਹਾਂ ਸਮੱਸਿਆਵਾਂ ਪ੍ਰਤੀ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਹਰ ਤਰ੍ਹਾਂ ਦੇ ਹੀਲੇ ਜੁਟਾਉਣ ਦੀ ਲੋੜ ਹੈ ਪਰ ਨੇਤਾਵਾਂ ਦੀਆਂ ਇੱਕ ਦੂਜੇ ਪ੍ਰਤੀ ਨਿੱਜੀ ਦੂਸ਼ਣਬਾਜ਼ੀਆਂ, ਦਲ ਬਦਲੀਆਂ, ਰੈਲੀਆਂ ਦੇ ਮਾਹੌਲ ਵਿੱਚ ਲੋਕ ਸਮੱਸਿਆਵਾਂ ਹਾਸ਼ੀਏ 'ਤੇ ਜਾ ਰਹੀਆਂ ਹਨ। ਵਕਤ ਦੀ ਮੰਗ ਹੈ ਕਿ ਕੇਵਲ ਵੋਟਾਂ ਲਈ ਨਿੱਕੀਆਂ ਨਿੱਕੀਆਂ ਗਰਾਂਟਾਂ ਖ਼ੈਰਾਤਾਂ ਵਾਂਗ ਦੇਣ ਦੇ ਪ੍ਰੋਗਰਾਮਾਂ ਨੂੰ ਛੱਡ ਦਿੱਤਾ ਜਾਵੇ। ਹਾਕਮ ਅਤੇ ਨੇਤਾ 'ਗੰਜਿਆਂ ਨੂੰ ਕੰਘੇ ਵੰਡਣ' ਦੀ ਤਰਜ਼ 'ਤੇ ਕੰਮ ਨਾ ਕਰਨ ਸਗੋਂ ਲੋਕਾਂ ਦੀਆਂ ਸਮੱਸਿਆਵਾਂ ਦੀਆਂ ਜੜ੍ਹਾਂ ਦੀ ਤਲਾਸ਼ ਕਰਨ ਅਤੇ ਉਹ ਪ੍ਰੋਗਰਾਮ ਦੇਣ ਜੋ ਦੇਸ਼ ਅਤੇ ਸਮਾਜ ਨੂੰ ਅੱਗੇ ਲੈ ਕੇ ਜਾਣ। ਲੋਕ ਪੱਖੀ ਯੋਜਨਾਵਾਂ ਨਾਲ ਹੀ ਲੋਕਾਂ ਅਤੇ ਦੇਸ਼ ਦਾ ਭਵਿੱਖ ਉਜਲਾ ਹੋ ਸਕਦਾ ਹੈ।

ਸੁਆਲ-ਸੰਵਾਦ

# ਚੰਨ ਉੱਤੇ ਖ਼ਰੀਦੀ ਜ਼ਮੀਨ ਦੀਆਂ ਕੰਧਾਂ ਉੱਤੇ ਲੱਗੀਆਂ ਫ਼ਰਦਾਂ

**ਦਲਜੀਤ ਅਮੀ**

ਕੁਝ ਸਾਲ ਪਹਿਲਾਂ ਪੰਜਾਬੀ ਅਖ਼ਬਾਰਾਂ ਵਿੱਚ ਚੰਨ ਉੱਤੇ ਜ਼ਮੀਨ ਖ਼ਰੀਦਣ ਦੀ ਖ਼ਬਰ ਛਪੀ। ਇੱਕ ਖ਼ਬਰ ਛਪ ਜਾਣ ਤੋਂ ਬਾਅਦ ਇਸੇ ਤਰਜ਼ ਦੀਆਂ ਖ਼ਬਰਾਂ ਪਟਿਆਲਾ, ਬਠਿੰਡਾ ਅਤੇ ਮਾਨਸਾ ਇਲਾਕਿਆਂ ਤੋਂ ਛਪੀਆਂ। ਖ਼ਬਰਾਂ ਵਿੱਚ ਸਿਰਫ਼ ਚੰਨ ਉੱਤੇ ਜ਼ਮੀਨ ਖ਼ਰੀਦਣ ਵਾਲੇ ਦਾ ਦਾਅਵਾ ਹੁੰਦਾ ਸੀ ਕਿ ਉਸ ਨੇ ਕਿੰਨੇ ਪੈਸੇ ਵਿੱਚ ਸੌਦਾ ਕੀਤਾ ਹੈ। ਇਨ੍ਹਾਂ ਖ਼ਬਰਾਂ ਵਿੱਚ ਜ਼ਮੀਨਾਂ ਖ਼ਰੀਦਣ ਵਾਲੇ ਅਮੀਰਜ਼ਾਦੇ ਨਹੀਂ ਸਨ ਅਤੇ ਨਾ ਹੀ ਵਪਾਰੀ ਸਨ। ਇਹ ਚੰਨ ਉੱਤੇ ਜਾਣ ਦੀ ਇੱਛਾ ਰੱਖਣ ਵਾਲੇ ਆਮ ਲੋਕ ਸਨ। ਇਨ੍ਹਾਂ ਖ਼ਬਰਾਂ ਨੂੰ ਲਿਖਣ ਵਾਲੇ ਪੱਤਰਕਾਰਾਂ ਅਤੇ ਛਾਪਣ ਵਾਲੇ ਸੰਪਾਦਕਾਂ ਨੇ ਇਹ ਪੁੱਛਣ ਦੀ ਲੋੜ ਹੀ ਨਹੀਂ ਸਮਝੀ ਕਿ ਜ਼ਮੀਨ ਕੌਣ ਵੇਚ ਰਿਹਾ ਹੈ ਅਤੇ ਕਿਵੇਂ ਖ਼ਰੀਦੀ ਜਾ ਰਹੀ ਹੈ? ਇਸ ਜ਼ਮੀਨ ਦੀ ਨਿਸ਼ਾਨਦੇਹੀ ਕੌਣ ਕਰਦਾ ਹੈ ਅਤੇ ਖ਼ਰੀਦਾਰ ਸੌਦੇ ਦੀ ਤਸਦੀਕ ਕਿਵੇਂ ਕਰਦੇ ਹਨ?

ਇਸ ਤੋਂ ਕੁਝ ਸਮੇਂ ਬਾਅਦ ਹਾਲੈਂਡ ਦੇ ਇੱਕ ਅਦਾਰੇ ਨੇ ਮੰਗਲ ਗ੍ਰਹਿ ਉੱਤੇ ਜਾਣ ਦੀ ਇੱਛਾ ਰੱਖਣ ਵਾਲਿਆਂ ਤੋਂ ਅਰਜ਼ੀਆਂ ਮੰਗੀਆਂ ਸਨ। ਇਹ ਯਾਤਰਾ ਦਾ ਇਸ਼ਤਿਹਾਰ ਨਹੀਂ ਸੀ ਸਗੋਂ ਸਿਰਫ਼ ਮੰਗਲ ਗ੍ਰਹਿ ਉੱਤੇ ਜਾਣ ਅਤੇ ਵਸਣ ਦਾ ਵਾਅਦਾ ਸੀ। ਜਾਣ ਵਾਲੇ ਨੇ ਵਾਪਸ ਕਦੇ ਨਹੀਂ ਆਉਣਾ ਸੀ। ਇਸ਼ਤਿਹਾਰ ਵਿੱਚ ਦਾਅਵਾ ਸੀ ਕਿ ਮੰਗਲ ਗ੍ਰਹਿ ਉੱਤੇ ਬਸਤੀਆਂ ਵਸਾਈਆਂ ਜਾਣ ਵਾਲੀਆਂ ਹਨ। ਦੂਜੇ ਗ੍ਰਹਿ ਉੱਤੇ ਜਾ ਕੇ ਵਸਣ ਵਾਲਿਆਂ ਲਈ ਸਫ਼ਰ ਅਤੇ ਵਸੇਬੇ ਦਾ ਪੂਰਾ ਨਕਸ਼ਾ ਦਿੱਤਾ ਗਿਆ ਸੀ। ਇਹ ਇਸ਼ਤਿਹਾਰ ਵਿਗਿਆਨੀਆਂ, ਇਤਿਹਾਸਕਾਰਾਂ, ਸਮਾਜ-ਸ਼ਾਸਤਰੀਆਂ ਅਤੇ ਮਨੁੱਖੀ ਮਨ ਦੀ ਥਾਹ ਪਾਉਣ ਵਿੱਚ ਲੱਗੇ ਮਨੋਵਿਗਿਆਨ ਦੇ ਮਾਹਰਾਂ ਦੀ ਦਿਲਚਸਪੀ ਦਾ ਸਬੱਬ ਬਣਿਆ ਸੀ। ਇਸੇ ਇਸ਼ਤਿਹਾਰ ਦੇ ਹਵਾਲੇ ਨਾਲ ਕਈ ਲੇਖਕਾਂ ਨੇ ਕਵਿਤਾਵਾਂ, ਕਹਾਣੀਆਂ ਅਤੇ ਲੇਖ ਲਿਖੇ। ਕੁਝ ਫ਼ਿਲਮਸਾਜ਼ਾਂ ਨੇ ਇਸ ਉੱਤੇ ਫ਼ਿਲਮਾਂ ਬਣਾਈਆਂ। ਜੇ ਇਤਿਹਾਸਕਾਰ ਇਸ ਨੂੰ ਮਨੁੱਖ ਦੇ ਸਾਮਰਾਜੀ ਇਤਿਹਾਸ ਨਾਲ ਜੋੜ ਕੇ ਦੇਖਦੇ ਸਨ ਤਾਂ ਲੇਖਕਾਂ ਦੀਆਂ ਕਾਵਿਕ ਉਡਾਨਾਂ ਆਪਣੀ ਥਾਂ ਰੱਖਦੀਆਂ ਸਨ। ਅਰਜ਼ੀਆਂ ਦੇਣ ਵਾਲਿਆਂ ਨੇ ਆਪਣੀ ਲੋੜੀਂਦੀ ਤਫ਼ਸੀਲ ਇਸ਼ਤਿਹਾਰ ਦੇਣ ਵਾਲੇ ਅਦਾਰੇ ਨੂੰ ਦੇਣੀ ਸ਼ੁਰੂ ਕਰ ਦਿੱਤੀ। ਜਿਨ੍ਹਾਂ ਘਰਾਂ ਦੇ ਸਾਕ-ਸਨੇਹੀ ਮੰਗਲ ਗ੍ਰਹਿ ਦੇ ਸਦੀਵੀ ਸਫ਼ਰ ਉੱਤੇ ਜਾਣਾ ਚਾਹੁੰਦੇ ਸਨ ਉਨ੍ਹਾਂ ਦੀਆਂ ਸੋਚਾਂ ਅਖ਼ਬਾਰਾਂ ਦੀਆਂ ਖ਼ਬਰਾਂ ਬਣੀਆਂ। ਇੰਟਰਨੈੱਟ ਰਾਹੀਂ ਹੁੰਦੀ ਚੋਣ ਨੇ ਕਈ ਪੜਾਅ ਪਾਰ ਕੀਤੇ ਅਤੇ ਅਰਜ਼ੀਆਂ ਰੱਦ ਹੋਣੀਆਂ ਸ਼ੁਰੂ ਹੋ ਗਈਆਂ। ਇਹ ਖ਼ਬਰ ਕਦੇ ਨਹੀਂ ਆਈ ਕਿ ਹੁਣ ਕਿੰਨੀਆਂ ਅਰਜ਼ੀਆਂ ਬਚੀਆਂ ਹਨ ਅਤੇ ਕਿੰਨੇ ਲੋਕ ਮੰਗਲ ਗ੍ਰਹਿ ਉੱਤੇ ਜਾ ਰਹੇ ਹਨ। ਇਸ਼ਤਿਹਾਰ ਵਿੱਚ ਮੰਗਲ ਗ੍ਰਹਿ ਉੱਤੇ ਜਾਣ ਦਾ ਸਾਲ 2023 ਦੱਸਿਆ ਗਿਆ ਸੀ। ਅਰਜ਼ੀਆਂ ਦੇਣ ਵਾਲੇ ਲੋਕਾਂ ਦੇ ਤੰਦਰੁਸਤ ਹੋਣ ਦੀ ਤਵੱਕੋ ਕੀਤੀ ਜਾਂਦੀ ਸੀ ਇਸ ਲਈ ਅਰਜ਼ੀਆਂ ਭਾਵੇਂ ਰੱਦ ਹੋ ਗਈਆਂ ਪਰ ਜ਼ਿਆਦਾਤਰ ਲੋਕਾਂ ਨੇ ਆਪਣੀਆਂ ਸਿਹਤਾਂ ਠੀਕ ਕਰ ਲਈਆਂ।

ਚੰਨ ਉੱਤੇ ਜ਼ਮੀਨ ਖ਼ਰੀਦਣ ਵਾਲਿਆਂ ਕੋਲ ਉਨ੍ਹਾਂ ਦੀ ਜ਼ਮੀਨ ਦੀਆਂ ਫ਼ਰਦਾਂ ਪਹੁੰਚੀਆਂ ਸਨ। ਫ਼ਰਦਾਂ ਉੱਤੇ ਰਕਬਾ ਅਤੇ ਮਾਲਕ ਦਾ ਨਾਮ ਦਰਜ ਸੀ। ਸਰਸਰੀ ਖੋਜ ਤੋਂ ਬਾਅਦ ਚੰਨ ਉੱਤੇ ਜ਼ਮੀਨ ਵੇਚਣ ਵਾਲਿਆਂ ਦੀਆਂ ਵੈੱਬਸਾਈਟਾਂ ਇੰਟਰਨੈੱਟ ਉੱਤੇ ਲੱਭ ਜਾਂਦੀਆਂ ਹਨ। ਇਨ੍ਹਾਂ ਦਾ ਦਾਅਵਾ ਹੈ ਕਿ ਬਿਲਕੁਲ ਅਸਲ ਜਾਪਦੀ ਫ਼ਰਦ ਖ਼ਰੀਦਾਰ ਦਾ ਨਾਮ ਦਰਜ ਕਰ ਕੇ ਭੇਜੀ ਜਾਵੇਗੀ। ਇਸ ਫ਼ਰਦ ਨੂੰ ਆਪਣੇ ਘਰ ਜਾਂ ਦਫ਼ਤਰ ਦੀ ਕੰਧ ਉੱਤੇ ਸਜਾਇਆ ਜਾ ਸਕਦਾ ਹੈ। ਵੈੱਬਸਾਈਟਾਂ ਉੱਤੇ ਦਰਜ ਸੀ ਕਿ ਖ਼ਰੀਦਾਰ ਨੂੰ ਜ਼ਮੀਨ ਦਾ ਮਾਲਕ ਹੋਣ ਦਾ ਅਹਿਸਾਸ ਹੁੰਦਾ ਹੈ ਅਤੇ ਕੰਧ ਉੱਤੇ ਲੱਗੀ ਫ਼ਰਦ ਦੇਖ ਕੇ ਆਉਣ-ਜਾਣ ਵਾਲਾ ਪੁੱਛ-ਗਿੱਛ ਕਰਦਾ ਹੈ। ਪੰਜਾਬੀ ਅਖ਼ਬਾਰਾਂ ਵਾਲਿਆਂ ਨੇ ਪਹਿਲੇ ਪੰਨੇ ਉੱਤੇ ਖ਼ਬਰਾਂ ਛਾਪ ਕੇ ਇਹ ਸਾਬਤ ਕਰ ਦਿੱਤਾ ਕਿ ਵੈੱਬਸਾਈਟਾਂ ਵਾਲਿਆਂ ਦਾ ਦਾਅਵਾ ਠੀਕ ਹੈ। ਫ਼ਰਦਾਂ ਦੀ ਪੁੱਛ-ਗਿੱਛ ਕਰਦੇ ਪੱਤਰਕਾਰਾਂ ਨੇ ਵੈੱਬਸਾਈਟਾਂ ਉੱਤੇ ਸਰਸਰੀ ਨਜ਼ਰ ਤੱਕ ਨਹੀਂ ਮਾਰੀ।

ਇਹ ਦੋ ਕਹਾਣੀਆਂ ਲਿਖਣ ਦਾ ਮਕਸਦ ਸਿਰਫ਼ ਪਾਠਕ ਨੂੰ ਇੰਟਰਨੈੱਟ ਉੱਤੇ ਇਨ੍ਹਾਂ ਦੀ ਤਸਦੀਕ ਕਰਨ ਲਈ ਉਕਸਾਉਣਾ ਨਹੀਂ ਹੈ। ਲੇਖ ਦਾ ਮੁੱਖ ਮਕਸਦ ਤਾਂ ਇਹ ਸੁਆਲ ਪੁੱਛਣਾ ਹੈ ਕਿ ਪੰਜਾਬ ਦੇ ਸਿਆਸਤਦਾਨਾਂ ਅਤੇ ਇਨ੍ਹਾਂ ਵੈੱਬਸਾਈਟਾਂ ਵਾਲਿਆਂ ਦਾ ਆਪਸ ਵਿੱਚ ਕੀ ਰਿਸ਼ਤਾ ਹੈ? ਇਨ੍ਹਾਂ ਵਿੱਚੋਂ ਗੁਰੂ ਕੌਣ ਅਤੇ ਚੇਲਾ ਕੌਣ ਹੈ?

ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਲਈ ਖ਼ਰੀਦੀ ਗਈ ਜ਼ਮੀਨ ਕਿਸਾਨਾਂ ਨੂੰ ਮੋੜਨ ਦਾ ਫ਼ੈਸਲਾ ਕਰ ਦਿੱਤਾ। ਨਹਿਰ ਨੂੰ ਪੂਰਨ ਲਈ ਕਾਂਗਰਸੀਆਂ ਅਤੇ ਅਕਾਲੀਆਂ ਨੇ ਦੌੜ ਲਗਾ ਦਿੱਤੀ। ਆਮ ਆਦਮੀ ਪਾਰਟੀ ਨੇ ਬਿਆਨ ਦਾਗ਼ ਦਿੱਤਾ। ਅਗਲੇ ਦਿਨ ਸਰਵਉੱਚ ਅਦਾਲਤ ਨੇ ਇਸ ਨਹਿਰ ਨੂੰ ਜਿਉਂ ਦਾ ਤਿਉਂ ਰੱਖਣ ਦਾ ਹੁਕਮ ਜਾਰੀ ਕਰ ਦਿੱਤਾ। ਇਸ ਦੌਰਾਨ ਟੈਲੀਵਿਜ਼ਨ ਚੈਨਲਾਂ, ਅਖ਼ਬਾਰਾਂ, ਵਿਦਵਾਨਾਂ ਅਤੇ ਫੇਸਬੁੱਕੀਆਂ ਨੇ ਇਹ ਸੁਆਲ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ ਜਾਂ ਨਹੀਂ? ਇਤਿਹਾਸ ਅਤੇ ਅੰਕੜਿਆਂ ਦੇ ਹਵਾਲਿਆਂ ਨਾਲ ਦਲੀਲ ਦਰ ਦਲੀਲ ਸ਼ੁਰੂ ਹੋ ਗਈ। ਸਰਕਾਰੀ ਸਰਪ੍ਰਸਤੀ ਵਾਲੇ ਨਿੱਜੀ ਚੈਨਲ ਨੇ ਕਿਸਾਨਾਂ ਦੀ ਖ਼ੁਸ਼ੀ ਅਤੇ ਅਕਾਲੀ ਦਲ ਦੀ ਪ੍ਰਾਪਤੀ ਉੱਤੇ ਵਧਾਈ ਦੀਆਂ ਖ਼ਬਰਾਂ ਨਸ਼ਰ ਕੀਤੀਆਂ। ਵਿਧਾਨ ਸਭਾ ਵਿੱਚ ਇੱਕ ਵੀ ਦਲੀਲਮੰਦ ਫਿਕਰੇ ਦਾ ਹਿੱਸਾ ਪਾਉਣ ਤੋਂ ਮੁਨਕਰ ਕਾਂਗਰਸ ਨੇ ਸਿੱਧੇ ਫਿਕਰਿਆਂ ਵਿੱਚ ਬਿਆਨ ਦਿੱਤਾ। ਬਿਆਨ ਮੁਤਾਬਕ ਇਸ ਮਾਮਲੇ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਹਿਤੈਸ਼ੀ ਅਮਰਿੰਦਰ ਸਿੰਘ ਹੈ ਜਿਸ ਨੇ ਪਾਣੀਆਂ ਵਾਲੇ ਸਾਰੇ ਸਮਝੌਤੇ ਰੱਦ ਕੀਤੇ ਸਨ।

ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਸਦਾ ਸੁੱਕੀ ਰਹਿਣ ਵਾਲਾ ਖ਼ਿਤਾਬ ਸੁਖਾਲਾ ਹੀ ਮਿਲ ਸਕਦਾ ਹੈ। ਜਿਸ ਨਹਿਰ ਵਿੱਚ ਕਦੇ ਸੇਮ ਅਤੇ ਹੜ੍ਹ ਤੋਂ ਬਿਨਾਂ ਪਾਣੀ ਨਹੀਂ ਆਇਆ ਉਸ ਨੂੰ ਪੂਰ ਕੇ ਕੋਈ ਪਾਣੀ ਕਿਵੇਂ ਬਚਾ ਸਕਦਾ ਹੈ? ਸੇਮ ਅਤੇ ਹੜ੍ਹ ਦੇ ਪਾਣੀ ਨੂੰ ਲੇਖੇ ਲਗਾਉਣ ਦੀ ਸਿੱਕੇਬੰਦ ਵਿਉਂਤਬੰਦੀ ਪੰਜਾਬ ਸਰਕਾਰ ਜਾਂ ਪੰਜਾਬੀ ਸਿਆਸਤ ਨੇ ਕਦੇ ਪੇਸ਼ ਹੀ ਨਹੀਂ ਕੀਤੀ। ਨਹਿਰੀ ਪਾਣੀਆਂ ਦੇ ਹਵਾਲੇ ਨਾਲ ਜੋੜ ਕੇ ਪੰਜਾਬ ਨਾਲ ਹੋਈਆਂ ਵਧੀਕੀਆਂ ਅਤੇ ਇਨ੍ਹਾਂ ਵਧੀਕੀਆਂ ਖ਼ਿਲਾਫ਼ ਦਿੱਤੀਆਂ ਕੁਰਬਾਨੀਆਂ ਦੀਆਂ ਲੰਮੀਆਂ ਫਹਿਰਿਸਤਾਂ ਵਿਦਵਾਨਾਂ ਕੋਲ ਹਨ। ਇਸੇ ਤਰ੍ਹਾਂ ਅਦਾਲਤੀ ਕਾਰਵਾਈਆਂ, ਫ਼ੈਸਲਿਆਂ ਅਤੇ ਪਾਣੀ ਉੱਤੇ ਦਾਅਵੇਦਾਰੀ ਦੀਆਂ ਦਲੀਲਾਂ ਹਨ। ਇਨ੍ਹਾਂ ਸਾਰੇ ਤੱਥਾਂ ਦੀ ਆਪਣੀ ਅਹਿਮੀਅਤ ਹੈ ਪਰ ਵਿਧਾਨ ਸਭਾ ਦਾ ਮੌਜੂਦਾ ਫ਼ੈਸਲਾ ਉਸ ਬਹਿਸ ਦੀ ਕੜੀ ਕਿਵੇਂ ਬਣਦਾ ਹੈ?

ਸ਼੍ਰੋਮਣੀ ਅਕਾਲੀ ਦਲ ਦੇ ਇਸੇ ਮੁੱਖ ਮੰਤਰੀ ਨੇ ਇਸ ਨਹਿਰ ਦੀ ਪ੍ਰਵਾਨਗੀ ਉੱਤੇ ਦਸਤਖ਼ਤ ਕੀਤੇ ਸਨ। ਹਰਿਆਣੇ ਵਿੱਚੋਂ ਇਨੈਲੋ ਪੰਜਾਬ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕਰ ਰਹੀ ਹੈ ਅਤੇ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ 'ਕਦੇ ਨਾ ਟੁੱਟਣ ਵਾਲਾ' ਗੱਠਜੋੜ ਹੈ। ਭਾਜਪਾ ਪੰਜਾਬ ਸਰਕਾਰ ਦੀ ਭਾਈਵਾਲ ਹੈ ਅਤੇ ਹਰਿਆਣਾ ਸਮੇਤ ਕੇਂਦਰ ਵਿੱਚ ਇਸੇ ਦੀ ਸਰਕਾਰ ਹੈ। ਅਖੰਡ ਭਾਰਤ ਦੀ ਸਭ ਤੋਂ ਵੱਡੀ ਦਾਅਵੇਦਾਰ ਅਤੇ ਸਾਰੀਆਂ ਨਦੀਆਂ ਨੂੰ ਆਪਸ ਵਿੱਚ ਜੋੜਨ ਦੀ ਵਕਾਲਤ ਕਰਨ ਵਾਲੀ ਭਾਜਪਾ ਆਪਣੀ ਕੇਂਦਰੀ ਸਰਕਾਰ ਅਤੇ ਹਾਈਕਮਾਂਡ ਤੋਂ ਮੁਨਕਰ ਕਿਵੇਂ ਹੋ ਸਕਦੀ ਹੈ? ਭਾਜਪਾ ਤਾਂ ਸ਼੍ਰੋਮਣੀ ਅਕਾਲੀ ਦਲ ਵਾਂਗ ਖੇਤਰੀ ਪਾਰਟੀ ਨਹੀਂ ਹੈ ਇਹ ਪਾਣੀ ਦੇ ਮਾਮਲੇ ਵਿੱਚ ਹਰਿਆਣਾ-ਪੰਜਾਬ ਦੇ ਹਵਾਲੇ ਨਾਲ ਆਪਣੀ ਦਲੀਲ ਕਿਵੇਂ ਸਿੱਧੀ ਕਰੇਗੀ?

ਕਾਂਗਰਸ ਜਮਹੂਰੀ ਮੁਲਕ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਪਰ ਇਸ ਵਿੱਚ ਜਮਹੂਰੀਅਤ ਨਾਮ ਦੀ ਕੋਈ ਰਵਾਇਤ ਨਹੀਂ ਹੈ। ਕਾਂਗਰਸੀਆਂ ਨੂੰ ਇਹ ਵੀ ਯਾਦ ਨਹੀਂ ਹੋਣਾ ਕਿ ਕਦੋਂ ਕਿਸੇ ਸੂਬਾ ਜਾਂ ਕੇਂਦਰੀ ਪ੍ਰਧਾਨ ਦੀ ਚੋਣ ਪਾਰਟੀ ਦੇ ਸੰਵਿਧਾਨ ਮੁਤਾਬਕ, ਚੋਣ ਰਾਹੀਂ ਹੋਈ ਸੀ। ਜਿਸ ਪਾਰਟੀ ਦਾ ਹਰ ਫ਼ੈਸਲਾ ਗਾਂਧੀ ਪਰਿਵਾਰ ਕਰਦਾ ਹੋਵੇ ਉਹ ਇਸ ਮਾਮਲੇ ਵਿੱਚ ਗਣਤੰਤਰਵਾਦ ਦੀ ਅਲੰਬਰਦਾਰ ਕਿਵੇਂ ਹੋ ਗਈ? ਕਾਂਗਰਸ ਤਾਂ ਖੇਤਰੀ ਪਾਰਟੀ ਨਹੀਂ ਹੈ ਅਤੇ ਨਾ ਹੀ ਸੂਬਾ ਇਕਾਈ ਕਾਂਗਰਸ ਦੀ ਖ਼ੁਦਮੁਖ਼ਤਿਆਰੀ ਦੀ ਕੋਈ ਮਿਸਾਲ ਪੇਸ਼ ਕਰਦੀ ਹੈ। ਕਾਂਗਰਸ ਦੀ ਕੇਂਦਰੀ ਹਾਈਕਮਾਂਡ ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਦੀਆਂ ਸੂਬਾ ਇਕਾਈਆਂ ਨੂੰ ਇੱਕ ਸਮਝ ਉੱਤੇ ਕਿਵੇਂ ਲਿਆਵੇਗੀ?

ਆਮ ਆਦਮੀ ਪਾਰਟੀ ਨੇ ਇਨਸਾਫ਼ ਦੀ ਮੰਗ ਕੀਤੀ ਹੈ ਅਤੇ ਪਾਣੀ ਉੱਤੇ ਪੰਜਾਬ ਦੀ ਦਾਅਵੇਦਾਰੀ ਪ੍ਰਵਾਨ ਕੀਤੀ ਹੈ। ਇਹ ਪਾਰਟੀ ਦਿੱਲੀ ਵਿੱਚ ਹਰਿਆਣੇ ਦਾ ਪਾਣੀ ਕਿਵੇਂ ਲਵੇਗੀ? ਜੇ ਹਰਿਆਣੇ ਦਾ ਪਾਣੀ ਦਿੱਲੀ ਨੂੰ ਮਿਲਣ ਦੀ ਕੋਈ ਦਲੀਲ ਹੈ ਤਾਂ ਇਸ ਨੂੰ ਪੰਜਾਬ-ਹਰਿਆਣਾ-ਰਾਜਸਥਾਨ ਉੱਤੇ ਕਿਵੇਂ ਲਾਗੂ ਕੀਤਾ ਜਾਵੇਗਾ? ਆਮ ਆਦਮੀ ਪਾਰਟੀ ਦੀ ਅਗਵਾਈ ਤਾਂ ਦਿੱਲੀ ਤੋਂ ਹੀ ਹੁੰਦੀ ਹੈ ਅਤੇ ਅਰਵਿੰਦ ਕੇਜਰੀਵਾਲ ਹੀ ਇੱਕੋ-ਇੱਕ ਆਗੂ ਹੈ। ਇਸ ਪਾਰਟੀ ਦੀ ਪੰਜਾਬ ਇਕਾਈ ਬਾਕੀ ਸਿਆਸੀ ਪਾਰਟੀਆਂ ਬਾਬਤ ਤਾਂ ਕੁਝ ਵੀ ਕਹਿ ਸਕਦੀ ਹੈ ਪਰ ਇਹ ਮਾਮਲਾ ਤਾਂ ਵੱਖਰਾ ਹੈ। ਸਿਆਸੀ ਪਾਰਟੀਆਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਇਹ ਮਸਲੇ ਵਿੱਚ ਇੱਕ-ਦੂਜੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੀਆਂ। ਉਹ ਪੰਜਾਬ ਦੇ ਪਾਣੀ ਨੂੰ ਬਚਾਉਣ ਦਾ ਦਾਅਵਾ ਕਰਦੀਆਂ ਹਨ ਅਤੇ ਪਾਣੀ ਲਈ ਹਰ 'ਕੁਰਬਾਨੀ' ਦੇਣ ਨੂੰ ਤਿਆਰ ਹਨ।

ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਪੂਰਨ ਨਾਲ ਤਾਂ ਬੂੰਦ ਵੀ ਪਾਣੀ ਨਹੀਂ ਬਚਣਾ ਪਰ ਉਂਝ ਸੂਬੇ ਵਿੱਚ ਪਾਣੀ ਦੀ ਹਾਲਤ ਸਭ ਨੂੰ ਪਤਾ ਹੈ। ਹਰ ਸਾਲ ਕੁਝ ਦਿਨਾਂ ਦੇ ਵਕਫ਼ੇ ਨਾਲ ਹੜ੍ਹ ਵੀ ਆਉਂਦਾ ਹੈ ਅਤੇ ਸੋਕਾ ਵੀ ਪੈਂਦਾ ਹੈ। ਪੰਜਾਬ ਦੀਆਂ ਸਰਕਾਰਾਂ ਨੇ ਨਾ ਦਰਿਆਵਾਂ ਦਾ ਪਾਣੀ ਸਾਂਭਿਆ ਹੈ, ਨਾ ਮੀਂਹ ਦਾ ਅਤੇ ਨਾ ਧਰਤੀ ਦੇ ਹੇਠਲਾ। ਇਨ੍ਹਾਂ ਹਾਲਾਤ ਵਿੱਚ ਮੌਜੂਦਾ ਕਾਰਵਾਈ ਦੇ ਹਵਾਲੇ ਨਾਲ ਪਾਣੀ ਦੀ ਚਰਚਾ ਕਰਨਾ ਤਾਂ ਮੰਗਲ ਗ੍ਰਹਿ ਦੀਆਂ ਬਸਤੀਆਂ ਨੂੰ ਸਾਮਰਾਜਵਾਦ ਦੀ ਕੜੀ ਵਜੋਂ ਸਮਝਣ ਵਾਲੀ ਗੱਲ ਹੈ। ਕਿਸਾਨਾਂ ਨੂੰ ਵਾਪਸ ਕੀਤੀਆਂ ਜ਼ਮੀਨਾਂ ਤਾਂ ਚੰਨ ਉੱਤੇ ਖ਼ਰੀਦੀ ਜ਼ਮੀਨ ਦੀਆਂ ਫਰਦਾਂ ਜਿੰਨੀਆਂ ਦਰਸ਼ਣੀ ਵੀ ਨਹੀਂ ਹਨ। ਇਨ੍ਹਾਂ ਦੀ ਕਿਹੜੀ ਫ਼ਰਦ ਕੋਈ ਕੰਧ ਉੱਤੇ ਲਗਾਵੇਗਾ? ਦਰਅਸਲ ਇਨ੍ਹਾਂ ਜ਼ਮੀਨਾਂ ਦੀ ਫ਼ਰਦ ਸਿਆਸੀ ਪਾਰਟੀਆਂ ਦੇ ਚੋਣ-ਮਨੋਰਥ ਪੱਤਰਾਂ ਦੀ ਕੰਧ ਉੱਤੇ ਹੀ ਸਜਦੀ ਹੈ। ਮੌਜੂਦਾ ਦੌਰ ਵਿੱਚ ਸਿਆਸੀ ਪਾਰਟੀਆਂ ਦੀ ਸੰਜੀਦਗੀ ਸ਼ਰੇਆਮ ਬੇਪਰਦ ਹੋਈ ਹੈ। ਸੁਆਲ ਤਾਂ ਇਹ ਪੁੱਛਣਾ ਬਣਦਾ ਹੈ ਕਿ ਕਦੇ ਕੋਈ ਸਿਆਸੀ ਧਿਰ ਪੰਜਾਬ ਦੇ ਮਸਲਿਆਂ ਵਾਸਤੇ ਸੰਜੀਦਾ ਰਹੀ ਵੀ ਹੈ। ਮੌਕੇ ਦੇ ਗਵਾਹਾਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਵਿੱਚ ਪਾੜਾ ਸਦਾ ਰਿਹਾ ਹੈ। ਇਹ ਸੁਆਲ ਕਦੇ ਨਹੀਂ ਪੁੱਛਿਆ ਜਾਂਦਾ ਕਿ ਕਪੂਰੀ ਵਾਲੇ ਮੋਰਚੇ ਦੀ ਨਾਕਾਮਯਾਬੀ ਧਰਮ ਯੁੱਧ ਮੋਰਚੇ ਵਿੱਚ ਕਿਵੇਂ ਅਤੇ ਕਿਉਂ ਤਬਦੀਲ ਹੁੰਦੀ ਹੈ? ਹੁਣ ਵੀ ਇਹ ਸੋਚਣਾ ਬਣਦਾ ਹੈ ਕਿ ਪੰਜਾਬ ਦੇ ਪਾਣੀਆਂ ਦੇ ਨਾਮ ਉੱਤੇ ਕੀਤੀ ਪਹਿਲਕਦਮੀ ਦਾ ਮਸਲਾ ਸਤਲੁਜ-ਯਮੁਨਾ ਲਿੰਕ ਨਹਿਰ ਤੋਂ ਕਿਸ ਪਾਸੇ ਜਾਵੇਗਾ? ਇਹ ਸ਼੍ਰੋਮਣੀ ਅਕਾਲੀ ਦਲ ਦੀ ਆਪਣੇ ਸਿੱਖ ਹਮਾਇਤੀਆਂ ਨੂੰ ਲਾਮਬੰਦ ਕਰਨ ਦਾ ਮੁੱਢਲਾ ਕਦਮ ਕਿਉਂ ਨਹੀਂ ਹੈ? ਇਹ ਕਾਂਗਰਸ ਦੀ ਵਿਧਾਨ ਸਭਾ ਵਿੱਚ ਨਾਕਸ ਕਾਰਗੁਜ਼ਾਰੀ ਉੱਤੇ ਪਰਦਾ ਪਾਉਣ ਦੀ ਮਸ਼ਕ ਕਿਉਂ ਨਹੀਂ ਹੈ? ਇਹ ਆਮ ਆਦਮੀ ਪਾਰਟੀ ਦੀ ਦੋਚਿਤੀ ਦਾ ਪ੍ਰਗਟਾਵਾ ਕਿਉਂ ਨਹੀਂ ਹੈ? ਇਸ ਸਿਆਸੀ ਗ਼ੈਰ-ਸੰਜੀਦਗੀ ਵਿੱਚ ਕਿਸੇ ਮਸਲੇ ਉੱਤੇ ਸੰਜੀਦਾ ਚਰਚਾ ਕਿਵੇਂ ਹੋ ਸਕਦੀ ਹੈ? ਗ਼ੈਰ-ਸੰਜੀਦਾ ਕਾਰਵਾਈਆਂ ਦੇ ਹਵਾਲੇ ਇਤਿਹਾਸ ਜਾਂ ਮਸਲਿਆਂ ਦੀ ਸੰਜੀਦਾ ਸਮਝ ਕਿਵੇਂ ਬਣ ਸਕਦੀ ਹੈ?

## ਕੈਨੇਡੀਅਨ ਸਿਹਤ ਵਿਵਸਥਾ ਦੇ ਪ੍ਰਸਤਾਵਤ ਨਿੱਜੀਕਰਨ ਦਾ ਵਿਰੋਧ

(ਸ.ਫਾ 31 ਦੀ ਬਾਕੀ)

ਵਾਲੀ ਪਬਲਿਕ ਸਿਹਤ ਵਿਵਸਥਾ ਹੈ ਜਿਹੜੀ ਕਿ ਕਮਿਊਨਿਟੀ ਹੈਲਥ ਸੈਂਟਰਾਂ ਦੇ ਪੂਰੇ ਆਲ ਜੰਜਾਲ ਰਾਹੀਂ ਸਿਹਤ ਸੰਭਾਲ ਅਤੇ ਰੋਗ ਰੋਕਥਾਮ ਲਈ ਸਿਹਤ ਕਾਮਿਆਂ ਦੀ ਸੰਗਠਿਤ ਟੀਮ ਰਾਹੀਂ ਦਿੱਤੀ ਜਾ ਰਹੀ ਹੈ। ਇਹ ਪਬਲਿਕ ਖੇਤਰ ਦਾ ਗੈਰ ਮੁਨਾਫ਼ਾ ਅਧਾਰਿਤ ਸਿਹਤ ਸੇਵਾ ਢਾਂਚਾ ਹੈ ਜਿਸ ਨੂੰ ਹੋਰ ਫੈਲਾਉਣ ਅਤੇ ਮਜ਼ਬੂਤ ਬਣਾਉਣ ਦੀ ਲੋੜ ਹੈ, ਨਾ ਕਿ ਭੰਗ ਕਰਨ ਦੀ ਲੋੜ ਹੈ। ਹੈਲਥ ਕੁਲੀਸ਼ਨ ਨੇ ਮੰਗ ਕੀਤੀ ਹੈ ਕਿ ਕੌਮੀ ਪੱਧਰ 'ਤੇ ਕੈਨੇਡੀਅਨ ਵਸੋਂ ਲਈ ਦਵਾਈਆਂ ਦੀ ਪਬਲਿਕ ਕਵਰੇਜ਼ ਸਕੀਮ ਵੀ ਸ਼ੁਰੂ ਕਰਨ ਦੀ ਜ਼ਰੂਰਤ ਹੈ। ਕੈਨੇਡੀਅਨ ਹੈਲਥ ਐਕਟ ਦੇ ਵਿਚ ਦਰਜ ਬਰਾਬਰੀ ਸਿਧਾਂਤ ਵਾਲੇ ਹਿੱਸੇ ਨੂੰ ਹੋਰ ਜ਼ਿਆਦਾ ਸਪਸ਼ਟ ਕਰਦੇ ਹੋਏ, ਹੋਮ ਕੇਅਰ, ਬਿਰਧ ਸਿਹਤ ਸੰਭਾਲ ਅਤੇ ਲੰਬੀ ਬਿਮਾਰੀ ਵਾਲੇ ਰੋਗੀਆਂ ਦੀ ਸੰਭਾਲ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਸੇਵਾਵਾਂ ਨੂੰ ਵੀ ਗੈਰ ਮੁਨਾਫ਼ੇ ਵਾਲੇ ਸੰਗਠਤ ਸਿਹਤ ਵਿਵਸਥਾ ਦੇ ਘੇਰੇ ਵਿਚ ਕਰ ਦਿੱਤਾ ਜਾਣਾ ਚਾਹੀਦਾ ਹੈ। ਹੈਲਥ ਕੁਲੀਸ਼ਨ ਨੇ ਮੰਗ ਕੀਤੀ ਹੈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਿਹਤ ਲਈ ਖਰਚੇ ਜਾ ਰਹੇ ਪਬਲਿਕ ਫੰਡ ਜ਼ਿਆਦਾ ਜ਼ਰੂਰੀ ਰੋਗਾਂ ਦੇ ਇਲਾਜ ਉਪਰ ਲਗਾਏ ਜਾਣ। ਗੈਰ ਜ਼ਰੂਰੀ ਟੈਸਟਾਂ ਅਤੇ ਬੇਲੋੜੀਆਂ ਦਵਾਈਆਂ ਦੀ ਵਰਤੋਂ ਨੂੰ ਵੀ ਘਟਾਉਣ ਲਈ ਪ੍ਰਬੰਧ ਕੀਤੇ ਜਾਣ। ਹੈਲਥ ਕੁਲੀਸ਼ਨ ਨੇ ਮੰਗ ਕੀਤੀ ਹੈ ਕਿ ਨਿੱਜੀਕਰਨ ਵਾਲੀ 'ਪਬਲਿਕ ਪ੍ਰਾਈਵੇਟ ਪਾਰਟਨਸ਼ਿਪ' ਦੀ ਸਕੀਮ ਨੂੰ ਬੰਦ ਕੀਤਾ ਜਾਵੇ ਅਤੇ ਇਸ ਨੂੰ ਦਿੱਤੇ ਜਾਣ ਵਾਲੇ ਅੱਠ ਬਿਲੀਅਨ ਡਾਲਰ ਦੇ ਸਰਕਾਰੀ ਫੰਡ ਨਾਲ ਪਬਲਿਕ ਖੇਤਰ ਦੇ ਨਵੇਂ ਹਸਪਤਾਲਾਂ ਦੇ ਉਸਾਰੇ ਜਾਣ ਤਾਂਕਿ ਹਸਪਤਾਲਾਂ ਦੀ ਕੁੱਲ ਗਿਣਤੀ ਵਧਾਕੇ ਮਰੀਜ਼ਾਂ ਲਈ ਲੰਬੀ ਉਡੀਕ ਵਾਲੀ ਇਲਾਜ ਸੂਚੀ ਨੂੰ ਘਟਾਇਆ ਜਾ ਸਕੇ। ਲੋਕਾਂ ਨੂੰ ਮੁਕੰਮਲ ਸਿਹਤ ਦੇ ਸਮਾਜਿਕ ਪੱਖ ਜਿਵੇਂ ਕਿ ਘਰ, ਵਾਤਾਵਰਣ, ਪਰਿਵਾਰਕ ਆਮਦਨ ਅਤੇ ਭੋਜਣ ਸੁਰੱਖਿਆ ਨੂੰ ਵੀ ਇਸ ਦੇ ਘੇਰੇ ਵਿੱਚ ਲਿਆਕੇ ਸਿਹਤ ਰੱਖਿਆ ਯਕੀਨੀ ਬਣਾਈ ਜਾਵੇ। ਓਨਟਾਰੀਓ ਹੈਲਥ ਕੁਲੀਸ਼ਨ ਦੇ ਸਿਹਤ ਮਾਹਿਰਾਂ ਦੇ ਦਿੱਤੇ ਇਨ੍ਹਾਂ ਸੁਧਾਰਾਂ ਦੇ ਸੁਝਾਵਾਂ ਰਾਹੀਂ ਕੈਨੇਡੀਅਨ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਨਾਲ ਆਮ ਲੋਕਾਂ ਦੀ ਸੇਵਾ ਵਿਚ ਲਗਾਇਆ ਜਾ ਸਕਦਾ ਹੈ।

# ਸਵਦੇਸ਼ੀਸਰਕਾਰ ਦੀਆਂ ਵਿਦੇਸ਼ੀ ਚਿੰਤਾਵਾਂ ਭਾਰਤੀਆਂ ਨੂੰ ਸਿਹਤ-ਸਹੂਲਤ ਮਿਲੇ ਨਾ ਮਿਲੇ; ਪਰ ਵਿਦੇਸ਼ੀਆਂ ਨੂੰ ਕੋਈ ਤੋਟ ਨਾ ਰਹੇ



**ਡਾ. ਅੰਮ੍ਰਿਤ**

ਭਾਰਤ ਵਿੱਚ 1,700 ਦੀ ਅਬਾਦੀ ਪਿੱਛੇ ਇੱਕ ਡਾਕਟਰ ਹੈ (ਇੱਥੇ ਵੀ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹਨਾਂ ਡਾਕਟਰਾਂ ਵਿੱਚ ਹਰ ਤਰ੍ਹਾਂ ਦੇ ਡਾਕਟਰ ਸ਼ਾਮਿਲ ਹਨ) ਜਦਕਿ ਚਾਹੀਦਾ ਘੱਟੋ-ਘੱਟ 1000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ, ਭਾਵ ਦੇਸ਼ ਦੀ ਲੱਗਭੱਗ ਅੱਧੀ ਅਬਾਦੀ ਕਿਸੇ ਵੀ ਡਾਕਟਰ ਤੋਂ ਬਿਨਾਂ ਹੀ ਜੀ ਰਹੀ ਹੈ ਅਤੇ ਵਿੱਚ 21ਵੀਂ ਸਦੀ ਦਾ ਦੂਜਾ ਦਹਾਕਾ ਚੱਲ ਰਿਹਾ ਹੈ ਤੇ ਦੇਸ਼ ਨੂੰ ਅਜਾਦ ਹੋਇਆਂ 70 ਵਰ੍ਹੇ ਹੋ ਚੱਲੇ ਹਨ। ਕੁਝ ਮਹੀਨੇ ਪਹਿਲਾਂ ਹੋਏ ਇੱਕ ਹੋਰ ਅਧਿਐਨ ਅਨੁਸਾਰ ਭਾਰਤ ਵਿੱਚ ਸਮੁੱਚੀ ਅਬਾਦੀ ਨੂੰ ਸਹੀ ਤਰੀਕੇ ਨਾਲ਼ ਸਿਹਤ-ਸਹੂਲਤਾਂ ਮੁਹੱਈਆ ਕਰਵਾਉਣ ਲਈ ਲੱਗਭੱਗ 20 ਲੱਖ ਡਾਕਟਰ ਅਤੇ ਇਸ ਤੋਂ ਦੁੱਗਣੀ ਗਿਣਤੀ ਵਿੱਚ ਨਰਸਿੰਗ ਸਟਾਫ਼ ਦੀ ਦਰਕਾਰ ਹੈ। ਦੇਸ਼ ਵਿੱਚ 10% ਮੁੱਢਲੇ ਸਿਹਤ ਕੇਂਦਰ (ਧਿਆਨ ਰਹੇ, ਇਹ ਉਹਨਾਂ ਸਿਹਤ ਕੇਂਦਰਾਂ ਦੀ ਗੱਲ ਹੋ ਰਹੀ ਹੈ ਜਿਹੜੇ ਅਜੇ ਮੌਜੂਦ ਹਨ, ਅਸਲ ਵਿੱਚ ਕਿੰਨੇ ਚਾਹੀਦੇ ਹਨ ਇਹ ਤਾਂ ਮਸਲਾ ਹੀ ਅਲੱਗ ਹੈ) ਤਾਂ ਡਾਕਟਰਾਂ ਤੋਂ ਬਿਨਾਂ ਹੀ ਚੱਲ ਰਹੇ ਹਨ ਅਤੇ ਇਸ ਅੰਦਾਜ਼ੇ ਨੂੰ ਘੱਟ ਮੰਨਿਆ ਜਾ ਰਿਹਾ ਹੈ, ਡਿਸਪੈਂਸਰੀਆਂ ਦੀ ਹਾਲ਼ਤ ਤਾਂ ਹੋਰ ਵੀ ਮਾੜੀ ਹੈ। ਪਰ ਸੰਘ ਦੀ ਮੌਜੂਦਾ ਸਵਦੇਸ਼ੀ ਸਰਕਾਰ ਦੀਆਂ ਚਿੰਤਾਵਾਂ ਹੋਰ ਹਨ। ਸਵਦੇਸ਼ੀ ਸਰਕਾਰ ਭਾਰਤ ਨੂੰ ਵਿਦੇਸ਼ੀ ਮਰੀਜ਼ਾਂ ਦੇ ਇਲਾਜ ਦਾ ਕੇਂਦਰ ਬਣਾਉਣਾ ਚਾਹੁੰਦੀ ਹੈ, ਪਰ ਹਰੇਕ ਐਰੇ-ਗੈਰੇ ਨੱਥੂ-ਖੈਰੇ ਵਿਦੇਸ਼ੀ ਦੇ ਇਲਾਜ ਲਈ ਨਹੀਂ, ਸਿਰਫ਼ ਉਹਨਾਂ ਵਿਦੇਸ਼ੀਆਂ ਲਈ ਜਿਹੜੇ ਇਲਾਜ ਲਈ ਭਾਰਤ ਦੇ ਕਾਰਪੋਰੇਟ ਪੰਜ-ਸਿਤਾਰਾ ਹੋਟਲ਼-ਹਸਪਤਾਲਾਂ ਦੇ ਬਿੱਲਾਂ ਦਾ ਭੁਗਤਾਨ ਕਰ ਸਕਣ ਦਾ ਮਾਜਨਾ ਰੱਖਦੇ ਹੋਣ।

ਮੈਡੀਕਲ ਵਿਗਿਆਨ ਦੇ ਖੇਤਰ ਵਿੱਚ ਆ ਵੜੇ ਕਾਰਪੋਰੇਟ ਮੁਨਾਫ਼ਾਖੋਰਾਂ ਨੇ ਇਲਾਜ ਲਈ ਵਿਦੇਸ਼ੀਆਂ ਦੇ ਭਾਰਤ ਆਉਣ ਦੇ ਵਰਤਾਰੇ ਨੂੰ ਗਲੈਮਰ ਦਾ ਸੂਟ ਪਵਾਉਣ ਲਈ ਪਹਿਲਾਂ ਹੀ ਮੈਡੀਕਲ ਟੂਰਿਜ਼ਮ ਜਿਹੇ ਲਫ਼ਜ਼ ਘੜ ਰੱਖੇ ਹਨ, ਹੁਣ ਸਵਦੇਸ਼ੀ ਸਰਕਾਰ ਨੇ ਬਕਾਇਦਾ ਮੈਡੀਕਲ਼ ਐਂਡ ਵੈੱਲਨੇਸ ਟੂਰਿਜ਼ਮ ਬੋਰਡ ਕਾਇਮ ਕੀਤਾ ਹੈ ਜਿਸਦਾ ਮੁੱਖ ਕੰਮ ਵਿਦੇਸ਼ੀਆਂ ਦੇ ਭਾਰਤ ਵਿੱਚ ਆਉਣ ਦੇ ਰਸਤੇ ਵਿੱਚ ਆਉਂਦੀਆਂ ਸਮੱਸਿਆਵਾਂ ਨੂੰ ਦੂਰ ਕਰਨਾਂ ਹੈ ਤਾਂ ਕਿ ਵੱਧ ਤੋਂ ਵੱਧ ਵਿਦੇਸ਼ੀ ਮਰੀਜ਼ਾਂ ਨੂੰ ਭਾਰਤ ਦੇ ਕਾਰਪੋਰੇਟ ਹਸਪਤਾਲਾਂ ਵੱਲ਼ ਖਿੱਚਿਆ ਜਾ ਸਕੇ ਜਿਹੜੇ ਹੁਣ ਇੰਨੇ ਫੈਲਰ ਗਏ ਹਨ ਕਿ ਸਿਰਫ਼ ਭਾਰਤੀ ਮਰੀਜ਼ਾਂ ਨਾਲ ਹੁਣ ਇਹਨਾਂ ਦਾ ਮੂੰਹ ਨਹੀਂ ਭਰਦਾ। ਇਸ ਬੋਰਡ ਦੇ ਚੇਅਰਮੈਨ ਹਨ ਡਾ. ਮਹੇਸ਼ ਸ਼ਰਮਾ, ਜਿਹੜੇ ਆਪਣੇ ਸੰਘੀ-ਮਾਰਕਾ ਜ਼ਹਿਰੀਲੇ ਬਿਆਨਾਂ ਕਰਕੇ ਅਕਸਰ ਸੁਰਖੀਆਂ ਵਿੱਚ ਰਹਿੰਦੇ ਹਨ ਅਤੇ ਨਾਲ਼ ਹੀ ਕੇਂਦਰ ਸਰਕਾਰ ਦੇ ਸੈਰ-ਸਪਾਟਾ ਮੰਤਰੀ ਹਨ। ਪੇਸ਼ੇ ਵਜੋਂ ਮਹੇਸ਼ ਜੀ ਡਾਕਟਰ ਹਨ, ਅਤੇ ਇਹ ਜਨਾਬ ਖੁਦ ਨੋਇਡਾ, ਗ੍ਰੇਟਰ ਨੋਇਡਾ, ਦਿੱਲੀ, ਬੇਹਰੋਰ (ਰਾਜਸਥਾਨ), ਹਰਦੁਆਰ ਤੇ ਜੇ ਵਾਰ ਵਿੱਚ ਸੁਪਰ-ਸਪੈਸ਼ਲਿਟੀ ਹਸਪਤਾਲਾਂ ਦੀ ਇੱਕ ਚੇਨ ਦੇ ਮਾਲਕ ਹਨ, ਖੁਰਜਾ ਤੇ ਦੇਹਰਾਦੂਨ ਵਿੱਚ ਇਹਨਾਂ ਦੇ ਦੋ ਹੋਰ ਹਸਪਤਾਲ ਉਸਾਰੀ ਅਧੀਨ ਹਨ। ਸੁਭਾਵਿਕ ਹੈ, ਕਾਰਪੋਰੇਟ ਹਸਪਤਾਲਾਂ ਦੇ ਮਾਲਕਾਂ ਨੇ ਡਾ. ਮਹੇਸ਼ ਸ਼ਰਮਾ ਵਿੱਚ ਆਪਣਾ ਭਰੋਸਾ ਬਿਨ੍ਹਾਂ ਕਿਸੇ ਕਾਰਨ ਹੀ ਨਹੀਂ ਰੱਖਿਆ ਹੋਇਆ, ਬੋਰਡ ਦੀ ਪਹਿਲੀ ਮੀਟਿੰਗ ਵਿੱਚ ਹੀ ਡਾ. ਸਾਹਿਬ ਨੇ ਸਰਕਾਰ ਦੇ ਸਾਰੇ ਮਹਿਕਮਿਆਂ ਨੂੰ ਵਿਦੇਸ਼ੀ ਮਰੀਜ਼ਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਨਾ ਆਉਣ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਦਰਅਸਲ 1991 ਵਿੱਚ ਸ਼ੁਰੂ ਹੋਈਆਂ ਨਵ-ਉਦਾਰਵਾਦ ਦੀਆਂ ਨੀਤੀਆਂ ਤੋਂ ਬਾਅਦ ਪਿਛਲੇ ਦੋ ਦਹਾਕੇ ਵਿੱਚ ਭਾਰਤ ਅੰਦਰ ਇੱਕ ਖਾਂਦਾ-ਪੀਂਦਾ ਮੱਧਵਰਗੀ ਤਬਕਾ ਪੈਦਾ ਹੋਇਆ ਹੈ ਜਿਹੜਾ ਜ਼ਿੰਦਗੀ ਦੀਆਂ ਸੁੱਖ-ਸੁਵਿਧਾਵਾਂ ਉੱਤੇ ਚੋਖ਼ਾ ਪੈਸਾ ਖਰਚ ਕਰ ਸਕਣ ਦੇ ਸਮਰੱਥ ਹੈ। ਇਹ ਤਬਕਾ ਭਾਵੇਂ ਦੇਸ਼ ਦੀ ਕੁੱਲ ਅਬਾਦੀ ਦਾ ਮਸੀਂ 10-15% ਹੈ ਪਰ ਭਾਰਤ ਦੇ ਅਬਾਦੀ ਪੱਖੋਂ ਇੱਕ ਵੱਡਾ ਦੇਸ਼ ਹੋਣ ਕਾਰਨ ਇਸ ਤਬਕੇ ਦੀ ਆਬਾਦੀ ਵੀ 15-20 ਕਰੋੜ ਦੇ ਆਸ-ਪਾਸ ਹੈ। ਇਸ ਤਬਕੇ ਦੇ ਪੈਦਾ ਹੋਣ ਨਾਲ਼ ਦੇਸ਼ ਵਿੱਚ ਆਧੁਨਿਕ ਸਿਹਤ-ਸਹੂਲਤਾਂ ਦੀ ਮੰਗ ਵਧੀ ਜਿਸ ਨੂੰ ਪੂਰਿਆਂ ਕਰਨ ਲਈ ਦੇਸ਼ ਦੇ ਪੀ.ਜੀ.ਆਈ, ਏਮਜ਼ ਦੀ ਤਰਜ਼ ਦੇ ਗਿਣਤੀ ਦੇ ਉੱਚਕੋਟੀ ਦੇ ਸਰਕਾਰੀ ਹਸਪਤਾਲ ਕਾਫ਼ੀ ਨਾ ਰਹੇ। ਦੂਜੇ ਪਾਸੇ, ਭਾਰਤ ਅੰਦਰ ਸਰਮਾਏਦਾਰਾ ਵਿਕਾਸ ਨੇ ਇੰਨੀ ਰਫ਼ਤਾਰ ਫੜ ਲਈ ਕਿ ਹੁਣ ਸਿਹਤ ਤੇ ਸਿੱਖਿਆ ਦੇ ਖੇਤਰ ਵੀ ਸਰਮਾਏ ਲ਼ਈ ਮੁਨਾਫ਼ਾ ਕਮਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਪੇਸ਼ ਕਰ ਰਹੇ ਸਨ। ਨਤੀਜੇ ਵਜੋਂ ਸੂਪਰ-ਸਪੈਸ਼ਲਿਟੀ, ਮਲਟੀ-ਸਪੈਸ਼ਲਿਟੀ ਖੁੱਲਣ ਲੱਗੇ ਜਿਹਨਾਂ ਦੇ ਵਧਣ ਦੀ ਰਫ਼ਤਾਰ ਪਿਛਲੇ ਇੱਕ ਦਹਾਕੇ ਵਿੱਚ ਕਾਫ਼ੀ ਤੇਜ਼ ਰਹੀ ਹੈ, ਇੱਥੋਂ ਤੱਕ ਕਿ ਸਿਹਤ-ਖੇਤਰ ਹੁਣ ਸਰਮਾਏ ਲ਼ਈ ਸਭ ਤੋਂ ਸੁਰੱਖਿਅਤ ਨਿਵੇਸ਼ ਖੇਤਰ ਬਣ ਚੁੱਕਾ ਹੈ ਤੇ ਆਰਥਿਕ ਮੰਦੀ ਦਾ ਝੰਬਿਆ ਸਰਮਾਇਆ ਸਿਹਤ ਖੇਤਰ ਵੱਲ ਵਿਸ਼ੇਸ਼ ਤੌਰ 'ਤੇ ਲਲਚਾਈਆਂ ਨਿਗਾਹਾਂ ਨਾਲ਼ ਦੇਖ ਰਿਹਾ ਹੈ। ਟਾਟਾ, ਵੋਖਾਰਡ, ਫੋਰਟਿਸ, ਅਪੋਲੋ, ਮੈਕਸ ਜਿਹੇ ਵੱਡੇ ਗਰੁੱਪ ਹਨ ਜਿਹਨਾਂ ਦੇ ਹਸਪਤਾਲਾਂ ਦੀ ਗਿਣਤੀ ਅਰਧ-ਸੈਂਕੜਾ ਪਾਰ ਕਰ ਚੁੱਕੀ ਹੈ ਅਤੇ ਇਹਨਾਂ ਗਰੁੱਪਾਂ ਦੇ ਦਰਜਨਾਂ ਦੇਸ਼ਾਂ ਵਿੱਚ, ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਹਸਪਤਾਲ ਖੁੱਲ੍ਹ ਚੁੱਕੇ ਹਨ। ਜਿੰਨੀ ਤੇਜ਼ੀ ਨਾਲ ਕਾਰਪੋਰੇਟ ਹਸਪਤਾਲਾਂ ਦਾ ਤਾਣਾਬਾਣਾ ਫੈਲ ਰਿਹਾ ਹੈ, ਉਸਦੇ ਮੁਨਾਫ਼ਿਆਂ ਦੀ ਗਰੰਟੀ ਕਰਨ ਦਾ ਇੱਕ ਜ਼ਰੀਆ 'ਮੈਡੀਕਲ ਟੂਰਿਜ਼ਮ' ਹੈ। ਜਦੋਂ ਕਾਰਪੋਰੇਟਾਂ ਦੇ ਮੁਨਾਫ਼ਿਆਂ ਦੀ ਚਿੰਤਾ ਕਰਨੀ ਹੋਵੇ ਤਾਂ ਮੋਦੀ ਸਰਕਾਰ ਤੋਂ ਵਧੀਆ ਹੋਰ ਕੌਣ ਇਹ ਕੰਮ ਕਰ ਸਕਦਾ ਹੈ, ਅਤੇ ਨਿੱਜੀ ਸਰਮਾਏ ਦੇ ਮੁਨਾਫ਼ੇ ਦੀ ਚਿੰਤਾ ਹੁਣ ਲੋਕਾਂ ਦੀ ਸਵਦੇਸ਼ੀ ਸਰਕਾਰ ਦਾ ਸਿਹਤ ਸਬੰਧੀ ਸਭ ਤੋਂ ਜ਼ਰੂਰੀ ਕੰਮ ਬਣ ਗਿਆ ਹੈ।

ਭਾਰਤ ਵਿੱਚ ਵਿਕਸਿਤ ਦੇਸ਼ ਜਿਵੇਂ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਅਤੇ ਵਿਕਾਸਸ਼ੀਲ ਦੇਸ਼ ਜਿਵੇਂ ਬੰਗਲਾਦੇਸ਼, ਅਰਬ ਦੇਸ਼, ਨਾਈਜੀਰੀਆ ਆਦਿ, ਦੋਵਾਂ ਹੀ ਤਰ੍ਹਾਂ ਦੇ ਦੇਸ਼ਾਂ ਵਿੱਚੋਂ ਮਰੀਜ਼ ਆਉਂਦੇ ਹਨ। ਵਿਕਸਿਤ ਦੇਸ਼ਾਂ ਵਿੱਚ ਇਲਾਜ ਬੇਹੱਦ ਮਹਿੰਗਾ ਹੈ ਜਿਸ ਕਰਕੇ ਬਹੁਤ ਸਾਰੇ ਲੋਕ ਜਿਹਨਾਂ ਦਾ ਸਿਹਤ ਬੀਮਾ ਨਹੀਂ ਹੁੰਦਾ, ਭਾਰਤ ਵੱਲ ਰੁਖ਼ ਕਰਦੇ ਹਨ। ਓਪਨ-ਹਰਟ ਸਰਜਰੀ ਇੰਗਲੈਂਡ ਵਿੱਚ 70,000 ਡਾਲਰ, ਅਮਰੀਕਾ ਵਿੱਚ 1.5 ਲੱਖ ਡਾਲਰ ਦੀ ਪੈਂਦੀ ਹੈ ਜਦਕਿ ਇਹੀ ਅਪਰੇਸ਼ਨ ਭਾਰਤ ਦੇ ਸਭ ਤੋਂ ਵਧੀਆ ਹਸਪਤਾਲ ਵਿੱਚ 3,000-10,000 ਡਾਲਰ ਵਿੱਚ ਹੋ ਜਾਂਦਾ ਹੈ। ਗੋਡੇ ਬਦਲਣ ਦਾ ਅਪਰੇਸ਼ਨ ਭਾਰਤ ਵਿੱਚ 7,700 ਡਾਲਰ ਦਾ ਹੁੰਦਾ ਹੈ ਜਦਕਿ ਇੰਗਲੈਂਡ ਵਿੱਚ 17,000 ਡਾਲਰ ਦਾ ਪੈਂਦਾ ਹੈ, ਇਸੇ ਤਰ੍ਹਾਂ ਹੀ ਦੰਦਾਂ, ਅੱਖਾਂ ਆਦਿ ਅਪਰੇਸ਼ਨਾਂ ਦੇ ਮਾਮਲੇ ਵਿੱਚ ਹੈ। ਦੂਸਰਾ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿੱਚ ਮਰੀਜ਼ਾਂ ਨੂੰ ਇਲਾਜ, ਖਾਸ ਕਰਕੇ ਅਪਰੇਸ਼ਨਾਂ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ, ਇਸ ਕਰਕੇ ਵੀ ਉਹ ਭਾਰਤ ਜਿਹੇ ਮੁਲਕਾਂ ਵੱਲ ਭੱਜਦੇ ਹਨ। ਇੱਕ ਹੋਰ ਕਾਰਕ ਜਿਹੜਾ ਵਿਕਸਿਤ ਦੇਸ਼ਾਂ ਦੇ ਲੋਕਾਂ ਨੂੰ ਭਾਰਤ ਵੱਲ ਲਿਆਉਂਦਾ ਹੈ ਉਹ ਹੈ ਮਨੁੱਖੀ-ਅੰਗਾਂ ਦੀ ਤਸਕਰੀ ਜਿਸ ਕਰਕੇ ਭਾਰਤ ਵਿੱਚ ਗੁਰਦਾ, ਜਿਗਰ ਆਦਿ ਅੰਗਾਂ ਦੀ ਖਰੀਦ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਭਾਰਤ ਵਾਂਗ ਹੀ ਇੱਕ ਮੱਧਵਰਗੀ ਤਬਕਾ ਉੱਭਰਿਆ ਹੈ ਤੇ ਉੱਥੇ ਰਵਾਇਤੀ ਕੁਲੀਨ ਵਰਗ ਮੌਜੂਦ ਹੈ ਪਰ ਇਹ ਦੇਸ਼ ਅਜੇ ਭਾਰਤ ਵਾਂਗ ਸਿਹਤ-ਸਹੂਲਤਾਂ ਦੇ ਉੱਚੇ ਪੱਧਰ ਤੱਕ ਨਹੀਂ ਪਹੁੰਚੇ, ਇਸ ਲਈ ਉਹਨਾਂ ਦੇਸ਼ਾਂ ਵਿੱਚ ਇਹ ਤਬਕਾ ਇਲਾਜ ਨਹੀਂ ਕਰਵਾ ਸਕਦਾ ਅਤੇ ਭਾਰਤ ਵੱਲ਼ ਰੁਖ਼ ਕਰਦਾ ਹੈ। ਭਾਰਤੀ ਕਾਰਪੋਰੇਟ ਹਸਪਤਾਲ ਇਸ ਹਾਲਤ ਦਾ ਵੱਧ ਤੋਂ ਵੱਧ ਫਾਇਦਾ ਲੈਣ ਲਈ ਪੱਬਾਂ ਭਾਰ ਹਨ। ਭਾਵੇਂ ਇਹ ਸਰਮਾਏਦਾਰ ਗਰੁੱਪ ਵਿਦੇਸ਼ਾਂ ਵਿੱਚ ਵੀ ਆਪਣੇ ਹਸਪਤਾਲ ਖੋਲ੍ਹ ਰਹੇ ਹਨ, ਪਰ ਉਹਨਾਂ ਲਈ ਭਾਰਤ ਵਿੱਚ ਆਪਣਾ ਧੰਦਾ ਚਲ਼ਾਉਣਾ ਕਿਤੇ ਵਧੇਰੇ ਸੁਰੱਖਿਅਤ ਹੈ ਕਿਉਂਕਿ ਆਖਿਰ ਇਹ ਉਹਨਾਂ ਦਾ ਆਪਣਾ ਦੇਸ਼ ਹੈ, ਜਿੱਥੇ ਕਿਸੇ ਵੀ ਊਚ-ਨੀਚ ਦੀ ਹਾਲਤ ਵਿੱਚ ਉਹਨਾਂ ਦੀ ਆਪਣੀ ਸਰਕਾਰ ਉਹਨਾਂ ਦਾ ਸਾਥ ਦੇਵੇਗੀ। ਦੂਸਰਾ, ਮੈਡੀਕਲ ਟੂਰਿਜ਼ਮ ਨਾਲ ਸੈਰ-ਸਪਾਟਾ ਸਨਅਤ ਜੁੜੀ ਹੋਈ ਹੈ। ਭਾਰਤ ਵਿੱਚ ਆਏ ਵਿਦੇਸ਼ੀ ਮਰੀਜ਼ ਹੋਟਲਾਂ ਵਿੱਚ ਠਹਿਰਦੇ ਹਨ, ਇੱਥੋਂ ਦੀਆਂ ਟੂਰਿਸਟ ਥਾਵਾਂ ਉੱਤੇ ਸਿਹਤਯਾਬੀ ਲਈ ਲੰਮੇ ਸਮੇਂ ਲਈ ਰੁਕਦੇ ਹਨ ਅਤੇ ਰਾਮਦੇਵ ਜਿਹੇ ਭਾਰਤੀ ਇਲਾਜ ਪ੍ਰਣਾਲੀ ਦੇ ਆਪੂੰ ਬਣੇ ਠੇਕੇਦਾਰ ਸਿਹਤ-ਵਰਧਕ ਬਿਜ਼ਨੈੱਸ ਚਲਾਉਣ ਦੀਆਂ ਸਕੀਮਾਂ ਵਿੱਚ ਹਨ ਜਿਸ ਨੂੰ ਹੁਣੇ ਜਿਹੇ ਹੀ ਯੋਗਾ-ਕੈਂਪ ਤੇ ਰੀਜ਼ੋਰਟ ਚਲਾਉਣ ਲਈ ਮੋਦੀ-ਸਰਕਾਰ ਦੁਆਰਾ ਬੰਗਾਲ ਦੀ ਖਾੜੀ ਵਿੱਚ ਇੱਕ ਟਾਪੂ ਦਿੱਤਾ ਗਿਆ ਹੈ। ਜੇ ਭਾਰਤੀ ਹਸਪਤਾਲ ਬਾਹਰਲੇ ਮੁਲ਼ਕ ਜਾਂਦੇ ਹਨ ਤਾਂ ਇਹ ਸਾਰਾ ਬਿਜ਼ਨੈੱਸ ਨੁਕਸਾਨਿਆ ਜਾਂਦਾ ਹੈ। ਭਾਰਤ ਇੱਕ ਹੋਰ ਸਹੂਲਤ ਵੀ ਵਿਦੇਸ਼ੀ ਮਰੀਜ਼ਾਂ ਨੂੰ ਦਿੰਦਾ ਹੈ, ਉਹ ਹੈ ਇੱਥੋਂ ਦਾ ਚੰਗੀ ਤਰ੍ਹਾਂ ਅੰਗਰੇਜ਼ੀ ਬੋਲ ਸਕਣ ਵਾਲਾ ਡਾਕਟਰ ਅਤੇ ਨਰਸਾਂ ਦਾ ਸਟਾਫ਼ ਜਿਸ ਕਰਕੇ ਕਿਸੇ ਵੀ ਵਿਦੇਸ਼ੀ ਮਰੀਜ਼ ਲਈ ਅਸਾਨੀਰਹਿੰਦੀ ਹੈ।

ਮੁਨਾਫ਼ੇ ਦੀ ਇਸ ਖੇਡ ਦੀ ਅਸਲ ਕੀਮਤ ਭਾਰਤ ਦੇ ਲੋਕਾਂ ਨੂੰ ਚੁਕਾਉਣੀ ਪੈ ਰਹੀ ਹੈ। ਸਰਕਾਰ ਨਿੱਜੀ ਮੁਨਾਫ਼ੇ ਦੀ ਰਖਵਾਲੀ ਵਿੱਚ ਬਿਜ਼ੀ ਹੈ, ਇਸ ਲਈ ਭਾਰਤ ਦੇ ਲੋਕਾਂ ਬਾਰੇ ਸੋਚਣ ਲਈ ਉਸ ਕੋਲ ਟਾਈਮ ਕਿੱਥੇ!! ਸਮੁੱਚੀ ਸਿਹਤ-ਨੀਤੀ ਨਿੱਜੀ ਸਰਮਾਏ ਦਾ ਮੁਨਾਫ਼ਾ ਵਧਾਉਣ ਵੱਲ਼ ਸੇਧਿਤ ਹੋ ਗਈ ਹੈ, ਭਾਵੇਂ ਇਹ ਕੰਮ ਪਿਛਲੇ ਦੋ ਦਹਾਕਿਆਂ ਤੋਂ ਹੀ ਜਾਰੀ ਹੈ ਪਰ ਮੋਦੀ ਸਰਕਾਰ ਦੇ ਆਉਣ ਨਾਲ ਬਿੱਲੀ ਪੂਰੀ ਤਰ੍ਹਾਂ ਥੈਲਿਓਂ ਬਾਹਰ ਆ ਗਈ ਹੈ। ਹੁਣ ਸਰਕਾਰ ਸਿੱਧੇ ਤੌਰ 'ਤੇ ਸਰਕਾਰੀ ਸਿਹਤ ਢਾਂਚੇ ਨੂੰ ਬਰਬਾਦ ਕਰਕੇ ਨਿੱਜੀ ਹਸਪਤਾਲਾਂ ਲਈ ਨੀਤੀਆਂ ਬਣਾਉਣ ਵੱਲ ਤੁਰ ਪਈ ਹੈ, ਇਹ ਚਾਹੇ ਸਿਹਤ-ਬੀਮਾ ਸਕੀਮ ਹੋਵੇ, ਚਾਹੇ ਮੈਡੀਕਲ ਟੂਰਿਜ਼ਮ ਬੋਰਡ ਕਾਇਮ ਕਰਨਾ ਹੋਵੇ, ਤੇ ਚਾਹੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਤੇ ਸਟਾਫ਼ ਦੀ ਨਿਯੁਕਤੀ ਦਾ ਮਾਮਲਾ ਹੋਵੇ ਜਾਂ ਫਿਰ ਸਰਕਾਰੀ ਹਸਪਤਾਲਾਂ ਲਈ ਵਿੱਤੀ ਪ੍ਰਬੰਧ ਦਾ ਮਸਲਾ ਹੋਵੇ। ਦੂਸਰਾ, ਭਾਰਤ ਦੇ ਲੋਕਾਂ ਦੇ ਟੈਕਸਾਂ ਦੀ ਰਕਮ ਉੱਤੇ ਸਰਕਾਰੀ ਕਾਲਜਾਂ ਵਿੱਚ ਪੜ੍ਹੇ ਡਾਕਟਰ ਡਿਗਰੀ ਹੋਣ ਸਾਰ ਕਾਰਪੋਰੇਟ ਹਸਪਤਾਲਾਂ ਵਿੱਚ ਨੌਕਰੀਸ਼ੁਦਾ ਹੋ ਜਾਂਦੇ ਹਨ, ਜਿਹਨਾਂ ਲੋਕਾਂ ਲਈ ਉਹਨਾਂ ਨੂੰ ਸਿੱਖਿਆ ਦਿੱਤੀ ਗਈ ਹੁੰਦੀ ਹੈ ਉਹ ਪਹਿਲਾਂ ਵਾਂਗ ਝੋਲਾ-ਸ਼ਾਪ ਡਾਕਟਰਾਂ ਦੇ ਜਾਲ਼ ਵਿੱਚ ਫਸੇ ਰਹਿੰਦੇ ਹਨ। ਬਹੁਤ ਉੱਚ-ਯੋਗਤਾ ਰੱਖਦੇ ਡਾਕਟਰਾਂ ਨੂੰ ਇਹ ਕਾਰਪੋਰੇਟ ਹਸਪਤਾਲ ਵੱਡੇ-ਵੱਡੇ ਪੈਕੇਜ ਦੇ ਕੇ ਆਪਣੇ ਨੌਕਰ ਰੱਖ ਲੈਂਦੇ ਹਨ ਅਤੇ ਦੇਸ਼ ਦੀ 80% ਤੋਂ ਵੱਧ ਅਬਾਦੀ ਇਹਨਾਂ ਡਾਕਟਰਾਂ ਦੀਆਂ ਸੇਵਾਵਾਂ ਤੋਂ ਵਾਂਝੀ ਹੋ ਜਾਂਦੀ ਹੈ। ਤੀਸਰਾ ਤੇ ਸਭ ਤੋਂ ਵੱਡਾ ਨੁਕਸਾਨ ਜੋ ਅਜੇ ਕਿਸੇ ਨੂੰ ਬਹੁਤਾ ਦਿਖਾਈ ਨਹੀਂ ਦੇ ਰਿਹਾ, ਉਹ ਹੈ ਮੈਡੀਕਲ ਸਿੱਖਿਆ ਦਾ ਇਹਨਾਂ ਕਾਰਪੋਰੇਟ ਹਸਪਤਾਲਾਂ ਦੀਆਂ ਜ਼ਰੂਰਤਾਂ ਅਨੁਸਾਰ ਢਾਲ਼ਿਆ ਜਾਣਾ। ਕਾਰਪੋਰੇਟ ਹਸਪਤਾਲਾਂ ਦੇ ਗਲੈਮਰ ਦੇ ਪੱਟੇ ਨੌਜਵਾਨ ਮੈਡੀਕਲ ਵਿਦਿਆਰਥੀ ਅਤੇ ਡਾਕਟਰ ਜਿੱਥੇ ਇੱਕ ਪਾਸੇ ਉੱਚ-ਤਕਨੀਕੀ ਸਾਜੋਸਮਾਨ ਨਾਲ਼ ਕੰਮ ਕਰਨ ਅਤੇ ਵਧੇਰੇ ਤੋਂ ਵਧੇਰੇ ਸਪੈਸ਼ਲਿਸਟ ਯੋਗਤਾ ਹਾਸਲ ਕਰਨ ਵੱਲ ਰੁਚਿਤ ਹੋ ਰਹੇ ਤੇ ਗਲ-ਵੱਡ ਮੁਕਾਬਲੇ ਦੀ ਦੌੜ ਦੌੜ ਰਹੇ ਹਨ, ਉੱਥੇ ਮੈਡੀਕਲ ਕਾਲਜਾਂ ਤੇ ਵਿੱਦਿਆ ਦਾ ਮਹੌਲ ਹੀ ਅਜਿਹਾ ਬਣ ਰਿਹਾ ਹੈ ਜਿਸ ਵਿੱਚ ਸਿਰਫ਼ ਪੈਸੇ-ਪੈਕੇਜਾਂ ਲਈ ਕੰਮ ਕਰਨ ਦੀ ਮਾਨਸਿਕਤਾ ਵਾਲ਼ੀ ਨਵੀਂ ਪੀੜ੍ਹੀ ਤਿਆਰ ਹੋ ਰਹੀ ਹੈ, ਜਿਹੜੀ ਦੇਸ਼ ਦੀਆਂ ਯਥਾਰਥਕ ਹਾਲਤਾਂ ਤੋਂ ਪੂਰੀ ਤਰ੍ਹਾਂ ਕੱਟੀ ਹੋਈ ਹੈ ਅਤੇ ਮਨੁੱਖਤਾ, ਵਿਗਿਆਨ, ਆਮ ਲੋਕ ਉਹਨਾਂ ਲਈ ਅਛੂਤ ਸ਼ਬਦ ਬਣ ਚੁੱਕੇ ਹਨ। ਆਮ ਬਹੁਗਿਣਤੀ ਅਬਾਦੀ ਦੀਆਂ ਸਿਹਤ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਾਕਟਰ ਨਾ ਤਾਂ ਕਿੱਤੇ ਪੱਖੋਂ ਅਤੇ ਨਾ ਹੀ ਮਾਨਸਿਕਤਾ ਪੱਖੋਂ ਸਿੱਖਿਅਤ ਹੋ ਰਹੇ ਹਨ। ਜੇ ਥੋੜੇ ਬਹੁਤ ਡਾਕਟਰ ਆਮ-ਅਬਾਦੀ ਨੂੰ ਸੇਵਾਵਾਂ ਦੇਣ ਸਰਕਾਰੀ ਨੌਕਰੀਆਂ ਵੱਲ਼ ਆਉਂਦੇ ਵੀ ਹਨ ਤਾਂ ਉਹ ਅਜਿਹਾ ਵਕਤ ਟਪਾਉਣ, ਸਪੈਸ਼ਲਿਸਟ ਡਿਗਰੀ ਕੋਰਸਾਂ ਵਿੱਚ ਦਾਖਲ਼ਾ ਹਾਸਲ ਕਰਨ ਤੱਕ ਕੁਝ ਕਮਾਈ ਕਰ ਲੈਣ, ਜਾਂ ਫਿਰ ਸਪੈਸ਼ਲਿਸਟ ਬਣ ਜਾਣ ਤੋਂ ਬਾਅਦ ਇਲਾਕੇ ਵਿੱਚ ਨਾਂ ਬਣਾ ਕੇ ਨਿੱਜੀ ਪ੍ਰੈਕਟਿਸ ਸ਼ੁਰੂ ਕਰਨ ਤੇ ਪੈਸਾ ਕੁੱਟਣ ਲਈ ਇਸਨੂੰ ਇੱਕ ਪੌੜੀ ਵਜੋਂ ਵਰਤਣ ਲਈ ਆਉਂਦੇ ਹਨ, ਨਾ ਕਿ ਆਮ ਲੋਕਾਂ, ਕਿੱਤੇ ਪ੍ਰਤੀ ਤੇ ਵਿਗਿਆਨ ਪ੍ਰਤੀ ਸਮਰਪਣ ਭਾਵਨਾ ਤੇ ਵਫ਼ਾਦਾਰੀ ਕਰਕੇ ਆਉਂਦੇ ਹਨ। ਇੱਕ ਹੋਰ ਵਰਤਾਰਾ ਜੋ ਸਾਹਮਣੇ ਆ ਰਿਹਾ ਹੈ, ਉਹ ਹੈ ਸਿਹਤ-ਸੇਵਾਵਾਂ ਦੀ ਕੀਮਤ ਦਾ ਵਧਣਾ। ਕਿਉਂਕਿ ਇਹਨਾਂ ਹਸਪਤਾਲਾਂ ਵਿੱਚ ਚੰਗੇ ਪੈਸੇ ਵਾਲ਼ੇ ਇਲਾਜ ਲਈ ਆਉਂਦੇ ਹਨ, ਇਸ ਲਈ ਇਹ ਮਨ-ਮਰਜ਼ੀ ਦੀ ਵਸੂਲੀ ਕਰ ਸਕਦੇ ਹਨ ਪਰ ਇਹਨਾਂ ਦੀ ਦੇਖਾ-ਦੇਖੀ ਛੋਟੇ ਨਿੱਜੀ ਹਸਪਤਾਲ ਅਤੇ ਕਲੀਨਿਕ ਵੀ ਆਪਣੇ ਰੇਟ ਵਧਾ ਰਹੇ ਹਨ ਜਿਸ ਕਰਕੇ ਗਰੀਬ ਤੇ ਨਿਮਨ-ਮੱਧਵਰਗੀ ਲੋਕਾਂ ਲਈ ਇਲਾਜ ਦੇ ਮੌਕੇ ਸੀਮਤ ਹੁੰਦੇ ਜਾ ਰਹੇ ਹਨ। ਇਹ ਹਸਪਤਾਲ ਸਿਹਤ-ਸਹੂਲਤ ਨੂੰ ਇੱਕ ਖਰੀਦਣ-ਯੋਗ ਚੀਜ਼ ਹੋਣ ਦੀ ਮਾਨਸਿਕਤਾ ਨੂੰ ਸਮਾਜ ਵਿੱਚ ਲੋਕ-ਮਾਨਸਿਕਤਾ ਦਾ ਹਿੱਸਾ ਬਣਾ ਰਹੇ ਹਨ ਅਤੇ ਸਰਕਾਰੀ ਸਿਹਤ-ਢਾਂਚੇ ਦੇ ਫੇਲ੍ਹ ਹੋਣ ਦਾ ਕਾਰਨ ਸਰਕਾਰੀ ਸੇਵਾਵਾਂ ਦੇ ਬੇਹੱਦ ਸਸਤੀਆਂ ਹੋਣ ਨੂੰ ਬਣਾ ਬਣਾ ਰਹੇ ਹਨ। ਨਤੀਜਾ, ਆਮ ਲੋਕ ਵੀ ਸਰਕਾਰੀ ਢਾਂਚੇ ਨੂੰ ਬਚਾਉਣ ਅਤੇ ਸਿਹਤ-ਸੇਵਾਵਾਂ ਸਰਕਾਰ ਦੀ ਜ਼ਿੰਮੇਵਾਰੀ ਬਣਾਉਣ ਲਈ ਲੜਨ ਦੀ ਥਾਂ ਨਿੱਜੀ ਹਸਪਤਾਲਾਂ ਦੇ ਮਹਿਮਾ-ਗਾਣ ਵਿੱਚ ਸ਼ਾਮਲ ਹੋ ਰਹੇ ਹਨ।

ਸਰਕਾਰਾਂ ਆਪਣੀਆਂ ਕੋਝੀਆਂ ਹਰਕਤਾਂ ਨੂੰ ਲੋਕ-ਭਲਾਈ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਪੁਰਾਣੇ ਜੁਮਲਿਆਂ ਥੱਲ਼ੇ ਲੁਕਾਉਣ ਲਈ ਸੀਰਸ਼-ਆਸਣ ਕਰ ਰਹੀਆਂ ਹਨ। ਕਾਰਪੋਰੇਟ ਹਸਪਤਾਲਾਂ ਵੱਲੋਂ ਗਰੀਬ ਮਰੀਜ਼ਾਂ ਨੂੰ ਮੁਫ਼ਤ ਸਿਹਤ-ਸਹੂਲਤਾਂ ਦੇਣ ਲਈ ਕੋਟੇ ਤੈਅ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਅਜਿਹੀਆਂ ਗੱਲਾਂ ਪਹਿਲਾਂ ਵੀ ਹੋਈਆਂ ਹਨ ਜਿਹਨਾਂ ਨੂੰ ਕਾਰਪੋਰੇਟ ਹਸਪਤਾਲ ਟੁੱਕ 'ਤੇ ਡੇਲਾ ਸਮਝਦੇ ਹਨ। ਪਿੱਛੇ ਜਿਹੇ ਦਿੱਲੀ ਵਿੱਚ ਡੇਂਗੂ ਫੈਲਣ ਸਮੇਂ ਇਹਨਾਂ ਹਸਪਤਾਲਾਂ ਨੇ ਗਰੀਬ ਮਰੀਜ਼ਾਂ ਨੂੰ ਦਾਖ਼ਲ ਕਰਨ ਤੋਂ ਸ਼ਰ੍ਹੇਆਮ ਨਾਂਹ ਕੀਤੀ ਅਤੇ ਸਰਕਾਰੀ ਤੰਤਰ ਕਾਰਵਾਈ ਦੇ ਪਿੱਟਣੇ ਪਾਉਂਦਾ ਰਿਹਾ। ਵੈਸੇ ਜੇ ਕਾਰਵਾਈ ਹੁੰਦੀ ਵੀ ਤਾਂ ਵੀ ਅਜਿਹਾ ਕਰਨ ਉੱਤੇ ਇਹਨਾਂ ਹਸਪਤਾਲਾਂ ਨੂੰ 1,000 ਰੁਪੈ ਜੁਰਮਾਨਾ ਕਰਨ ਦੀਆਂ ਹਾਸੋਹੀਣੀਆਂ ਸਜ਼ਾਵਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਉਲ਼ਟਾ, ਸਰਕਾਰਾ ਤਾਂ ਇਹਨਾਂ ਮੁਨਾਫ਼ਾਖੋਰਾਂ ਨੂੰ ਕੌਡੀਆਂ ਦੇ ਭਾਅ ਜ਼ਮੀਨ ਦੇ ਰਹੀ ਹੈ, ਸਬਸਿਡੀਆਂ ਅਤੇ ਟੈਕਸ-ਛੋਟਾਂ ਲਈ ਪ੍ਰਬੰਧ ਕਰ ਰਹੀ ਹੈ ਜਦਕਿ ਜੇ ਸਰਕਾਰ ਨੇ ਵਾਕਈ ਲੋਕਾਂ ਨੂੰ ਕੋਈ ਫਾਇਦਾ ਪਹੁੰਚਾਉਣਾ ਹੁੰਦਾ ਤਾਂ ਇਹਨਾਂ ਹਸਪਤਾਲਾਂ ਉੱਤੇ ਮੋਟੇ ਟੈਕਸ ਲਗਾ ਕੇ ਸਰਕਾਰੀ ਸਿਹਤ ਢਾਂਚੇ ਨੂੰ ਸੁਧਾਰਨ ਬਾਰੇ ਸੋਚਦੀ ਪਰ ਅਜਿਹੇ ਵਿਚਾਰ, ਸਾਨੂੰ ਪਤਾ ਹੈ, ਇਸ ਢਾਂਚੇ ਵਿੱਚ ਖਾਮਖਿਆਲੀ ਤੋਂ ਵੱਧ ਕੁਝ ਨਹੀਂ ਹਨ। ਰਹੀ ਗੱਲ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ, ਤਾਂ ਇਹ ਕਿਹੜੇ ਲੋਕਾਂ ਲਈ ਪੈਦਾ ਹੋ ਰਹੇ ਹਨ? ਸਿਰਫ਼ ਉੱਚ-ਯੋਗਤਾ ਰੱਖਦੇ ਗਿਣਤੀ ਦੇ ਡਾਕਟਰਾਂ ਲਈ ਜਿਹਨਾਂ ਨੂੰ ਇਹ ਹਸਪਤਾਲ ਲੱਖਾਂ ਰੁਪੈ ਪ੍ਰਤੀ ਮਹੀਨਾ ਤਨਖਾਹਾਂ ਤੇ ਮਹਿੰਗੀਆਂ ਕਾਰਾਂ ਬੋਨਸ ਵਜੋਂ ਦਿੰਦੇ ਹਨ। ਪਰ ਬਾਕੀ ਸਟਾਫ਼ ਦੀ ਭਿਅੰਕਰ ਲੁੱਟ ਕਰਦੇ ਹਨ। ਬਾਕੀ ਸਰਮਾਏਦਾਰ ਉੱਦਮਾਂ ਵਾਂਗ ਇੱਥੇ ਵੀ ਠੇਕੇਦਾਰੀ ਹੈ, ਸਫਾਈ-ਕਰਮਚਾਰੀਆਂ ਤੋਂ ਲੈ ਕੇ ਨਰਸਿੰਗ ਸਟਾਫ਼ ਤੱਕ, ਸਭ ਨੂੰ ਬਹੁਤ ਘੱਟ ਤਨਖਾਹਾਂ ਉੱਤੇ ਲਗਾਤਾਰ ਸ਼ਿਫਟਾਂ ਵਿੱਚ ਕੰਮ ਉੱਤੇ ਰੱਖਿਆ ਜਾਂਦਾ ਹੈ, ਨਾ ਕੋਈ ਪੱਕੀ ਨੌਕਰੀ ਅਤੇ ਹਰ ਵੇਲ਼ੇ ਲਟਕਦੀ ਛਾਂਟੀ ਦੀ ਤਲਵਾਰ।

ਅਸਲ਼ ਵਿੱਚ ਮੈਡੀਕਲ ਟੂਰਿਜ਼ਮ ਸਿਹਤ-ਸੇਵਾਵਾਂ ਦੇ ਹੋ ਰਹੇ ਵਧੇਰੇ ਤੋਂ ਵਧੇਰੇ ਅਣਮਨੁੱਖੀਕਰਨ ਦਾ ਇੱਕ ਹੋਰ ਕਦਮ ਹੈ, ਜਿਹੜਾ ਕਿ ਹੁਣ ਘ੍ਰਿਣਾ ਦੀ ਹੱਦ ਤੱਕ ਚਲਿਆ ਗਿਆ ਹੈ ਪਰ ਜੋ ਗੱਲ ਵਾਕਈ ਫ਼ਿਕਰ ਦੀ ਹੈ, ਉਹ ਇਹ ਹੈ ਕਿ ਮੈਡੀਕਲ ਭਾਈਚਾਰੇ ਵੱਲੋਂ ਕੁਝ ਕੁ ਵਿਅਕਤੀਗਤ ਮਿਸਾਲਾਂ ਨੂੰ ਛੱਡ ਕੇ, ਕੋਈ ਵੀ ਜ਼ਿਕਰਯੋਗ ਅਵਾਜ਼ ਨਹੀਂ ਉੱਠ ਰਹੀ ਹੈ, ਸਗੋਂ ਇਹ ਭਾਈਚਾਰਾ ਲੁੱਟ ਦੀ ਇਸ ਖੇਡ ਨੂੰ ਜਾਇਜ਼ ਠਹਿਰਾਉਣ ਦੇ ਤਰਕ ਦੇਣ ਤੇ ਖੋਜਣ ਵਿੱਚ ਲੱਗਾ ਹੋਇਆ ਹੈ ਅਤੇ ਖੁਦ ਬਘਿਆੜ ਦੇ ਪਿੱਛੇ-ਪਿੱਛੇ ਖਿੱਲਰੀਆਂ ਤੇ ਬਚੀਆਂ-ਖੁਚੀਆਂ ਮਾਸ ਦੀਆਂ ਬੋਟੀਆਂ ਸਮੇਟਣ ਵਿੱਚ ਮਸਤ ਹੋ ਕੇ ਚੱਲਦੇ ਜੰਗਲੀ ਕੁੱਤਿਆਂ ਵਾਂਗ ਵਤੀਰਾ ਕਰ ਰਿਹਾ ਹੈ। ਪਰ ਫਿਰ ਵੀ ਉਮੀਦ ਕਦੇ ਧੁੰਦਲੀ ਨਹੀਂ ਪੈਣੀ ਚਾਹੀਦੀ, ਮੈਡੀਕਲ ਭਾਈਚਾਰੇ ਵਿੱਚੋਂ ਕੁਝ ਲੋਕ ਜ਼ਰੂਰ ਇਸ ਨੰਗੀ ਲੁੱਟ ਖਿਲਾਫ਼ ਬੋਲਣਗੇ ਹੀ ਬੋਲਣਗੇ।



ਡਾ. ਹਰਦੀਪ ਸਿੰਘ, ਗੁਐਲ.ਫ, ਓਂਟਾਰੀਓ

## ਓਨਟਾਰੀਓ ਹੈਲਥ ਕੁਲੀਸ਼ਨ ਵਲੋਂ

# ਕੈਨੇਡੀਅਨ ਸਿਹਤ ਵਿਵਸਥਾ ਦੇ ਪ੍ਰਸਤਾਵਤ ਨਿੱਜੀਕਰਨ ਦਾ ਵਿਰੋਧ

ਸੰਸਾਰ ਭਰ ਵਿਚ ਚਲ ਰਹੇ ਸਿਹਤ ਅਤੇ ਸਿੱਖਿਆ ਵਰਗੇ ਸਰਵਿਸ ਸੈਕਟਰ ਨੂੰ ਮੁਨਾਫ਼ੇ ਅਧਾਰਿਤ ਨਿੱਜੀਕਰਨ ਦੇ ਸੁਧਾਰਾਂ ਲਈ ਦਬਾਅ ਵਾਲੀ ਧਿਰ ਕੈਨੇਡਾ ਵਿੱਚ ਵੀ ਉਭਰ ਰਹੀ ਹੈ। ਕੈਨੇਡਾ ਸਿਹਤ ਸੇਵਾਵਾਂ ਨੂੰ ਪੂਰਨ ਰੂਪ ਵਿੱਚ ਨਿੱਜੀਕਰਨ ਦੀ ਵਕਾਲਤ ਲਈ 'ਓਨਟਾਰੀਓ ਚੈਂਬਰ ਆਫ਼ ਕਾਮਰਸ'ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆਈ ਹੈ। ਇਸ ਨੇ ਸਿਹਤ ਸੇਵਾਵਾਂ ਵਿਚ ਸੁਧਾਰ ਦੇ ਬਹਾਨੇ ਤਿਆਰ ਕੀਤੀ ਇਕ ਰਿਪੋਰਟ ਵਿੱਚ ਕੈਨੇਡੀਅਨ ਸਿਹਤ ਸੇਵਾਵਾਂ ਦਾ ਨਿੱਜੀਕਰਨ ਕਰਕੇ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰਨ ਦੀ ਪ੍ਰਸਤਾਵ ਰੱਖ ਦਿੱਤਾ ਹੈ। ਪਰ ਇਸ ਦੇ ਉਲਟ, 'ਓਨਟਾਰੀਓ ਹੈਲਥ ਕੁਲੀਸ਼ਨ' ਦੇ ਸਿਹਤ ਮਾਹਿਰਾਂ ਨੇ ਆਪਣੇ ਸਰਵੇਖਣ ਰਾਹੀਂ, ਚੈਂਬਰ ਆਫ਼ ਕਾਮਰਸ ਦੀ ਰਿਪੋਰਟ ਦਾ ਵਿਰੋਧ ਕੀਤਾ ਹੈ। ਇਸ ਤਰ੍ਹਾਂ 'ਓਨਟਾਰੀਓ ਹੈਲਥ ਕੋਲੀਸ਼ਨ' ਪਬਲਿਕ ਸੈਕਟਰ ਦੀ ਵਿਵਸਥਾ ਨੂੰ ਬਚਾਏ ਰੱਖਣ ਵਾਲੀ ਮਜ਼ਬੂਤ ਅਤੇ ਲੋਕ ਪੱਖੀ ਸੁਧਾਰਾਂ ਦੀ ਵਕਾਲਤ ਵਾਲੀ ਧਿਰ ਬਣਕੇ ਸਾਹਮਣੇ ਆਈ ਹੈ। 'ਓਨਟਾਰੀਓ ਹੈਲਥ ਕੁਲੀਸ਼ਨ' ਨੇ ਚੈਂਬਰ ਆਫ਼ ਕਾਮਰਸ ਦੇ ਨਿੱਜੀਕਰਣ ਦੇ ਪ੍ਰਸਤਾਵ ਦਾ ਤਿੱਖਾ ਵਿਰੋਧ ਕਰਦੇ ਹੋਏ ਇਸ ਦੀ ਰਿਪੋਰਟ ਨੂੰ ਤੱਥਾਂ ਤੋਂ ਕੋਰੀ, ਆਧਾਰਹੀਣ ਅਤੇ ਆਪਾ ਵਿਰੋਧੀ ਦੱਸਿਆ ਹੈ ਅਤੇ ਮੌਜੂਦਾ ਗੈਰ ਮੁਨਾਫ਼ੇ ਵਾਲੀ ਪਬਲਿਕ ਖੇਤਰ ਦੇ ਸਿਹਤ ਸੇਵਾ ਢਾਂਚੇ ਦਾ ਘੇਰਾ ਹੋਰ ਫੈਲਾਉਣ ਅਤੇ ਮਜ਼ਬੂਤ ਬਣਾਉਣ ਦੀ ਮੰਗ ਕੀਤੀ ਹੈ।

ਹੈਲਥ ਕੁਲੀਸ਼ਨ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਚੈਂਬਰ ਆਫ਼ ਕਾਮਰਸ ਦੀ ਰਿਪੋਰਟ ਵਿਚ ਸਿਹਤ ਸੇਵਾਵਾਂ 'ਤੇ ਕੀਤੇ ਜਾ ਰਹੇ ਸਰਕਾਰੀ ਖਰਚਿਆਂ ਨੂੰ ਵਧਾ-ਚੜ੍ਹਾਅ ਕੇ ਪੇਸ਼ ਕੀਤਾ ਗਿਆ ਹੈ ਜਦਕਿ ਸੂਬਾ ਸਰਕਾਰ ਦੇ ਹਰ ਸਲਾਨਾ ਬਜਟ ਵਿਚ ਹੈਲਥ ਬਜਟ ਲਗਾਤਾਰ ਘਟਦਾ ਜਾ ਰਿਹਾ ਹੈ। ਚੈਂਬਰ ਆਫ਼ ਕਾਮਰਸ ਦੀ ਰਿਪੋਰਟ ਵਿੱਚ ਗਲਤ ਤੱਥਾਂ ਰਾਹੀਂ ਇਸ ਨੂੰ 50% ਦੱਸਿਆ ਗਿਆ ਹੈ ਅਸਲ ਵਿੱਚ ਜੋ ਕਿ ਮੌਜੂਦਾ ਸਾਲ ਵਿਚ 38.7% ਹੀ ਹੈ। ਚੈਂਬਰ ਆਫ਼ ਕਾਮਰਸ ਨੇ ਅਮਰੀਕਨ ਸਿਹਤ ਸੇਵਾ ਦੇ ਪ੍ਰਾਈਵੇਟ ਮਾਡਲ ਦੀ ਦੁਰਦਸ਼ਾ ਵਾਲੀ ਹਾਲਤ ਤੋਂ ਧਿਆਨ ਭਟਕਾਉਣ ਲਈ ਯੂਰੋਪ ਅਤੇ ਆਸਟ੍ਰੇਲੀਆ ਦੇ ਸਿਹਤ ਪ੍ਰਬੰਧਾਂ ਦਾ ਗਲਤ ਮੁਲੰਕਣ ਪੇਸ਼ ਕਰਕੇ ਉਦਾਹਰਣ ਤੌਰ ਤੇ ਪੇਸ਼ ਕਰਣ ਦੀ ਕੋਸ਼ਿਸ਼ ਕੀਤੀ ਹੈ।

ਚੈਂਬਰ ਆਫ਼ ਕਾਮਰਸ ਵਲੋਂ ਬ੍ਰਿਟਿਸ਼ ਸਿਹਤ ਸੇਵਾਵਾਂ ਨੂੰ ਉਦਾਹਰਣ ਦੇ ਤੌਰ 'ਤੇ ਚਰਚਾ ਕਰਦਿਆਂ ਉਸਦੇ ਨਿੱਜੀਕਰਨ ਦੇ ਰਾਹ ਪੈਣ ਦੇ ਮਾਡਲ ਨੂੰ ਦੋਸ਼ ਰਹਿਤ ਅਤੇ ਹਰਮਨ ਪਿਆਰਾ ਦੱਸਿਆ ਹੈ ਜਦਕਿ "ਹੈਲਥ ਕੁਲੀਸ਼ਨ' ਨੇ ਇਸ ਦਾਅਵੇ ਦਾ ਖੰਡਨ ਕੀਤਾ ਹੈ। ਹੈਲਥ ਕੁਲੀਸ਼ਨ ਨੇ ਸਪਸ਼ਟ ਕੀਤਾ ਹੈ ਕਿ ਪੂਰੇ ਬ੍ਰਿਟਿਸ਼ ਯੂ . ਕੇ . ਅੰਦਰ ਸਿਹਤ ਸੇਵਾਵਾਂ ਏਕੀਕ੍ਰਿਤ ਨਹੀਂ ਹਨ। ਬ੍ਰਿਟਿਸ਼ ਯੂ . ਕੇ . ਦੇ ਸਿਰਫ਼ ਇੱਕ ਇੰਗਲੈਂਡ ਸੂਬੇ ਨੇ ਹੀ ਸਿਹਤ ਸੇਵਾਵਾਂ ਲਈ ਨਿੱਜੀਕਰਨ ਦਾ ਰਾਹ ਫੜਿਆ ਹੈ ਜਦਕਿ ਵੇਲਜ਼, ਸਕਾਟਲੈਂਡ ਅਤੇ ਉਤਰੀ ਆਇਰਲੈਂਡ ਸੂਬੇ ਆਪਣੀਆਂ ਸਿਹਤ ਸੇਵਾਵਾਂ ਵੱਖਰੀਆਂ ਚਲਾ ਰਹੇ ਹਨ। ਸਿਰਫ਼ ਇੰਗਲੈਂਡ ਸੂਬੇ ਨੇ ਹੀ ਸਿਹਤ ਸਕੀਮਾਂ ਸ਼ੁਰੂ ਕਰਕੇ ਪੂੰਜੀ ਦੀ ਮੰਡੀ ਆਧਾਰਤ ਅਤੇ ਮੁਨਾਫ਼ਾ ਆਧਾਰਤ ਕੰਪਨੀਆਂ ਦੇ ਹੱਥ ਦੇ ਦਿੱਤੀਆਂ ਹਨ। ਸਗੋਂ ਇਹ ਸਕੀਮਾਂ ਇੰਗਲੈਂਡ ਵਾਸੀਆਂ ਵਿਚ ਵੀ ਵਿਵਾਦਪੂਰਨ ਹਨ ਅਤੇ ਬਾਕੀ ਸੂਬਿਆਂ ਨੇ ਇਨ੍ਹਾਂ ਨੂੰ ਰੱਦ ਕਰ ਦਿੱਤਾ ਹੈ। ਇੰਗਲੈਂਡ ਦੀਆਂ ਨਿੱਜੀਕਰਨ ਵਾਲੀਆਂ ਸਿਹਤ ਸੇਵਾਵਾਂ ਗੁੰਝਲਦਾਰ ਅਤੇ ਭਿੰਨਤਾਂ ਭਰਪੂਰ ਹਨ ਅਤੇ ਇਨ੍ਹਾਂ ਦਾ ਆਮ ਵਸੋਂ ਦੇ ਮਰੀਜ਼ਾਂ 'ਤੇ ਕਾਫ਼ੀ ਮਾੜਾ ਪ੍ਰਭਾਵ ਪਿਆ ਹੈ। ਇਥੇ ਬਹੁਤ ਸਾਰੀਆਂ ਜ਼ਰੂਰੀ ਸਿਹਤ ਵਿਭਾਗ ਅਤੇ ਐਮਰਜੈਂਸੀ ਵਿਭਾਗ ਬੰਦ ਕਰ ਦਿੱਤੇ ਗਏ ਹਨ, ਵੱਡੀ ਗਿਣਤੀ ਵਿਰੋਧ ਪ੍ਰਦਰਸ਼ਨ ਫੁੱਟ ਰਹੇ ਹਨ। ਨਿੱਜੀਕਰਨ ਵਾਲੀ ਵਿਵਸਥਾ ਲੋਕਾਂ ਲਈ ਕਾਫ਼ੀ ਬੋਝਲ ਸਾਬਿਤ ਹੋ ਰਹੀ ਹੈ। ਲੰਡਨ ਦੇ ਕੁਝ ਵੱਡੇ ਹਸਪਤਾਲ ਦੀਵਾਲੀਆ ਹੋ ਰਹੇ ਹਨ ਅਤੇ ਸਰਕਾਰ ਵਲੋਂ ਪਬਲਿਕ ਪ੍ਰਾਈਵੇਟ-ਪਾਰਟਨਰਸ਼ਿਪ ਪ੍ਰੋਜੈਕਟ ਦੇ ਨਾਮ ਹੇਠ ਮਿਲਣ ਵਾਲੇ ਪਬਲਿਕ ਫੰਡਾਂ ਸਹਾਰੇ ਚਲ ਰਹੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਚੈਂਬਰ ਆਫ਼ ਕਾਮਰਸ' ਇੰਗਲੈਂਡ ਦੀ ਅਜਿਹੀ ਰੋਗਗ੍ਰਸਤ ਸਿਹਤ ਵਿਵਸਥਾ ਦੀ ਵਕਾਲਤ ਕਰਕੇ ਇਸਨੂੰ ਕੈਨੇਡਾ ਲਈ ਪ੍ਰਸਤਾਵਿਤ ਕਰ ਰਿਹਾ ਹੈ। ਹਾਲਾਂਕਿ "ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ" ਦਾ ਸਰਵੇਖਣ ਵੀ ਇਹ ਦਰਸਾਉਂਦਾ ਹੈ ਕਿ ਇੰਗਲੈਂਡ ਦੇ ਪ੍ਰਾਈਵੇਟ ਕਲੀਨਿਕ ਆਮ ਤੌਰ' ਤੇ ਹੀ ਮਰੀਜ਼ਾਂ ਤੋਂ ਸਰਜਰੀਕਲ ਇਲਾਜਾਂ ਲਈ ਭਾਰੀ ਫੀਸਾਂ ਵਸੂਲਦੇ ਹਨ। ਇਸ ਗੱਲ ਨੂੰ ਇੰਗਲੈਂਡ ਦੇ ਨਿੱਜੀਕਰਨ ਪੱਖੀ ਵਿਚਾਰਧਾਰਕਾਂ ਨੇ ਵੀ ਕਬੂਲ ਕੀਤਾ ਹੈ। ਯੂ . ਕੇ . ਸਿਹਤ ਵਿਭਾਗ ਨੇ ਵੀ ਇਹ ਗੱਲ ਜਨਤਕ ਤੌਰ 'ਤੇ ਮੰਨ ਲਈ ਹੈ ਕਿ ਪ੍ਰਾਈਵੇਟ ਕਲੀਨਿਕ ਬਹੁਤ ਮਹਿੰਗੇ ਸਾਬਤ ਹੋ ਰਹੇ ਹਨ। ਸਾਬਕਾ ਸਿਹਤ ਮੰਤਰੀ ਫਰੈਂਕ ਡਾਬਸਨ ਨੇ ਦੱਸਿਆ ਕਿ ਇਕੋ ਹੀ ਇਲਾਜ ਲਈ ਪ੍ਰਾਈਵੇਟ ਕਲੀਨਿਕ ਮਰੀਜ਼ ਤੋਂ ਪਬਲਿਕ ਹਸਪਤਾਲ ਨਾਲੋਂ 11× ਜ਼ਿਆਦਾ ਫੀਸ ਉਗਰਾਹੀ ਕਰਦੇ ਹਨ। ਇਸ ਦਾ ਮਤਲਬ ਓਨਟਾਰੀਓ ਚੈਂਬਰ ਆਫ਼ ਕਾਮਰਸ ਆਪਣੀ



ਰਿਪੋਰਟ ਰਾਹੀਂ ਬ੍ਰਿਟਿਸ਼ ਸਿਹਤ ਵਿਵਸਥਾ ਨੂੰ ਏਕੀਕ੍ਰਿਤ ਹੈਲਥ ਵਿਵਸਥਾ ਮੰਨਣ ਅਤੇ ਇਸ ਦੀਆਂ ਪ੍ਰਾਪਤੀਆਂ ਨੂੰ ਦੱਸਣ ਲਈ ਗਲਤ ਤੱਥ ਪੇਸ਼ ਕਰਦੀ ਨਜ਼ਰ ਆ ਰਹੀ ਹੈ।

ਨਿੱਜੀਕਰਨ ਦੀ ਵਕਾਲਤ ਕਰਨ ਵਾਲੀ 'ਚੈਂਬਰ ਆਫ਼ ਕਾਮਰਸ' ਦੀ ਰਿਪੋਰਟ ਨੇ ਆਸਟ੍ਰੇਲੀਅਨ ਸਿਹਤ ਵਿਵਸਥਾ ਨੂੰ ਵੀ ਉਦਾਹਰਣ ਰੂਪ ਵਿਚ ਪੇਸ਼ ਕੀਤਾ ਹੈ ਅਤੇ ਇਹ ਵੀ ਤੱਥ ਆਧਾਰਿਤ ਨਜ਼ਰ ਨਹੀਂ ਆ ਰਹੀ। ਆਸਟ੍ਰੇਲੀਆ ਦੀ ਸਿਹਤ ਵਿਵਸਥਾ ਅੰਦਰ 'ਲੰਬੀ ਉਡੀਕ ਸੂਚੀ' ਲਈ ਕਰਵਾਏ ਗਏ ਸਰਵੇਖਣ ਅਨੁਸਾਰ ਇਥੇ ਪ੍ਰਾਈਵੇਟ ਸਿਹਤ ਅਦਾਰਿਆਂ ਅੰਦਰ ਜਾਣ ਵਾਲੇ ਅਮੀਰ ਲੋਕ ਚਾਹੇ ਝਟ-ਪਟ ਇਲਾਜ ਕਰਵਾ ਲੈਂਦੇ ਹਨ ਪਰ "ਉਡੀਕ ਸੂਚੀ" ਦੀ ਕਤਾਰ ਵਿਚ ਲੱਗੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਹੋਰ ਪਿਛੇ ਧੱਕ ਦਿੱਤਾ ਜਾਂਦਾ ਹੈ। ਪ੍ਰਾਈਵੇਟ ਸਿਹਤ ਅਦਾਰੇ ਪਬਲਿਕ ਖੇਤਰ ਦੇ ਹਸਪਤਾਲਾਂ ਦੇ ਸਿਹਤ ਸੋਮਿਆਂ ਦੀ ਵੀ ਵਰਤੋਂ ਕਰ ਜਾਂਦੇ ਹਨ ਅਤੇ ਪਬਲਿਕ ਸਿਹਤ ਅਦਾਰਿਆਂ ਦੇ ਮਰੀਜ਼ਾਂ ਲਈ ਇਲਾਜ ਉਡੀਕ ਸਮਾਂ ਹੋਰ ਲੰਬਾ ਹੋ ਜਾਂਦਾ ਹੈ। ਇਸ ਕਰਕੇ ਦੋਸ਼ਪੂਰਨ ਆਸਟ੍ਰੇਲੀਅਨ ਸਿਹਤ ਵਿਵਸਥਾ ਨੂੰ ਉਦਾਹਰਣ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਨੀ ਵਾਜਬ ਨਹੀਂ ਬਣਦੀ।

ਓਨਟਾਰੀਓ ਹੈਲਥ ਕੁਲੀਸ਼ਨ ਨੇ 'ਕਾਮਰਸ ਚੈਂਬਰ' ਦੇ ਉਸ ਦਾਅਵੇ ਦਾ ਵੀ ਖੰਡਨ ਕੀਤਾ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਕੈਨੇਡਾ ਦੇ ਓਨਟਾਰੀਓ ਸੂਬੇ ਨੇ ਇਲੈਕਟ੍ਰੋਨਿਕ ਹੈਲਥ ਰਿਕਾਰਡ ਸ਼ੁਰੂ ਹੀ ਨਹੀਂ ਕੀਤੇ ਅਤੇ ਐਮ .ਆਰ .ਆਈ . ਵਰਗੇ ਆਧੁਨਿਕ ਡਾਇਗਨੋਸਟਕ ਟੈਸਟਾਂ ਦੀ ਘਾਟ ਚਲ ਰਹੀ ਹੈ। ਕੁਲੀਸ਼ਨ ਨੇ ਸਪਸ਼ਟ ਕੀਤਾ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਕ 2015 ਦੇ ਆਖਿਰ ਤੱਕ ਸੂਬੇ ਦੇ 2/3 ਹਿੱਸਾ ਅਤੇ ਫੈਮਿਲੀ ਡਾਕਟਰਾਂ ਦਾ 80× ਹਿੱਸਾ ਈ-ਹੈਲਥ ਰਿਕਾਰਡ ਦੀ ਵਰਤੋਂ ਕਰ ਰਿਹਾ ਹੈ ਅਤੇ ਕੈਨੇਡਾ ਲਈ ਐਮ .ਆਰ .ਆਈ . ਟੈਸਟ ਹੁਣ ਆਧੁਨਿਕ ਨਹੀਂ ਕਹੀ ਜਾ ਸਕਦੀ ਕਿਉਂਕਿ ਇਹ ਦੇਸ਼ ਪਿਛਲੇ ਡੇਢ ਦਹਾਕੇ ਤੋਂ ਇਸ ਦੀ ਵਰਤੋਂ ਇਲਾਜ ਲਈ ਕਰ ਰਿਹਾ ਹੈ। ਹੈਲਥ ਕੁਲੀਸ਼ਨ ਨੇ ਚੈਂਬਰ ਆਫ਼ ਕਾਮਰਸ ਨੂੰ ਵਿਅੰਗਾਤਮਿਕ ਸਲਾਹ ਦਿੱਤੀ ਹੈ ਕਿ ਉਹ ਤਕਨੀਕ ਦੇ ਮਸਲੇ 'ਤੇ ਹੋਰ ਡੂੰਘਾਈ ਨਾਲ ਸਟੱਡੀ ਕਰ ਲੈਣ ਕਿਉਂਕਿ ਮਰੀਜ਼ ਦੇ ਇਲਾਜ ਲਈ ਡਾਕਟਰਾਂ ਵੱਲੋਂ ਅੰਧਾਧੂੰਦ ਅਤੇ ਜਲਦਬਾਜ਼ੀ ਨਾਲ ਉੱਚ-ਤਕਨੀਕ ਦੀ ਵਰਤੋਂ ਕਰਣ ਨਾਲ ਅਤੇ ਈ-ਹੈਲਥ ਤਕਨੀਕ ਦੇ ਮਹਿੰਗੇ ਹੋਣ ਕਾਰਨ, ਮਰੀਜ਼ਾਂ ਉਪਰ ਇਲਾਜ ਦੇ ਵੱਧ ਰਹੇ ਆਰਥਿਕ ਬੋਝ ਦਾ ਮਾੜੇ ਪੱਖ ਸਾਹਮਣੇ ਆ ਰਹੇ ਹਨ।

ਕੁਲੀਸ਼ਨ ਨੇ ਚੈਂਬਰ ਦੀ ਰਿਪੋਰਟ ਦਾ ਤਿੱਖਾ ਵਿਰੋਧ ਕੀਤਾ ਹੈ ਜਿਸ ਰਾਹੀਂ ਕਿਹਾ ਗਿਆ ਹੈ ਕਿ ਕੈਨੇਡੀਅਨ ਸਿਹਤ ਸੇਵਾਵਾਂ ਘੱਟ ਏਕੀਕ੍ਰਿਤ ਹੋਣ ਕਾਰਨ ਕੈਨੇਡਿਅਨ ਲੋਕਾਂ ਨੂੰ ਬਿਖਰੀਆਂ ਹੋਈਆਂ ਸਿਹਤ ਸੇਵਾਵਾਂ ਮਿਲ ਰਹੀਆਂ ਹਨ ਜਿਸ ਦਾ ਹੱਲ ਚੈਂਬਰ ਦੁਆਰਾ ਸਿਹਤ ਸੇਵਾਵਾਂ ਦਾ ਨਿੱਜੀਕਰਨ ਦੱਸਿਆ ਹੈ। ਹੈਲਥ ਕੁਲੀਸ਼ਨ ਨੇ ਸਪਸ਼ਟ ਕੀਤਾ ਹੈ ਕਿ ਕੈਨੇਡਾ ਵਿਚ ਜਨਤਕ ਖੇਤਰ ਦੀਆਂ ਗੈਰ ਮੁਨਾਫ਼ੇ ਵਾਲੀਆਂ ਸਿਹਤ ਵਿਵਸਥਾ ਪੂਰੀ ਤਰ੍ਹਾਂ ਸੰਗਠਤ ਟੀਮ ਦੇ ਆਧਾਰਤ ਹਨ ਜੋ ਕਿ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਰਾਹੀਂ ਦਿੱਤੀ ਜਾ ਰਹੀ ਹੈ। ਸਗੋਂ ਇਸ ਦੇ ਉਲਟ ਕੈਨੇਡਾ ਵਿਚ ਸਿਹਤ ਵਿਵਸਥਾ ਦਾ ਉਹ ਹੀ ਹਿੱਸਾ ਗੈਰ ਸੰਗਠਤ ਹੈ ਜਿਹੜਾ ਕਿ ਮੁਨਾਫ਼ਾ ਆਧਾਤਰ ਪ੍ਰਾਈਵੇਟ ਖੇਤਰ ਰਾਹੀਂ ਚਲਾਇਆ ਜਾ ਰਿਹਾ ਹੈ। ਇਸ ਨਿੱਜੀ ਖੇਤਰ ਰਾਹੀਂ ਹੋਮ ਕੇਅਰ ਸਿਹਤ ਸੰਭਾਲ, ਮੁਨਾਫ਼ਾ ਕਲੀਨਕ ਚਲਾਏ ਜਾ ਰਹੇ ਹਨ। ਇਨ੍ਹਾਂ ਪ੍ਰਾਈਵੇਟ ਅਦਾਰਿਆਂ ਦੀਆਂ ਸੁਵਿਧਾਵਾਂ ਬਿਖਰੀਆਂ ਹੋਣ ਕਰਕੇ ਮਰੀਜ਼ਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਇਨ੍ਹਾਂ ਹੋਮ ਕੇਅਰ ਅਤੇ ਮੁਨਾਫ਼ਾ ਕਲੀਨਿਕਾਂ ਦੀਆਂ ਹਜ਼ਾਰਾਂ ਹੀ ਅਲੱਗ-ਅਲੱਗ ਇਲਾਜ ਦਰਾਂ ਹਨ, ਅਲੱਗ-ਅਲੱਗ ਕੰਨਟਰੈਕਟ ਅਤੇ ਐਡਮਿਨਸਟੇਸ਼ਨਾਂ ਹਨ। ਇਨ੍ਹਾਂ ਵਿਚ ਮਰੀਜ਼ਾਂ ਨੂੰ ਆਪਣੇ ਲੋੜੀਂਦੇ ਇਲਾਜ ਪ੍ਰਾਪਤੀ ਲਈ ਫ਼ੀਸ ਕੰਪੇਅਰ ਕਰਨ ਲਈ ਇਕ ਕਲੀਨਿਕ ਤੋਂ ਦੂਸਰੇ ਕਲੀਨਿਕ, ਇਕ ਲੈਬਾਰਟਰੀ ਤੋਂ ਦੂਜੀ ਲੈਬਾਰਟਰੀ, ਇਕ ਹੋਮ ਕੇਅਰ ਤੋਂ ਦੂਜੇ ਹੋਮ-ਕੇਅਰ ਵਿੱਚ ਭਟਕਣਾ ਪੈਂਦਾ ਹੈ। ਚੈਂਬਰ ਆਫ਼ ਕਾਮਰਸ ਵਲੋਂ ਇਸ ਮੁਨਾਫ਼ੇ ਵਾਲੀ ਵਿਵਸਥਾ ਨੂੰ ਨਿੱਜੀਕਰਨ ਦੀ ਵਕਾਲਤ ਲਈ ਵਰਤਣਾ ਵਿਰੋਧਾਭਾਸ ਵਾਲਾ ਹਾਸੋਹਿਣਾ ਹੈ। ਕੈਨੇਡੀਅਨ ਸਿਹਤ ਸੇਵਾਵਾਂ ਦੇ ਨਿੱਜੀਕਰਨ ਵਾਲੇ ਦੋਸ਼ ਭਰਪੂਰ ਹਿੱਸੇ ਦੀਆਂ ਪ੍ਰੇਸ਼ਾਨੀਆਂ ਅਤੇ ਗੈਰ ਸੰਗਠਤ ਹੋਣ ਦਾ ਦੋਸ਼ ਠੀਕ ਕਰਨ ਦੀ ਬਜਾਏ ਉਲਟਾ ਇਸੇ ਮਾਡਲ ਨੂੰ ਸੰਗਠਿਤ ਕਾਰਜਕੁਸ਼ਲ ਹਿੱਸੇ ਵਾਲੇ ਪਬਲਿਕ ਖੇਤਰ ਦੇ ਮਾਡਲ ਨੂੰ ਤੋੜਣ ਵਾਲੀ ਵਕਾਲਤ ਲਈ ਵਰਤਿਆ ਜਾ ਸਕਦਾ। 'ਹੈਲਥ ਕੁਲੀਸ਼ਨ' ਨੇ ਚੈਂਬਰ ਦੀ ਰਿਪੋਰਟ ਨੂੰ ਆਪਾ ਵਿਰੋਧੀ ਦੱਸਦਿਆਂ ਰੱਦ ਕੀਤਾ ਹੈ।

ਹੈਲਥ ਕੁਲੀਸ਼ਨ ਨੇ ਚੈਂਬਰ ਆਫ਼ ਕਾਮਰਸ ਦੇ ਇਸ ਦੋਸ਼ ਨੂੰ ਵੀ ਗਲਤ ਦੱਸਿਆ ਹੈ ਜਿਸ ਰਾਹੀਂ ਉਸਨੇ ਕਿਹਾ ਹੈ ਕਿ ਕੈਨੇਡੀਅਨ ਲੋਕ ਨੂੰ ਸਿਰਫ਼ ਇਲਾਜ ਪ੍ਰਬੰਧ ਹੀ ਮਿਲ ਰਿਹਾ ਹੈ ਜਦਕਿ ਉਹ ਸਿਹਤ ਅਤੇ ਤੰਦਰੁਸਤੀ ਚਾਹੁੰਦੇ ਹਨ। ਹੈਲਥ ਕੁਲੀਸ਼ਨ ਨੇ ਇਸ ਨੂੰ ਨਿਰਆਧਾਰ ਦੱਸਦਿਆਂ ਸਪਸ਼ਟ ਕੀਤਾ ਹੈ ਕਿ ਕੈਨੇਡੀਅਨ ਸਿਹਤ ਵਿਵਸਥਾ ਮੁਕੰਮਲ ਅਧਾਰ-ਢਾਂਚੇ

(ਬਾਕੀ ਸਫ਼ਾ 29 'ਤੇ)








Earn **8-10%** Interest Annually


FMP Mortgage Investments Inc.




# ●TFSA ●RRSP ●CASH

## YOU CAN GET 8-10% FIXED ANNUAL RETURN

## DIVERSIFY INTO REAL ESTATE Through a Syndicate Mortgage




**Investment Example**

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

## SHERJANG SINGH RANA

Lic. # M14002019

**416.910.9000**

*www.fmpmortgages.com*

*rana@punjabinsurance.ca*

**ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ ਮਿਲੇਗਾ**

- **Minimum Investment $ 30,000**
- **Available to cash and registered plans including RRSP, RESP, LIRA, TFSA**

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10182) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.